ਅਪ੍ਰੈਲ-ਜੂਨ 2024

ਸਾਲ ਦੂਜਾ, ਅੰਕ ਸੱਤਵਾਂ

# ਉਡਾਣ

## ਵਿਗਿਆਨ ਗਲਪ ਮੈਗ਼ਜ਼ੀਨ




ਵਿਗਿਆਨ ਕਥਾ ਕਹਾਣੀਆਂ

ਕਵਿਤਾਵਾਂ ਲੇਖ ਤੇ

ਬੱਚਿਆਂ ਦਾ ਕੋਨਾ

https://www.udaanpunjabi.com/

## ਸਲਾਹਕਾਰ ਬੋਰਡ

ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

## ਸੰਪਾਦਕ

ਅਮਨਦੀਪ ਸਿੰਘ

## ਡਿਜ਼ਾਈਨ

ਅਮਨਦੀਪ ਸਿੰਘ

## ਚਿੱਤਰ

Microsoft BING AI

https://pixabay.com/

NASA



## ਈ-ਮੇਲ

punjabiscifi@gmail.com



## ਵੈੱਬਸਾਈਟ

https://udaanpunjabi.com

## ਸਮਾਜਿਕ

ਉਡਾਣ ਮੈਗ਼ਜ਼ੀਨ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ 'ਤੇ ਕਲਿੱਕ ਕਰੋ

ਇਸ ਮੈਗ਼ਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ udaanpunjabi.com 'ਤੇ ਆਰਡਰ ਕਰ ਸਕਦੇ ਹੋ।


## ਇਸ ਅੰਕ ਵਿਚ


3 ਸੰਪਾਦਕੀ - ਵਿਗਿਆਨ ਦਾ ਨਵਾਂ ਤੇ ਨਿਡਰ ਸੰਸਾਰ

4 ਮੈਂ ਮਾਂ...? :/ਅਜਮੇਰ ਸਿੱਧੂ

15 ਮੁਹਾਰਤ/ਡਾ. ਦੇਵਿੰਦਰ ਪਾਲ ਸਿੰਘ

20 ਕੁਝ ਹਲਕਾ-ਫੁਲਕਾ-ਵਿਗਿਆਨ ਦੇ ਚੁਟਕਲੇ

21 ਕੌਫ਼ੀ ਕਲਰ ਵਾਟਰ/-ਜਸਵੀਰ ਸਿੰਘ ਦੀਦਾਰਗੜ੍ਹ

29 ਅੰਗਰੇਜ਼ੀ ਵਿਗਿਆਨ ਗਲਪ ਕਹਾਣੀ - ਸਮੇਂ ਦੇ ਖਿਡਾਰੀ/ਗੈਰਥ ਡੀ. ਜੋਨਜ਼

31 ਜਦੋਂ ਮੈਂ ਗਿਆਨੀ ਖਗੋਲ ਵਿਗਿਆਨੀ ਨੂੰ ਸੁਣਿਆ/ਵਾਲਟ ਵ੍ਹਿਟਮੈਨ

32 ਮੌਤ ਦੀ ਭਵਿੱਖਬਾਣੀ/ਅਮਨਦੀਪ ਸਿੰਘ

34 ਸਮੁਦਾਇ ਪਰਸਿਥਤੀ - ਵਿਗਿਆਨ ਦੇ ਮੁਢੱਲੇ ਪੜਾਅ/ਡਾ ਜਸਬੀਰ ਸਿੰਘ ਸਰਨਾ

37 ਪੰਜਾਬੀ ਭਾਸ਼ਾ ਦਾ ਸੰਖੇਪ ਇਤਿਹਾਸ - ਇੱਕ ਨਵਾਂ ਪਰਿਪੇਖ/ਜਸਪਾਲ ਸਿੰਘ

38 ਪੁਸਤਕ/ਮੈਗ਼ਜ਼ੀਨ ਰੀਵਿਊ : ਕਹਾਣੀ ਪੰਜਾਬ

**ਬੱਚਿਆਂ ਦਾ ਕੋਨਾ**

40 ਗ਼ਰਦਿਸ਼/ਅਮਨਦੀਪ ਸਿੰਘ

42 ਇਕ ਨਵਾਂ ਸੂਰਜ/ਡਾ. ਦੇਵਿੰਦਰ ਪਾਲ ਸਿੰਘ

49 ਅਮਨ ਨੇ ਕੈਂਸਰ ਨੂੰ ਹਰਾ ਦਿੱਤਾ/ਪ੍ਰਿੰਸੀਪਲ ਵਿਜੈ ਕੁਮਾਰ

50 ਸਮੇਂ ਦੀ ਕਦਰ/ ਅਮਨਦੀਪ ਸਿੰਘ

51 ਬਿਜਲੀ/ਹਰੀ ਕ੍ਰਿਸ਼ਨ ਮਾਇਰ

52 ਓਜ਼ੋਨ ਪਰਤ/ਵਿਕਾਸ ਵਰਮਾ

52 ਸੂਰਜ/ਡਾ. ਤੇਜਿੰਦਰ ਹਰਜੀਤ

53 ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ



**ਅਪ੍ਰੈਲ-ਜੂਨ 2024**

**ਸਾਲ ਦੂਜਾ, ਅੰਕ ਸੱਤਵਾਂ**


## ਸਟਾਰਸ਼ਿੱਪ, ਮੁੱਖ ਪੰਨੇ ਦਾ ਚਿੱਤਰ: ਨਾਸਾ ਤੇ ਸਪੇਸ-ਐਕਸ ਤੋਂ ਧੰਨਵਾਦ ਸਹਿਤ

ਇਸ ਅੰਕ ਦੇ ਮੁੱਖ ਪੰਨੇ ਦੀ ਤਸਵੀਰ ਵਿਚ ਤੁਸੀਂ ਨਾਸਾ ਦੁਆਰਾ ਚੁਣਿਆ ਗਿਆ ਸਪੇਸ-ਐਕਸ ਕੰਪਨੀ ਦਾ ਸਟਾਰਸ਼ਿੱਪ ਵੇਖ ਰਹੇ ਹੋ, ਜੋ ਕਿ ਨਾਸਾ ਦੇ ਅਰਟੀਮਸ ਮਿਸ਼ਨ ਦੌਰਾਨ ਪੁਲਾੜ ਯਾਤਰੀਆਂ ਨੂੰ ਚੰਨ ਤੱਕ ਲੈ ਕੇ ਜਾਏਗਾ। ਉਹਨਾਂ ਪੁਲਾੜ ਯਾਤਰੀਆਂ ਵਿਚ ਇੱਕ ਔਰਤ ਵੀ ਸ਼ਾਮਿਲ ਹੋਏਗੀ। ਇਹ ਆਪਣੀ ਕਿਸਮ ਦਾ ਪਹਿਲਾ ਕਮਰਸ਼ੀਅਲ ਵਾਹਨ ਹੈ। ਇਸ ਤਰ੍ਹਾਂ ਆਪਣੇ ਸਪੇਸ ਲਾਂਚ ਸਿਸਟਮ, ਓਰਾਇਨ ਸਪੇਸਕ੍ਰਾਫਟ, ਸਪੇਸ-ਐਕਸ ਹਿਊਮਨ ਲੈਂਡਿੰਗ ਸਿਸਟਮ ਅਤੇ ਗੇਟਵੇ ਲੂਨਰ ਪੋਸਟ ਨਾਲ਼ ਨਾਸਾ ਤੇ ਉਸਦੇ ਕਮਰਸ਼ੀਅਲ ਭਾਗੀਦਾਰ ਚੰਦਰਮਾ ਤੇ ਖੋਜ ਲਈ ਵਾਪਸ ਜਾਣਗੇ, ਪਰ ਇਸਦੇ ਨਾਲ਼ ਹੀ ਉਹ ਆਰਥਿਕ ਫ਼ਾਇਦੇ ਤੇ ਨਵੀਆਂ ਪੀੜ੍ਹੀਆਂ ਲਈ ਪ੍ਰੇਰਣਾਸ੍ਰੋਤ ਦਾ ਕੰਮ ਵੀ ਕਰਨਗੇ। ਚੰਦਰਮਾ ਦੇ ਧਰਾਤਲ ਉੱਤੇ ਨਾਸਾ ਨੇ ਇੱਕ ਨਵਾਂ ਨਿਵਾਸ ਵਸਾਉਣ, ਰੋਵਰ ਤੇ ਇੱਕ ਨਵੇਂ ਬਿਜਲਈ ਸਿਸਟਮ ਨੂੰ ਟੈਸਟ ਕਰਨ ਦੀ ਯੋਜਨਾ ਵੀ ਤਿਆਰ ਕੀਤੀ ਹੈ। ਪਿੱਛੇ ਜਿਹੇ 14 ਮਾਰਚ ਨੂੰ ਸਪੇਸ-ਐਕਸ ਨੇ ਆਪਣੇ ਸਟਾਰਸ਼ਿੱਪ ਤੇ ਬੂਸਟਰ ਰੌਕੇਟ ਦਾ ਤੀਜਾ ਟੈਸਟ ਕੀਤਾ ਸੀ ਜੋ ਕਿ ਥੋੜ੍ਹੇ ਚਿਰ ਬਾਅਦ ਹੀ ਹਿੰਦ ਮਹਾਂਸਾਗਰ ਵਿਚ ਡਿਗ ਪਿਆ ਸੀ। ਪਰ ਨਾਸਾ ਤੇ ਸਪੇਸ-ਐਕਸ ਦੇ ਅਨੁਸਾਰ ਉਹ ਟੈਸਟ ਕਾਮਯਾਬ ਹੋਇਆ ਸੀ ਤੇ ਮਿਸ਼ਨ ਦਾ ਇੱਕ ਨਵਾਂ ਮੀਲ ਪੱਥਰ ਸੀ। ਪਿਛਲੇ ਸਾਲ ਉਸਦੀਆਂ ਦੋਵੇਂ ਉਡਾਣਾਂ ਕੁਝ ਮਿੰਟਾਂ ਬਾਅਦ ਹੀ ਇੱਕ ਧਮਾਕੇ ਨਾਲ਼ ਖ਼ਤਮ ਹੋ ਗਈਆਂ ਸਨ। ਪੂਰੀ ਤਰ੍ਹਾਂ ਤਿਆਰ ਹੋਣ ਤੋਂ ਬਾਅਦ, ਇਸ ਸਟਾਰਸ਼ਿੱਪ ਦੀ ਭਵਿੱਖ ਵਿਚ ਮੁੜ-ਵਰਤੋਂ ਕੀਤੀ ਜਾ ਸਕਦੀ ਹੈ।


*Udaan* is published quarterly by Amandeep Singh from 13 Bluebird Dr., Grafton, MA, USA.



© Copyrights 2024 Respective authors. The opinions expressed in this publication are those of the authors. They do not purport to reflect the opinions or views of the *Udaan* Magazine or its editorial team.

# ਸੰਪਾਦਕੀ - ਵਿਗਿਆਨ ਦਾ ਨਵਾਂ ਤੇ ਨਿਡਰ ਸੰਸਾਰ

ਫਰਵਰੀ 2024 ਵਿਚ ਆਪਣੀ ਤਰ੍ਹਾਂ ਦਾ ਸਭ ਤੋਂ ਪਹਿਲਾ ਫੈਸਲਾ ਕਰਦਿਆਂ ਅਮਰੀਕਾ ਦੇ ਪ੍ਰਾਂਤ ਅਲਾਬਾਮਾ ਦੇ ਸੁਪਰੀਮ ਕੋਰਟ ਨੇ ਕਿਹਾ ਕਿ ਬਰਫ਼ ਵਿਚ ਜੰਮਿਆ ਹੋਇਆ ਭਰੂਣ ਜੀਵਤ ਬੱਚਾ ਹੈ ਤੇ ਜੇ ਉਸਨੂੰ ਕੁਝ ਹੋ ਜਾਵੇ ਜਾਂ ਕੋਈ ਜਾਣ-ਬੁੱਝ ਕੇ ਉਸਨੂੰ ਖਤਮ ਕਰੇ ਤਾਂ ਉਸਨੂੰ ਸਜ਼ਾ ਹੋ ਸਕਦੀ ਹੈ। ਇਸਦਾ ਨਤੀਜਾ ਇਹ ਹੋਇਆ ਕਿ ਕਈ ਕੰਪਨੀਆਂ ਨੇ 'ਇਨ ਵਿਟਰੋ ਫਰਟੀਲਾਈਜ਼ੇਸ਼ਨ (IVF)' 'ਤੇ ਰੋਕ ਲਾ ਦਿੱਤੀ। ਉਹ ਪਰਿਵਾਰ ਜਿਹੜੇ ਇਸ ਵਿਧੀ ਨਾਲ਼ ਗਰਭ ਧਾਰਣ ਕਰ ਰਹੇ ਸਨ ਇਕ ਦਮ ਬਹੁਤ ਚਿੰਤਾ ਵਿਚ ਪੈ ਗਏ! ਹਾਲਾਂਕਿ ਬਾਅਦ ਵਿਚ ਅਲਬਾਮਾ ਦੇ ਰਾਜਪਾਲ ਤੇ ਰਾਜ ਸਭਾ ਨੇ ਇੱਕ ਨਵਾਂ ਕਨੂੰਨ ਬਣਾ ਕੇ ਕੰਪਨੀਆਂ ਤੇ ਪਰਿਵਾਰਾਂ ਨੂੰ ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਚਾਉ ਦਾ ਅਧਿਕਾਰ ਪ੍ਰਦਾਨ ਕਰ ਦਿੱਤਾ ਹੈ! ਇਸ ਤਰ੍ਹਾਂ ਦੀ ਗੱਲਬਾਤ ਅਜਮੇਰ ਸਿੱਧੂ ਦੀ ਕਹਾਣੀ 'ਮੈਂ ਮਾਂ' ਕਰਦੀ ਹੈ ਜਿਸ ਵਿਚ ਕਿਰਾਏ ਦੀ ਕੁੱਖ (ਸੁਰੋਗੇਸੀ - Surrogacy) ਦੇ ਰਾਹੀਂ ਪੈਦਾ ਕੀਤੇ ਬੱਚੇ 'ਤੇ ਸਿਰਫ਼ ਤੇ ਸਿਰਫ਼ ਆਪਣਾ ਮਾਂ ਹੋਣ ਦਾ ਹੱਕ ਮੰਗਣ ਲਈ ਸੰਘਰਸ਼ ਕਰਦੀ ਮਾਂ ਕਚਿਹਰੀਆਂ ਦੇ ਧੱਕੇ ਖਾਂਦੀ ਹੈ। ਦਿਨੋਂ-ਦਿਨ ਵਿਗਿਆਨ ਦੀਆਂ ਨਵੀਆਂ ਤੇ ਨਿਡਰ ਖੋਜਾਂ ਆਮ ਜਨਤਾ ਤੇ ਕਨੂੰਨ ਦੇ ਨੁਮਾਂਦਿਆਂ ਅੱਗੇ ਨਵੀਆਂ ਚੁਣੌਤੀਆਂ ਪੇਸ਼ ਕਰ ਰਹੀਆਂ ਹਨ।

'ਬਹੁਤਾ ਬੋਲਣੁ ਝਖਣੁ ਹੋਇ।।' ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ ਬਹੁਤਾ ਬੋਲਣਾ ਵਿਅਰਥ ਹੈ। ਇਸੇ ਭਾਵ ਨੂੰ ਦਰਸਾਉਂਦੀ ਡਾ. ਦੇਵਿੰਦਰ ਪਾਲ ਸਿੰਘ ਦੀ ਕਹਾਣੀ 'ਮੁਹਾਰਤ' ਪੰਛੀਆਂ ਤੇ ਜਾਨਵਰਾਂ ਨੂੰ ਸੱਚੇ ਦਿਲ ਨਾਲ਼ ਬੋਲਣਾ ਸਿਖਾਉਣ ਦੇ ਉੱਦਮ ਜਾਂ ਪ੍ਰਯੋਗ ਦੇ ਬੁਰੇ ਨਤੀਜੇ ਨੂੰ ਦਰਸਾਉਂਦੀ ਹੈ।

ਮਨੁੱਖ ਦੀ ਲਾਪਰਵਾਹੀ ਤੇ ਕਾਰਖਾਨਿਆਂ ਦੇ ਪ੍ਰਦੂਸ਼ਣ ਨਾਲ਼ ਨਿਰੰਤਰ ਗੰਧਲੇ ਹੋ ਰਹੇ ਪੰਜਾਬ ਦੇ ਪਾਣੀਆਂ ਦੇ ਦਰਦਨਾਕ ਪ੍ਰਭਾਵਾਂ ਨੂੰ ਸ਼ਿੱਦਤ ਨਾਲ਼ ਪੇਸ਼ ਕਰਦੀ ਜਸਵੀਰ ਸਿੰਘ ਦੀਦਾਰਗੜ੍ਹ ਦੀ ਕਹਾਣੀ 'ਕੌਫ਼ੀ ਕਲਰ ਵਾਟਰ' ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਅਸੀਂ ਇਸ ਵਰਤਾਰੇ ਨੂੰ ਰੋਕਣ ਲਈ ਕੀ ਕਰ ਸਕਦੇ ਹਾਂ?

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਸਾਨੂੰ ਅੰਗਰੇਜ਼ੀ ਦੇ ਵਿਗਿਆਨ ਗਲਪ ਲੇਖਕ ਗੈਰਥ ਡੀ. ਜੋਨਜ਼ ਦੀ ਕਹਾਣੀ 'ਸਮੇਂ ਦੇ ਖਿਡਾਰੀ' ਅਨੁਵਾਦ ਕਰਨ ਤੇ ਇਸ ਅੰਕ ਵਿਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ, ਜਿਸ ਵਿਚ ਸਮੇਂ ਦੇ ਵਿਚ ਯਾਤਰਾ ਕਰਦੇ ਇੱਕ ਰਿਐਲਿਟੀ ਟੀਵੀ ਲੜੀਵਾਰ ਸ਼ੋਅ ਦੀ ਆਡੀਸ਼ਨ ਨੂੰ ਬੜੇ ਰੌਚਿਕ ਤਰੀਕੇ ਨਾਲ਼ ਪੇਸ਼ ਕੀਤਾ ਗਿਆ ਹੈ।

ਮੇਰੀ ਲਿਖੀ ਕਹਾਣੀ 'ਮੌਤ ਦੀ ਭਵਿੱਖ ਬਾਣੀ' ਵੀ ਵਿਗਿਆਨ ਦੀ ਨਵੀਂ ਖੋਜ ਮਸਨੂਈ ਬੁੱਧੀ (AI) ਦੀ ਖ਼ਤਰਨਾਕ ਦੁਰਵਰਤੋਂ ਨੂੰ ਪੇਸ਼ ਕਰਦੀ ਹੈ।

ਡਾ ਜਸਬੀਰ ਸਿੰਘ ਸਰਨਾ ਦਾ ਲੇਖ 'ਸਮੁਦਾਇ ਪਰਸਿਥਤੀ - ਵਿਗਿਆਨ ਦੇ ਮੁਢੱਲੇ ਪੜਾਵਾਂ' ਬਾਰੇ ਵਿਲੱਖਣ ਜਾਣਕਾਰੀ ਦਿੰਦਾ ਹੈ।

ਇਸ ਅੰਕ ਦੇ ਬੱਚਿਆਂ ਦੇ ਕੋਨੇ ਵਿਚ 'ਗ਼ਰਦਿਸ਼' ਕਹਾਣੀ ਵਿਚ ਬ੍ਰਹਿਮੰਡ, ਸਿਤਾਰਿਆਂ ਤੇ ਗ੍ਰਹਿਆਂ ਦੀ ਗ਼ਰਦਿਸ਼ ਦੇ ਬੈਰੀਸੈਂਟਰ ਸੰਕਲਪ ਨੂੰ ਕਹਾਣੀ ਦੇ ਮਾਧਿਅਮ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਉਮੀਦ ਹੈ ਬੱਚੇ ਇਸ ਸੰਕਲਪ ਬਾਰੇ ਇੱਕ ਮਨੋਰੰਜਕ ਤੇ ਅਸਾਨ ਤਰੀਕੇ ਨਾਲ਼ ਜਾਣਕਾਰੀ ਪ੍ਰਾਪਤ ਕਰ ਸਕਣਗੇ। ਡਾ. ਦੇਵਿੰਦਰ ਪਾਲ ਸਿੰਘ ਦੀ ਕਹਾਣੀ 'ਇਕ ਨਵਾਂ ਸੂਰਜ', ਸੂਰਜ ਵਿਚ ਅਕਸਰ ਆਉਂਦੇ ਵਿਸਫੋਟਾਂ ਦੇ ਪ੍ਰਭਾਵ ਤੇ ਸੱਤ ਰੰਗਾਂ ਬਾਰੇ ਜਾਣਕਾਰੀ ਦੇਣ ਦਾ ਬਹੁਤ ਹੀ ਵਧੀਆ ਉਪਰਾਲਾ ਹੈ। ਪਿੱਛੇ ਜਿਹੇ, ਸੂਰਜ ਵਿਚ ਆਈ ਇੱਕ ਵੱਡੇ ਵਿਸਫੋਟ ਦੀ ਚਮਕ-ਦਮਕ 9 ਲੱਖ ਮੀਲ ਪ੍ਰਤੀ ਘੰਟੇ ਨਾਲ਼ ਪੁਲਾੜ ਵਿਚ ਫੈਲਣੀ ਸ਼ੁਰੂ ਹੋ ਗਈ ਤੇ ਧਰਤੀ ਤੱਕ ਆ ਪਹੁੰਚੀ ਤੇ ਜਿਸਦੇ ਕਾਰਨ ਆਸਟ੍ਰੇਲੀਆ ਤੇ ਦੱਖਣੀ ਏਸ਼ੀਆ ਵਿਚ ਕਾਫ਼ੀ ਜਗ੍ਹਾ ਬਿਜਲੀ ਚਲੀ ਜਾਣ ਕਰਕੇ ਬਲੈਕਆਊਟ ਹੋ ਗਿਆ ਤੇ ਸੰਚਾਰ ਦੇ ਸਾਧਨਾਂ ਵਿਚ ਵੀ ਰੁਕਾਵਟ ਆਈ।

ਪ੍ਰਿੰਸੀਪਲ ਵਿਜੈ ਕੁਮਾਰ ਦੀ ਕਹਾਣੀ 'ਅਮਨ ਨੇ ਕੈਂਸਰ ਨੂੰ ਹਰਾ ਦਿੱਤਾ' ਵਿਚ ਅਮਨ ਦੇ ਮਜ਼ਬੂਤ ਇਰਾਦਿਆਂ ਅੱਗੇ ਕੈਂਸਰ ਵੀ ਹਾਰ ਜਾਂਦਾ ਹੈ।

ਇਸੇ ਤਰ੍ਹਾਂ 'ਸੂਰਜ', 'ਓਜ਼ੋਨ ਪਰਤ' ਤੇ 'ਬਿਜਲੀ' ਕਵਿਤਾਵਾਂ ਬੱਚਿਆਂ ਨੂੰ ਖ਼ਾਸ ਜਾਣਕਾਰੀ ਦਿੰਦਿਆਂ ਉਹਨਾਂ ਵਿਚ ਪੜ੍ਹਨ, ਲਿਖਣ ਤੇ ਸੰਵੇਦਨਾ ਪੈਦਾ ਕਰਦੀਆਂ ਹਨ।

ਉਮੀਦ ਹੈ ਇਸ ਅੰਕ ਦੀਆਂ ਰਚਨਾਵਾਂ ਆਪ ਨੂੰ ਪਸੰਦ ਆਉਣਗੀਆਂ। ਹਮੇਸ਼ਾਂ ਦੀ ਤਰ੍ਹਾਂ ਆਪਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿੱਚ ...

~ ਅਮਨਦੀਪ ਸਿੰਘ, ਬੌਸਟਨ, ਅਮਰੀਕਾ

punjabiscifi@gmail.com

"ਉਡਾਣ" ਮੈਗ਼ਜ਼ੀਨ ਵਿੱਚ ਲੇਖਕਾਂ ਵਲੋਂ ਪ੍ਰਗਟਾਏ ਵਿਚ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਟੀਮ ਦਾ ਉਹਨਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ



# ਮੈਂ ਮਾਂ...? :

**ਅਜਮੇਰ ਸਿੱਧੂ**

ਮੈਂ ਈ ਉਹਦੀ ਜਨਮਦਾਤੀ ਆਂ ਪਰ ਉਸਦੇ ਸਰਟੀਫਿਕੇਟਸ ਦੇ ਮਾਂ ਵਾਲੇ ਕਾਲਮ ਵਿਚ ਮੇਰਾ ਨਾਂ ਨਹੀਂ ਏ।

ਮੈਂ ਰਾਤ ਸੁੱਤ-ਉਣੀਂਦੀ ਹਾਲਤ ਵਿਚ ਸੀ। ... ਉਹ ਮੇਰੇ ਨਾਲ ਖੇਡ ਰਿਹਾ ਸੀ। ਉਹ ਕਦੇ ਮੂੰਹ ਨਾਲ ਬੁਲਬੁਲੇ ਕੱਢਣ ਲੱਗ ਪੈਂਦਾ ਤੇ ਕਦੇ ਆਵਾ ਆਵਾ ਕਰਨ ਲੱਗ ਪੈਂਦਾ। ਫੇਰ ਉਹਨੇ ਆਪਣੇ ਪੈਰ ਮੇਰੇ ਮੂੰਹ ਨਾਲ ਲਾ ਲਏ। ਉਹ ਜ਼ੋਰ ਲਾਉਣ ਲੱਗ ਪਿਆ।... ਹੁਣ ਵੀ ਸਵੇਰੇ ਜਿਹੇ ਉਹ ਆਪਣੇ ਹੱਥ ਮੇਰੀਆਂ ਛਾਤੀਆਂ 'ਤੇ ਮਾਰਨ ਲੱਗ ਪਿਆ। ਮੈਂ ਉਹਨੂੰ ਫੀਡ ਦੇਣ ਲਈ ਸ਼ਰਟ ਦਾ ਪੱਲਾ ਚੁੱਕਿਆ ਹੀ ਸੀ ਕਿ ਮੇਰੀ ਅੱਖ ਖੁਲ੍ਹ ਗਈ।

ਇਸ ਵਕਤ ਬੈੱਡ 'ਤੇ ਮੈਂ ਇਕੱਲੀ ਪਈ ਹਾਂ। ਐਡਾ ਵੱਡਾ ਘਰ ਖਾਣ ਨੂੰ ਪੈ ਰਿਹਾ ਏ।

ਹੁਣ ਉਹ ਕਿਹੜਾ ਛੋਟਾ ਬੱਚਾ? ਚੌਵੀ ਸਾਲ ਦਾ ਹੋ ਗਿਆ ਹੋਵੇਗਾ। ਪਿਛਲੇ ਦਿਨੀਂ ਮੈਂ ਉਹਨੂੰ ਮਿਲਣ ਗਈ ਸੀ। ਜੁਆਨ ਮੁੰਡੇ ਨੂੰ ਦੇਖਦੀ ਰਹਿ ਗਈ ਪਰ ਉਸ ਮੇਰੇ ਵੱਲ ਪੁੱਤਾਂ ਦੀ ਤਰ੍ਹਾਂ ਨਹੀਂ ਸੀ ਦੇਖਿਆ। ਮਾਂ ਦੀ ਮਮਤਾ ਪਸੀਜੀ ਗਈ ਸੀ। ਹੰਝੂ ਵਗ ਤੁਰੇ ਸਨ। ਮੈਂ ਉੱਥੋਂ ਸਿੱਧੀ ਆਪਣੀ ਲਾਇਰ ਕੋਲ਼ ਗਈ ਸੀ।

ਕਿਮ ਨੇ ਕੋਰਟ ਵਿਚ ਇਕ ਹੋਰ ਕੇਸ ਫਾਈਲ ਕਰ ਦਿੱਤਾ ਸੀ। ਅੱਜ ਉਸ ਕੇਸ ਦਾ ਫੈਸਲਾ ਹੋਣੈ। ਮੈਂ ਪੂਰੀ ਰਾਤ ਚੰਗੀ ਤਰ੍ਹਾਂ ਸੌਂ ਨਹੀਂ ਸਕੀ।... ਉਹਦੀ ਤਾਂ ਮੇਰੇ ਕੋਲ਼ ਕੋਈ ਹੋਰ ਫੋਟੋ ਵੀ ਨਹੀਂ ਏ, ਸਿਵਾਏ ਜਨਮ ਵੇਲ਼ੇ ਦੀ ਇਕ ਫੋਟੋ ਤੋਂ। ਇਕ ਦਿਨ ਫੋਟੋ ਖਿੱਚਣ ਲਈ ਉਹਦੇ ਅੱਗੇ ਮਾਂ ਵਾਲੀ ਰੀਕਿਊਸਿਟ ਕਰਨ ਲੱਗੀ ਸੀ ਪਰ ਮੇਰੀ ਲਾਇਰ ਨੇ ਮਨ੍ਹਾ ਕਰ ਦਿੱਤਾ ਸੀ। ਵੈਸੇ ਜੱਜ ਕਿਤੇ ਔਬਜੈਕਸ਼ਨ ਕਰਨ ਲੱਗਾ ਸੀ?... ਮੈਨੂੰ ਤਾਂ ਜੱਜ 'ਤੇ ਅੱਜ ਵੀ ਭਰੋਸਾ ਏ। ਉਹ ਮੇਰਾ ਬੇਟਾ ਜੇ ਮੈਨੂੰ ਵਾਪਸ ਨਹੀਂ ਮੋੜੇਗਾ, ਘੱਟੋ ਘੱਟ ਮਾਂ ਦਾ ਹੱਕ ਤਾਂ ਦੁਆ ਹੀ ਦਏਗਾ?

ਪਿਛਲੀ ਹਿਅਰਿੰਗ ਵੇਲੇ ਜੱਜ ਨੇ ਏਹੀ ਕਿਹਾ ਸੀ—"ਮੈਨੂੰ ਲੱਗਦੈ ਇਹ ਨਿਵੇਕਲੀ ਕਿਸਮ ਦਾ ਕੇਸ ਸ਼ਾਇਦ ਪਹਿਲੀ ਵਾਰ ਅਦਾਲਤ ਵਿਚ ਆਇਆ ਏ।"

ਮੈਂ ਕੋਰਟ ਜਾਣਾਂ। ਅਜੇ ਵਕਤ ਬੜਾ ਪਿਆ। ਅੱਜ ਤੜਕੇ ਅੱਖ ਖੁਲ੍ਹ ਗਈ। ਬਾਹਰ ਤਾਂ ਬਹੁਤ ਜ਼ਿਆਦਾ ਹਨੇਰਾ...ਉਦੋਂ ਤਾਂ ਸਾਡੇ ਘਰ ਰੌਸ਼ਨੀ ਬੜੀ ਸੀ।

* * * * *

ਸ਼ਹਿਰ ਦੇ ਬਾਹਰ ਪੌਸ਼ ਏਰੀਏ ਵਿਚ ਸਾਡਾ ਬੰਗਲਾ ਸੀ। ਪੂਰੇ ਮਹੱਲੇ ਵਿਚ ਜਗਮਗ-ਜਗਮਗ ਕਰਦਾ। ਬੰਗਲੇ ਦੀ ਹਰ ਸ਼ੈਅ ਇੰਪੋਰਟਡ ਸੀ। ਮੈਨੂੰ ਬੰਗਲੇ ਤੇ ਸ਼ੈਆਂ ਨਾਲ ਅਟੈਚਮੈਂਟ ਨਹੀਂ ਸੀ। ਸੱਜੇ ਹੱਥ ਫੁੱਲਾਂ ਤੇ ਘਾਹ ਵਾਲਾ ਲਾਅਨ ਸੀ। ਖੱਬੇ ਹੱਥ ਬੜੇ ਬੜੇ ਬਿਰਖ ਜੰਗਲ ਦਾ ਭੁਲੇਖਾ ਪਾਉਂਦੇ ਸਨ। ਅੰਬਾਂ, ਜਾਮਣਾਂ ਤੇ ਹੋਰ ਫਲ਼ਾਂ ਵਾਲੇ ਰੁੱਖ ਵੀ ਕਿਹੜਾ ਘੱਟ ਸਨ। ਜਦੋਂ ਫਲ਼ ਲੱਗੇ ਹੁੰਦੇ, ਉਹਨਾਂ ਦਾ ਰਸੀਲਾ ਰੂਪ ਦੇਖਕੇ ਮੂੰਹ ਵਿਚ ਪਾਣੀ ਆ ਜਾਂਦਾ। ਮੈਂ ਤਾਂ ਫੁੱਲਾਂ ਨੂੰ... ਰੁੱਖਾਂ ਨੂੰ ਪਿਆਰ ਕਰਦੀ, ਜਾਂ ਮਾਲੀ ਚਾਚੇ ਨੂੰ, ਜੋ ਉਹਨਾਂ ਦੀ ਦੇਖ ਭਾਲ਼ ਕਰਦਾ। ਵੱਡੇ ਹਾਲ ਦੇ ਸਾਹਮਣੇ ਘਾਹ ਵਿਚ ਲਾਅਨ ਵਿਚ ਲੋਹੇ ਦੇ ਪਾਇਪਾਂ ਉੱਤੇ ਪੀਂਘ ਪਾਈ ਹੋਈ ਸੀ। ਅਸੀਂ ਤਿੰਨੋਂ ਭੈਣਾਂ, ਜਦੋਂ ਵੀ ਫਰੀ ਹੁੰਦੀਆਂ, ਪੀਂਘ ਝੂਟਣ ਲੱਗ ਪੈਂਦੀਆਂ। ਛੋਟੀ ਵਨੀਤਾ ਤਾਂ ਆਪਣੇ ਟੈਡੀ ਬੀਅਰਜ਼ ਨੂੰ ਵੀ ਝੂਟੇ ਦਿੰਦੀ।

ਬਾਹਰ ਪੰਛੀ ਜਾਗ ਪਏ ਹਨ। ਉਹ ਸਵੇਰ ਦਾ ਗੀਤ ਗਾ ਰਹੇ ਹਨ। ਉਦੋਂ ਵੀ ਸਾਡੇ ਰੁੱਖਾਂ ਉੱਤੇ ਪੰਛੀ ਚੀਂਅ-ਚੀਂਅ ਕਰਦੇ। ਅਸੀਂ ਤਿੰਨੋਂ ਕਦੇ ਕਮਰਿਆਂ ਦੇ ਅੰਦਰ ਤੇ ਕਦੇ ਲਾਅਨ ਵਿਚ ਚਿੜੀਆਂ ਵਾਂਗ ਨੱਚਦੀਆਂ ਟੱਪਦੀਆਂ ਫਿਰਦੀਆਂ। ਪਰ ਜਦੋਂ ਅਸੀਂ ਪੜ੍ਹਨ ਬੈਠ ਜਾਂਦੀਆਂ, ਪੱਤਾ ਵੀ ਨਾ ਹਿਲਦਾ। ਘਰ ਦੇ ਕੰਮ ਕਰਦਿਆਂ ਸਿਰਫ ਮੰਮਾਂ ਦੀ ਆਵਾਜ਼ ਆਉਂਦੀ। ਉਹ ਵੀ ਹੌਲ਼ੀ ਜਿਹੇ ਸਾਡੇ ਅੱਗੇ ਦੁੱਧ...ਡਰਾਈ ਫਰੂਟ ਰੱਖ ਜਾਂਦੇ। ਜਦੋਂ ਅਸੀਂ ਮੈਰਿਟ ਲਿਸਟ ਵਿਚ ਆਉਂਦੀਆਂ, ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਜਾਂਦਾ।"ਸਰੂਪ ਚੰਦ ਗੁਪਤਾ ਜੀ, ਭਗਵਾਨ ਸਭ ਨੂੰ ਤੁਹਾਡੀਆਂ ਬੇਟੀਆਂ ਵਰਗੀਆਂ ਧੀਆਂ ਦੇਵੇ," ਇਹ ਸੁਣਕੇ ਡੈਡੀ ਜੀ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ।

ਡੈਡੀ ਜੀ ਨੇ ਆਪਣੇ ਦੋ ਹਿੱਸੇਦਾਰਾਂ ਨਾਲ ਮਿਲ ਕੇ ਫੈਕਟਰੀ ਲਾਈ ਹੋਈ ਸੀ। ਡੈਡੀ ਜੀ ਤੇ ਡੈਡੀ ਦੇ ਦੋਸਤ ਬੈਂਕ ਅਧਿਕਾਰੀ ਸਨ। ਉਨ੍ਹਾਂ ਪ੍ਰੀਮੈਚਿਉਰ ਰਿਟਾਇਰਮੈਂਟ ਲੈ ਕੇ ਫੈਕਟਰੀ ਲਾਈ ਸੀ। ਉਦੋਂ ਫੈਕਟਰੀ ਲਾਈ ਨੂੰ ਅੱਠ ਸਾਲ ਹੋ ਗਏ ਸਨ। ਡੈਡੀ ਜੀ ਜਦੋਂ ਉੱਥੋਂ ਥੱਕੇ ਟੁੱਟੇ ਘਰ ਆਉਂਦੇ, ਸਾਨੂੰ ਪੜ੍ਹਦੀਆਂ, ਕੰਮ ਕਰਦੀਆਂ ਤੇ ਖੇਡਦੀਆਂ ਨੂੰ ਦੇਖ ਕੇ ਖੁਸ਼ ਹੋ ਜਾਂਦੇ। ਉਹ ਆਪਣੀ ਸਾਰੀ ਥਕਾਵਟ ਭੁੱਲ ਜਾਂਦੇ। ਹਮੇਸ਼ਾ ਕਹਿੰਦੇ-- 'ਗਣਪਤੀ ਬੱਪਾ ਮੈਨੂੰ ਇੰਨੀ ਸ਼ਕਤੀ ਬਖਸ਼ ਕਿ ਆਪਣੀਆਂ ਤਿੰਨੋਂ ਬੇਟੀਆਂ ਨੂੰ ਬੈੱਸਟ ਐਜੂਕੇਸ਼ਨ ਦੇ ਸਕਾਂ।' ਸਾਡਾ ਕੈਰੀਅਰ ਬਣਾਉਣਾ ਉਨ੍ਹਾਂ ਦਾ ਸਭ ਤੋਂ ਵੱਡਾ ਏਮ ਸੀ।

ਡੈਡੀ ਜੀ ਨੂੰ ਧੀਆਂ 'ਤੇ ਮਾਣ ਵੀ ਬੜਾ ਸੀ। ਖਾਸ ਤੌਰ 'ਤੇ ਉਹ ਮੇਰੇ ਤੋਂ ਬਹੁਤ ਆਸਾਂ ਰੱਖਦੇ ਸਨ। ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਮੈਂ ਆਈ ਆਈ ਟੀ ਲਈ ਜੇ ਈ ਈ ਦੀ ਪਰੀਖਿਆ ਦੇਸ ਭਰ ਦੇ ਹਜ਼ਾਰਾਂ ਲੱਖਾਂ ਵਿਦਿਆਰਥੀਆਂ ਵਿਚੋਂ ਚੰਗਾ ਰੈਂਕ ਲੈ ਕੇ ਪਾਸ ਕਰ ਲਈ। ਮੰਮੀ ਤਾਂ ਘਰ ਤੋਂ ਦੂਰ ਇਕੱਲੀ ਇਕਹਿਰੀ ਕੁੜੀ ਨੂੰ ਭੇਜਣਾ ਨਹੀਂ ਚਾਹੁੰਦੇ ਸਨ ਪਰ ਡੈਡੀ ਜੀ ਨੂੰ ਮੇਰੇ 'ਤੇ ਯਕੀਨ ਸੀ। ਸਾਢੇ ਚਾਰ ਸਾਲ ਬਾਅਦ ਸਮਾਜ ਵਿਚ ਉਨ੍ਹਾਂ ਦਾ ਕੱਦ-ਕਾਠ ਹੋਰ ਉੱਚਾ ਹੋ ਗਿਆ ਜਦੋਂ ਮੈਂ ਮਕੈਨੀਕਲ ਇੰਜੀਨੀਅਰਿੰਗ ਵਿਚ ਬੀ ਟੈੱਕ ਕਰ ਲਈ। ਉਹਨਾਂ ਸਾਲਾਂ ਵਿਚ ਕੋਈ ਕੋਈ ਕੁੜੀ ਹੀ ਬੀ ਟੈੱਕ ਕਰਦੀ ਸੀ। ਡੈਡੀ ਜੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ।"ਬੇਟੀ ਸੁਧਾ, ਤੂੰ ਥੋੜ੍ਹਾ ਟਾਈਮ ਜੌਬ ਕਰ ਲੈ। ਸਾਡਾ ਬਿਜ਼ਨਿਸ ਘਾਟੇ ਵਿਚ ਚੱਲ ਰਿਹੈ। ਦੋ-ਤਿੰਨ ਸਾਲ ਵਿਚ ਅਸੀਂ ਪੈਰਾਂ ਸਿਰ ਹੋ ਜਾਵਾਂਗੇ।... ਫਿਰ ਤੈਨੂੰ ਯੂ ਐੱਸ ਏ ਤੋਂ ਐੱਮ ਟੈੱਕ ਕਰਾਉਣੀ ਏਂ। ਤੂੰ ਉੱਥੇ ਈ ਸੈਟਲ ਹੋ ਜਾਈਂ। ਮੈਂ ਤੈਨੂੰ ਟਾਪ 'ਤੇ ਪਹੁੰਚਾਣਾ। ਛੋਟੀਆਂ ਨੂੰ ਸੈੱਟ ਕਰਨ ਦੀ ਤੇਰੀ ਡਿਊਟੀ।" ਡੈਡੀ ਮੇਰੇ ਚੰਗੇ ਨੰਬਰ ਦੇਖ ਕੇ ਖੁਸ਼ ਹੋਏ ਪਏ ਸਨ।

ਉਦੋਂ ਮੈਂ ਅਜੇ ਅੱਠਵੇਂ ਸਮੈਸਟਰ ਵਿਚ ਹੀ ਸੀ, ਜਦੋਂ ਮੇਰੀ ਇਕ ਆਟਮੋਬਾਈਲ ਕੰਪਨੀ ਵਿਚ ਪਲੇਸਮੈਂਟ ਹੋ ਗਈ ਸੀ। ਮੈਨੂੰ ਤਿੰਨ ਲੱਖ ਰੁਪਏ ਸਾਲਾਨਾ ਪੈਕੇਜ ਮਿਲਿਆ ਸੀ। ਜਿਉਂ ਹੀ ਨਤੀਜਾ ਆਇਆ, ਮੈਂ ਡੈਡੀ ਜੀ ਦੀ ਸਲਾਹ ਨਾਲ ਨੋਇਡਾ ਦੀ ਇਹ ਕਾਰ ਕੰਪਨੀ ਜੁਆਇਨ ਕਰ ਲਈ। ਇਹ ਦਿਨ ਮੇਰੇ ਲਈ ਲੁੱਡੀਆਂ ਪਾਉਣ ਵਾਲੇ ਦਿਨ ਸਨ।

ਮੈਂ ਪਹਿਲੇ ਦਿਨ ਇਸ ਮਾਣ ਨਾਲ਼ ਡਿਊਟੀ ਗਈ ਸੀ ਕਿ ਮੈਂ ਇੰਜੀਨੀਅਰ ਹਾਂ ਤੇ ਮੈਨੂੰ ਪਾਰਟਸ ਬਣਾਉਣ ਜਾਂ ਕੋਈ ਫਿਊਚਰ ਪਲੈਨਿੰਗ ਕਰਨ ਲਈ ਕਿਹਾ ਜਾਵੇਗਾ। ਪਰ ਉਹਨਾਂ ਮੈਨੂੰ ਕਲਰ ਡਿਜ਼ਾਈਨਿੰਗ ਸੈਕਸ਼ਨ ਵਿਚ ਡੈਸ਼ ਬੋਰਡ ਦੀ ਫਿਨਿਸ਼ਿੰਗ ਕਰਨ ਲਾ ਦਿੱਤਾ। ਮੇਰਾ ਦੋਸਤ ਤੇ ਕਲਾਸਫੈਲੋ ਰਾਜੀਵ ਗਰਗ ਉੱਥੇ ਵੈਲਡਿੰਗ ਸੈਕਸ਼ਨ ਵਿਚ ਵਰਕਰਜ਼ ਨਾਲ ਵੈਲਡਿੰਗ ਕਰ ਰਿਹਾ ਸੀ। ਉਹ ਰੰਗ ਨਾਲ ਲਿਬੜੇ ਮੇਰੇ ਹੱਥ ਦੇਖ-ਦੇਖ ਹੱਸੀ ਜਾ ਰਿਹਾ ਸੀ। ਤਿੰਨ ਮਹੀਨੇ ਪਿੱਛੋਂ ਸਾਨੂੰ ਅਸਲ ਡਿਊਟੀ ਦਿੱਤੀ ਗਈ। ਮੈਂ ਡੈਸ਼ ਬੋਰਡ ਬਣਾਉਣ ਦੀ ਪਲੈਨਿੰਗ ਕਰਨ ਲੱਗੀ। ਸਾਲ ਪਿੱਛੋਂ ਪੈਕਿਜ ਵਿਚ ਮਾਮੂਲੀ ਵਾਧਾ ਕਰ ਦਿੱਤਾ ਗਿਆ।

ਮੇਰਾ ਤੇ ਰਾਜੀਵ ਦਾ ਅਪਾਰਟਮੈਂਟ ਨੇੜੇ ਨੇੜੇ ਹੀ ਸੀ। ਰੋਜ਼ ਮਿਲਦੇ ਸਾਂ। ਇਕੱਠੇ ਫਿਲਮ ਦੇਖਣ ਤੇ ਰੈਸਟੋਰੈਂਟ ਜਾਂਦੇ ਸਾਂ। ਮੇਰੇ ਮਨ ਦੀ ਸਕਰੀਨ 'ਤੇ ਬਿਖਰੇ ਰੰਗਾਂ ਵਿਚ ਉਸਨੇ ਆਪਣੇ ਆਪ ਨੂੰ ਰੰਗ ਲਿਆ ਸੀ ਤੇ ਮੈਂ ਉਹਦੇ ਰੰਗਾਂ ਵਿਚ। ਸਾਡੀ ਅਟੈਚਮੈਂਟ ਹੋ ਚੁੱਕੀ ਸੀ। ਡੈਡੀ ਜੀ ਫੌਰਨ ਤੋਂ ਇੰਜੀਨੀਅਰਿੰਗ ਦੀ ਮਾਸਟਰਜ਼ ਕਰਵਾਉਣ ਲਈ ਕਾਹਲੇ ਸਨ। ਰਾਜੀਵ ਨਹੀਂ ਸੀ ਚਾਹੁੰਦਾ ਕਿ ਮੈਂ ਉਹਨੂੰ ਛੱਡ ਕੇ ਜਾਵਾਂ। ਮੈਂ ਦੁਬਿਧਾ ਵਿਚ ਫਸ ਗਈ ਸੀ ਕਿ ਮਾਸਟਰਜ਼ ਕਰਾਂ ਜਾਂ ਨਾ, ਪਰ ਡੈਡੀ ਜੀ ਦੇ ਕਹਿਣ 'ਤੇ ਅਕੈਡਮੀ ਤੋਂ ਕੋਚਿੰਗ ਲੈਣੀ ਸ਼ੁਰੂ ਕੀਤੀ। ਇਸ ਪਿੱਛੋਂ ਮੈਂ ਚੰਗੇ ਸਕੋਰ ਵਿਚ ਗ੍ਰੈਜੂਏਟ ਰਿਕਾਰਡ ਐਗਜ਼ਾਮੀਨੇਸ਼ਨ (ਜੀ ਆਰ ਈ) ਪਾਸ ਕਰ ਗਈ। ਜਿਸ ਦਿਨ ਰਿਜ਼ਲਟ ਆਇਆ, ਉਸੇ ਦਿਨ ਐਕਸੀਡੈਂਟ ਵਿਚ ਡੈਡੀ ਜੀ ਦੀ ਮੌਤ ਹੋ ਗਈ। ਉਹ ਰਿਜ਼ਲਟ ਸੁਣਕੇ ਹੀ ਪੈਸਿਆਂ ਦਾ ਅਰੇਂਜਮੈਂਟ ਕਰਨ ਲਈ ਘਰੋਂ ਨਿਕਲੇ ਸਨ। ਬਸ ਰਾਹ ਵਿਚ ਹੀ...।

... ਹੰਝੂਆਂ ਨੇ ਸਿਰ੍ਹਾਣਾ ਗਿੱਲਾ ਕਰ ਦਿੱਤਾ ਏ। ਮੇਰੇ ਹੱਥ ਕੰਬ ਰਹੇ ਨੇ ਤੇ ਦੰਦ ਵੱਜ ਰਹੇ ਹਨ। ਜਦੋਂ ਵੀ ਮੈਂ ਉਹ ਸੀਨ ਚਿਤਵਦੀ ਹਾਂ, ਡਰ ਜਾਂਦੀ ਹਾਂ। ਕਾਂਬਾ ਛਿੜ ਜਾਂਦਾ ਏ। ਡੈਡੀ ਜੀ ਦਾ ਸਿਰ ਖੱਖੜੀਆਂ ਹੋਇਆ ਪਿਆ ਸੀ। ਇਕ ਲੱਤ ਤਾਂ ਨਾਲ ਈ ਨਹੀਂ ਸੀ।... ਉੱਠ ਕੇ ਬਹਿ ਗਈ ਆਂ। ਰਾਤ ਵੀ ਇਕੋ-ਟੱਕ ਡੈਡੀ ਜੀ ਦੀ ਫੋਟੋ ਵੱਲ ਦੇਖਦੀ ਰਹੀ।... ਮੈਂ ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਸੰਭਾਲਿਆ ਏ।

ਮੇਰੀ ਖੁਸ਼ੀ ਗ਼ਮੀ ਵਿਚ ਬਦਲ ਗਈ ਸੀ। ਕਈ ਮਹੀਨੇ ਮੈਂ ਡਿਪਰੈਸ਼ਨ ਵਿਚ ਰਹੀ। ਰਾਜੀਵ ਬਥੇਰਾ ਦਿਲ ਲਾਉਣ ਦੀ ਕੋਸ਼ਿਸ਼ ਕਰਦਾ। ਮੰਮੀ ਵੀ ਸਮਝਾਉਂਦੀ ਰਹਿੰਦੀ ਪਰ ਮੈਂ ਐਕਸੀਡੈਂਟ ਦੇ ਡਰ ਵਿਚੋਂ ਨਿਕਲ ਨਾ ਸਕੀ। ਅਸੀਂ ਅਜੇ ਮਾਤਮ ਹੀ ਮਨਾ ਰਹੀਆਂ ਸਾਂ, ਫੈਕਟਰੀ ਦੇ ਪਾਰਟਨਰਜ਼ ਨੇ ਪਰਿਵਾਰ ਦੇ ਹੱਥ ਖਾਲੀ ਠੂਠਾ ਫੜਾ ਦਿੱਤਾ ਸੀ। ਜੋ ਦੇਣਦਾਰੀਆਂ ਤੇ ਬੈਂਕ ਦੇ ਲੋਨ ਸਨ, ਦਾ ਹਿਸਾਬ ਕੱਢ ਕੇ ਮੇਰੀ ਮੰਮੀ ਮੋਹਰੇ ਰੱਖ ਦਿੱਤਾ ਸੀ। ਮੰਮਾ ਨੂੰ ਮੁੜ ਗਸ਼ੀਆਂ ਪੈਣ ਲੱਗ ਪਈਆਂ ਸਨ।

ਛੋਟੀ ਜਿਹੀ ਫੈਕਟਰੀ ਸੀ। ਫਿਰ ਵੀ ਉਨ੍ਹਾਂ ਕੋਲੋਂ ਚੱਲ ਨਹੀਂ ਸੀ ਸਕੀ। ਜਲਦੀ ਹੀ ਫੈਕਟਰੀ ਬੈਂਕਰਪਟ ਹੋ ਗਈ। ਮੰਮੀ ਨੇ ਤਾਂ ਬਸ ਬੈੱਡ ਹੀ ਮੱਲ ਲਿਆ। ਮਾਲਤੀ ਤੇ ਵਨੀਤਾ ਦਾ ਰੋਣ ਠੱਲ੍ਹਿਆ ਨਹੀਂ ਸੀ ਜਾਂਦਾ। ਉਹ ਭੈਣਾਂ ਜੋ ਹਮੇਸ਼ਾ ਮੈਨੂੰ ਖੁਸ਼ ਰੱਖਦੀਆਂ, ਜਿਨ੍ਹਾਂ ਦੇ ਚਿਹਰੇ ਹਸੰੁ ਹਸੂੰ ਕਰਦੇ ਰਹਿੰਦੇ ਸਨ, ਉਹ ਮੁਰਝਾ ਗਏ ਸਨ। ਮੈਨੂੰ ਡਰੀ ਹੋਈ ਨੂੰ ਕੁਝ ਸੁੱਝ ਨਹੀਂ ਸੀ ਰਿਹਾ। ਮੈਂ ਹੁਣ ਨਾਲੋਂ ਬਹੁਤ ਜ਼ਿਆਦਾ ਸਹਿਮ ਗਈ ਸੀ। ਅਕਸਰ ਮੈਨੂੰ ਰਾਜੀਵ ਹੌਸਲਾ ਦਿੰਦਾ ਪਰ ਮੇਰੀਆਂ ਅੱਖਾਂ ਅੱਗੇ ਹਨੇਰਾ ਹੀ ਹਨੇਰਾ ਸੀ। ਮੇਰੀਆਂ ਭੈਣਾਂ ਦਾ ਫਿਊਚਰ ਖਤਰੇ ਵਿਚ ਸੀ। ਅੱਜ ਤੋਂ ਕਰੀਬ ਚੌਵੀ ਪੱਚੀ ਸਾਲ ਪਹਿਲਾਂ ਦਿੱਲੀ ਵਰਗੇ ਮੈਟਰੋ ਸਿਟੀ ਵਿਚ ਤਿੰਨ ਸਵਾ ਤਿੰਨ ਲੱਖ ਦਾ ਸਾਲਾਨਾ ਪੈਕਿਜ ਜ਼ਿਆਦਾ ਤਾਂ ਨਹੀਂ ਸੀ ਪਰ ਗੁਜ਼ਾਰਾ ਹੀ ਹੁੰਦਾ ਸੀ। ਮਹਿੰਗਾਈ ਦੇ ਦੌਰ ਵਿਚ ਕਰਜ਼ੇ ਵਿਚ ਡੁੱਬੇ ਘਰ ਨੂੰ ਕਿਸ ਤਰ੍ਹਾਂ ਬਚਾਉਂਦੀ? ਮੇਰੇ ਲਈ ਇਹ ਅਹਿਮ ਸਵਾਲ ਸੀ।

ਮੈਂ ਆਪਣੇ ਖਰਚ ਘਟਾ ਲਏ। ਆਪਣਾ ਅਪਾਰਟਮੈਂਟ ਛੱਡਕੇ ਰਾਜੀਵ ਦੀ ਰੂਮਮੇਟ ਬਣ ਗਈ। ਜੋ ਪੈਸੇ ਜੋੜਦੀ, ਉਹ ਭੈਣਾਂ ਦੀ ਪੜ੍ਹਾਈ 'ਤੇ ਲੱਗੀ ਜਾਂਦੇ। ਮੈਂ ਹਰ ਵਕਤ ਪੈਸੇ ਕਮਾਉਣ, ਮਾਸਟਰਜ਼ ਕਰਨ ਤੇ ਭੈਣਾਂ ਦੀ ਸਟੱਡੀ ਬਾਰੇ ਸੋਚਦੀ ਰਹਿੰਦੀ। ਜੀ ਆਰ ਈ ਟੈਸਟ ਮੈਂ ਪਾਸ ਕੀਤਾ ਹੋਇਆ ਸੀ। ਮੈਂ ਅਮਰੀਕਾ ਜਾ ਕੇ ਇੰਜੀਨੀਅਰਿੰਗ ਦੇ ਐੱਮ ਐੱਸ ਭਾਵ ਐੱਮ ਟੈੱਕ ਕਰਨ ਦਾ ਸੋਚਦੀ ਪਰ ਮੇਰੇ ਲਈ ਦੋ ਸਾਲ ਦਾ ਖਰਚ ਚੁੱਕਣਾ ਬਹੁਤ ਔਖਾ ਸੀ। ਸੋਚਦੀ - ਨਾਲੇ ਕੰਮ ਕਰ ਲਵਾਂਗੀ, ਨਾਲੇ ਪੜ੍ਹ ਲਵਾਂਗੀ। ਆਪਣੀ ਸੋਚ ਮੈਂ ਆਪ ਹੀ ਰੱਦ ਕਰ ਦਿੰਦੀ - ਪੜ੍ਹ ਹੋਏਗਾ ਜਾਂ ਕੰਮ ਹੋਏਗਾ। ਡੈਡੀ ਜੀ ਦਾ ਸੁਪਨਾ ਸੀ, ਮੈਂ ਚੰਗੇ ਸਕੋਰ ਵਾਲੀ ਇੰਜੀਨੀਅਰ ਬਣਾਂ।... ਪਰ ਮੇਰਿਆ ਬਾਬਲਾ, ਮੈਂ ਕੀ ਕਰਾਂ? ਮੈਂ ਸਿਰ੍ਹਾਣਿਆਂ ਵਿਚ ਸਿਰ ਦੇ-ਦੇ ਰੋਂਦੀ। ਹੁਣ ਵੀ ਰੋਈ ਜਾ ਰਹੀ ਹਾਂ।

'ਕੀ ਪੜ੍ਹੀ-ਲਿਖੀ, ਤੰਦਰੁਸਤ ਤੇ ਹਾਈ ਫੈਮਿਲੀ ਦੀ ਲੜਕੀ ਜਾਂ ਔਰਤ ਕਿਸੇ ਦੀ ਮਦਦ ਲਈ ਅੱਗੇ ਆ ਸਕਦੀ ਹੈ? ਉਹ ਉਸਦੀ ਮਦਦ ਕਰਨਗੇ।'

ਇਕ ਦਿਨ ਅਖਬਾਰ ਵਿਚ 'ਡਾਂਗੀ ਆਈ ਵੀ ਐੱਫ ਸੈਂਟਰ' ਦੀ ਇਹ ਐਡ ਮੇਰੀ ਨਜ਼ਰੀਂ ਚੜ੍ਹੀ। ਮੈਂ ਡਰਦੀ-ਡਰਦੀ ਸੈਂਟਰ ਗਈ ਸੀ। ਸਿਸਟਰ ਨੇ ਮੇਰੇ ਤੋਂ ਬਾਇਓਡਾਟਾ ਭਰਵਾ ਕੇ ਕੰਪਿਊਟਰ ਵਿਚ ਸੇਵ ਕੀਤਾ। ਉਨ੍ਹਾਂ ਸਰੀਰ ਦੀ ਬਿਮਾਰੀ, ਜ਼ਿਹਨੀ ਤੇ ਸਰੀਰਕ ਤੰਦਰੁਸਤੀ, ਸਹਿਣ ਸ਼ਕਤੀ, ਆਦਤਾਂ, ਸਮਰੱਥਾ ਤੇ ਯੋਗਤਾ ਆਦਿ ਜਾਨਣ ਲਈ ਜੀਨੋਮ ਦੀ ਸੀਕੁਐਂਸ ਦੀ ਵੀ ਜਾਂਚ ਕੀਤੀ। ਉੱਥੇ ਹੋਰ ਵੀ ਬਹੁਤ ਸਾਰੀਆਂ ਔਰਤਾਂ ਅਜਿਹਾ ਕਰਵਾ ਰਹੀਆਂ ਸਨ।

"ਮਿਸ ਗੁਪਤਾ, ਇਕ ਔਲਾਦ ਤੋਂ ਬਾਂਝ ਜੋੜਾ ਏ। ਤੁਸੀਂ ਉਹਨਾਂ ਦੀ ਮਦਦ ਕਰਨੀ ਏਂ। ਉਨ੍ਹਾਂ ਦਾ ਬੱਚਾ ਤੁਹਾਡੀ ਕੁੱਖ ਵਿਚ ਪਲ਼ੇਗਾ। ਭਾਵ ਕਿ ਤੁਸੀਂ ਸਰੋਗੇਟ ਮਦਰ ਬਣਨਾ ਪਸੰਦ ਕਰੋਗੇ?" ਡਾਕਟਰ ਮੇਰੇ ਨਾਲ ਡੀਲ ਕਰਨ ਲੱਗਾ ਸੀ।

"ਨਹੀਂ ਸਰ।" ਸਰੋਗੇਟ ਮਦਰ ਬਣਨਾ ਸੁਣ ਕੇ ਘਬਰਾ ਗਈ ਸੀ।

"ਮਿਸ ਗੁਪਤਾ, ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਤੁਸੀਂ ਇਕ ਉਦਾਸ ਪਰਿਵਾਰ ਦੇ ਵਿਹੜੇ ਵਿਚ ਖੁਸ਼ੀਆਂ ਲਿਆਣੀਆਂ ਨੇ।" ਡਾਕਟਰ ਮਮਤਾ ਡਾਂਗੀ ਵੀ ਮੈਨੂੰ ਮਨਾਉਣ ਲੱਗੀ।

ਮੈਂ ਕਰਸੀ ਤੋਂ ਉਠ ਕੇ ਖੜ੍ਹੀ ਹੋ ਗਈ। ਡਾਕਟਰ ਨੇ ਆਖਰੀ ਤੀਰ ਛੱਡਿਆ- "ਕਿਸੇ ਨੂੰ ਖੁਸ਼ੀ ਦੇਣੀ ਬਹੁਤ ਵੱਡਾ ਪੁੰਨ ਆ। ਨਾਲੇ ਉਹ ਤੁਹਾਨੂੰ ਤੁਹਾਡੀ ਦਸ ਸਾਲ ਦੀ ਸੈਲਰੀ ਜਿੰਨਾ ਪੇਅ ਕਰਨਗੇ।... ਮਨ ਬਣਾ ਕੇ ਵੀਕ ਤਕ ਦੱਸ ਦੇਣਾ।"

ਮੈਂ ਅਨਮੈਰਿਡ ਮਾਂ ਬਣਨ ਬਾਰੇ ਸੋਚ ਵੀ ਨਹੀਂ ਸਕਦੀ ਸੀ। ਐਸੇ ਬੱਚੇ ਦੀ, ਜਿਸਦੀ ਮੈਂ ਮੰਮ ਨਾ ਕਹਾ ਸਕਦੀ ਹੋਵਾਂ। ਮੈਂ ਸੈਂਟਰ 'ਚੋਂ ਤੇਜ਼ੀ ਨਾਲ ਨਿਕਲ ਕੇ ਟੈਕਸੀ ਫੜ ਲਈ ਸੀ। ਆਪਣੇ ਅਪਾਰਟਮੈਂਟ ਵਿਚ ਪਹੁੰਚ ਕੇ ਬੈੱਡ 'ਤੇ ਗਿਰਦੇ ਸਾਰ, ਮੇਰੇ ਹਟਕੋਰੇ ਉੱਚੇ ਹੋ ਗਏ। ਮੈਂ ਡੈਡੀ ਜੀ ਦੀ ਤਸਵੀਰ 'ਤੇ ਸਿਰ ਰੱਖ ਕੇ ਬਹੁਤ ਰੋਈ। 'ਜੇ ਡੈਡੀ ਜੀ ਅੱਜ ਜਿਉਂਦੇ ਹੁੰਦੇ, ਇਹ ਦਿਨ ਨਾ ਦੇਖਣੇ ਪੈਂਦੇ,' ਵਾਰ ਵਾਰ ਇਹੀ ਖਿਆਲ ਆਈ ਗਿਆ। ਉਸ ਦਿਨ ਰਾਜੀਵ ਨੇ ਮੈਨੂੰ ਬਹੁਤ ਹੌਂਸਲਾ ਦਿੱਤਾ। ਡੈਡੀ ਜੀ ਦੀ ਘਾਟ...। ਡੈਡੀ ਜੀ ਦੀ ਡੈੱਥ ਹੋਈ ਨੂੰ ਦੋ ਸਾਲ ਹੋ ਚੁੱਕੇ ਸਨ।

ਅਗਲੇ ਦਿਨ ਇਕ ਹੋਰ ਘਟਨਾ ਵਾਪਰ ਗਈ। ਮੰਮੀ ਜੀ ਦਾ ਫੋਨ ਸੀ। -- 'ਸੁਧਾ ਬੇਟਾ, ਬੈਂਕ ਵੱਲੋਂ ਬੰਗਲੇ ਦੀ ਕੁਰਕੀ ਦੇ ਵਾਰੰਟ ਆ ਗਏ ਨੇ।' ਇਕ ਨਵੀਂ ਮੁਸੀਬਤ ਹੋਰ ਆ ਪਈ। ਡਾਕਟਰ ਡਾਂਗੀ ਦੀ ਦਸ ਸਾਲਾਂ ਦੀ ਸੈਲਰੀ ਜਿੰਨੀ ਆਫਰ ਮੇਰੇ ਕੰਨਾਂ ਵਿਚ ਗੂੰਜਣ ਲੱਗੀ। ਮੈਂ ਅਨਮੈਰਿਡ ਮਦਰ ਬਣਾਂ ਜਾਂ ਨਾ, ਬਸ ਇਸ ਚੱਕਰਵਿਊ 'ਚ ਫਸ ਗਈ। ਉਸੇ ਦਿਨ ਵਨੀਤਾ ਦੀ ਲੈਟਰ ਆਈ ਸੀ। ਪੈਸੇ ਕੋਲ਼ ਨਾ ਹੋਣ ਕਾਰਨ ਸਮੈਸਟਰ ਦਾ ਦਾਖਲਾ ਲੇਟ ਹੋ ਗਿਆ ਸੀ। ਇਸ ਪਿੱਛੋਂ ਮੈਂ ਆਪਣੇ ਆਪ ਨਾਲ ਘੁਲਣ ਲੱਗੀ। ਪਾਗ਼ਲ ਹੋਈ ਖੁਦ ਨਾਲ ਗੱਲਾਂ ਕਰਨ ਲੱਗ ਪੈਂਦੀ। ਮੈਨੂੰ ਅਪਸੈੱਟ ਹੋਈ ਦੇਖ ਰਾਜੀਵ ਨੇ ਡਾਂਗੀ ਸੈਂਟਰ ਜਾਣ ਦੀ ਸਲਾਹ ਦਿੱਤੀ। ਮੈਂ ਸਰੋਗੇਸ਼ਨ ਦਾ ਮਨ ਬਣਾ ਕੇ ਹੀ ਸੈਂਟਰ ਪੁੱਜੀ ਸੀ। ਮੈਨੂੰ ਦੇਖ ਕੇ ਡਾ. ਮਮਤਾ ਖਿੜ ਗਈ ਸੀ। ਉਹ ਮੇਰੀ ਆਓ ਭਗਤ ਕਰਨ ਲੱਗੇ। ਉਸ ਦੱਸਿਆ – "ਉਸ ਜੋੜੇ ਲਈ ਉਸ ਦਿਨ ਹੀ ਸੂਟਏਬਲ ਮਦਰ ਮਿਲ ਗਈ ਸੀ। ਅਮਰੀਕਾ ਤੋਂ ਹੀ ਇਕ ਹੋਰ ਕੱਪਲ ਏ। ਤੁਸੀਂ ਹਾਂ ਕਰੋ। ਮੈਂ ਦੋਨਾਂ 'ਪਾਰਟੀਆਂ' ਦੇ ਬਾਇਓਡਾਟਾ ਤੇ ਜੀਨੋਮ ਸ਼ੇਅਰ ਕਰ ਲੈਂਦੀ ਆਂ। ਤੁਹਾਡੇ ਵਰਗੀ ਪਰਫੈਕਟ ਮਦਰ ਉਨ੍ਹਾਂ ਨੂੰ ਕਿਤੇ ਨ੍ਹੀਂ ਲੱਭਣੀ।ਮੈਂ ਉਨ੍ਹਾਂ ਨਾਲ ਡੀਲ ਫਾਈਨਲ ਕਰ ਕੇ ਤੁਹਾਨੂੰ ਕਾਲ ਕਰਾਂਗੀ।"

ਡਾ. ਮਮਤਾ ਨੇ ਮੈਨੂੰ ਬਰਾਊਨ ਜੋੜੇ ਦਾ ਵੈੱਬ ਬਲੌਗ ਪੜ੍ਹਨ ਲਈ ਦਿੱਤਾ। ਮੈਂ ਘਰ ਆ ਕੇ ਸਭ ਤੋਂ ਪਹਿਲਾਂ ਕੰਪਿਊਟਰ ਆਨ ਕੀਤਾ। ਮੇਰੇ ਸਾਹਮਣੇ ਉਨ੍ਹਾਂ ਦਾ ਬਲੌਗ ਖੁਲ੍ਹਾ ਸੀ। ਡੈਵੀ ਨੇ ਲਿਖਿਆ ਹੋਇਆ ਸੀ—ਮੇਰਾ ਸਟੀਵਨ ਬਰਾਊਨ ਨਾਲ ਕਾਲਿਜ ਵਿਚ ਪਿਆਰ ਪੈ ਗਿਆ ਸੀ। ਅਸੀਂ ਬਾਰਾਂ ਜੋੜੀਆਂ ਸਾਂ, ਜਿਹੜੇ ਆਪਸ ਵਿਚ ਗੂੜ੍ਹੇ ਮਿੱਤਰ ਸਾਂ। ਪੰਜ ਦਿਨ ਡਟ ਕੇ ਪੜ੍ਹਾਈ ਕਰਦੇ। ਡਿਗਰੀ ਲੈਣ ਤਕ ਕਈ ਜੋੜੀਆਂ ਬਣੀਆਂ ਤੇ ਕਈ ਟੁੱਟੀਆਂ, ਪਰ ਮੈਂ ਤੇ ਸਟੀਵਨ 'ਟੂਅ ਸੋਲਜ਼ ਇਨ ਏ ਬਾਡੀ' ਵਾਂਗ ਸੀ। ਇਸਦਾ ਵੱਡਾ ਕਾਰਨ ਸਟੀਵਨ ਮੇਰੇ ਤੋਂ ਅਲੱਗ ਹੋਣਾ ਨਹੀਂ ਮੰਗਦਾ। ਉਹ ਕਹਿੰਦਾ ਸਿਰਫ ਮੈਂ ਤੇਰੇ ਲਈ ਬਣਿਆ ਹਾਂ। ਕੁਝ ਜੋੜਿਆਂ ਦਾ ਫੈਸਲਾ ਸੀ, ਉਹ ਲਿਵ ਇਨ ਰਿਲੇਸ਼ਨ ਵਿਚ ਰਹਿਣਗੇ। ਕੁਝ ਨੇ ਵਿਆਹ ਕਰਾਉਣ ਦਾ ਤਾਂ ਫੈਸਲਾ ਕੀਤਾ ਪਰ ਉਹ ਬੇਬੀ ਲੈਣ ਦੇ ਹੱਕ ਵਿਚ ਨਹੀਂ ਸਨ। ਮੈਨੂੰ ਸਟੀਵਨ ਇਸ ਕਰਕੇ ਪਿਆਰਾ ਸੀ, ਉਹ ਹਮੇਸ਼ਾ ਵਿਆਹ ਕਰਨ ਅਤੇ ਬੱਚਾ ਕਰਨ ਦੀ ਵਕਾਲਤ ਕਰਦਾ ਸੀ। ਮੈਂ ਤੇ ਸਟੀਵਨ ਬਰਾਊਨ ਨੇ ਗ੍ਰੈਜੂਏਸ਼ਨ ਦੀ ਡਿਗਰੀ ਲੈਣ ਉਪਰੰਤ ਮੈਰਿਜ ਕਰਵਾ ਲਈ। ਇਸ ਉਪਰੰਤ ਅਸੀਂ ਵਪਾਰ ਵਿਚ ਪੈ ਗਏ। ਦਸ ਸਾਲਾਂ ਵਿਚ ਸਾਡਾ ਵਪਾਰ ਨਿਊਯਾਰਕ ਸਮੇਤ ਪੰਜ ਸਟੇਟਾਂ ਵਿਚ ਫੈਲ ਗਿਆ ਸੀ। ਸਾਡੇ ਇਲੈਕਟ੍ਰਾਨਿਕ ਸਾਮਾਨ ਦੇ ਵੱਡੇ ਵੇਅਰਹਾਊਸ ਹਨ ਪਰ ਸਾਡੇ ਘਰ ਬੱਚੇ ਦੀਆਂ ਕਿਲਕਾਰੀਆਂ ਨਹੀਂ ਵੱਜੀਆਂ। ਅਸੀਂ ਨਿੱਕੇ ਜਿਹੇ ਬਾਲ ਨੂੰ ਖਿਡਾਉਣ ਲਈ ਤਰਸੇ ਪਏ ਹਾਂ। ਭਾਵੇਂ ਅਸੀਂ ਵਪਾਰ ਦੇ ਫੈਲਾਅ ਕਾਰਨ ਬਹੁਤ ਰੁੱਝੇ ਰਹਿੰਦੇ ਹਾਂ ਪਰ ਹਮੇਸ਼ਾ ਬੱਚੇ ਦੀ ਪੈਦਾਇਸ਼ ਲਈ ਯਤਨਸ਼ੀਲ ਰਹੇ ਹਾਂ। ਪਿਛਲੇ ਤਿੰਨ ਚਾਰ ਸਾਲ ਤੋਂ ਡਾਕਟਰੀ ਇਲਾਜ ਵੀ ਕਰਦੇ ਰਹੇ ਹਾਂ ਪਰ ਉਹ ਸਾਨੂੰ ਮਾਂ-ਬਾਪ ਨਹੀਂ ਬਣਾ ਸਕੇ। ਮੇਰੇ ਅੰਡੇ ਬਣਦੇ ਹਨ। ਇੱਥੋਂ ਤਕ ਬੱਚਾ ਠਹਿਰ ਵੀ ਜਾਂਦਾ ਹੈ ਪਰ ਸਰੀਰ ਭਰੂਣ ਨੂੰ ਪ੍ਰਵਾਨ ਨਹੀਂ ਕਰਦਾ। ਦੋ ਤਿੰਨ ਮਹੀਨੇ ਬਾਅਦ ਗਿਰ ਜਾਂਦਾ ਹੈ। ਡਾਕਟਰ ਇਸਦਾ ਵੱਡਾ ਕਾਰਨ ਅੰਦਰੋਂ ਬੱਚੇਦਾਨੀ ਦਾ ਘੱਟ ਵਿਕਸਤ ਹੋਣਾ ਦੱਸਦੇ ਹਨ। ਡਾਕਟਰ ਬੱਚਾ ਗੋਦ ਲੈਣ ਲਈ ਕਹਿ ਰਿਹਾ ਸੀ ਪਰ ਸਾਡਾ ਫੈਸਲਾ ਹਰ ਹਾਲਤ ਵਿਚ ਆਪਣਾ ਹੀ ਬੱਚਾ ਪੈਦਾ ਕਰਨ ਦਾ ਹੈ। ਇਹ ਸੁਣਕੇ ਸਾਡੇ ਡਾਕਟਰ ਹੌਪਕਿਨ ਨੇ ਸਲਾਹ ਦਿੱਤੀ – 'ਬਾਂਝ ਜੋੜਿਆਂ ਵਾਸਤੇ 'ਇਨ ਵਿਟਰੋ ਫਰਟੀਲਾਈਜ਼ੇਸ਼ਨ' ਤਕਨੀਕ ਨਾਲ ਔਰਤ ਦੇ ਅੰਡਕੋਸ਼ ਤੇ ਮਰਦ ਦੇ ਸ਼ੁਕਰਾਣੂ ਤੋਂ ਪੈਦਾ ਕੀਤਾ ਭਰੂਣ ਕਿਸੇ ਹੋਰ ਔਰਤ ਦੀ ਕੁੱਖ ਵਿਚ ਰੱਖਕੇ ਬੱਚਾ ਪੈਦਾ ਕਰਨ ਦੀ ਵਿਧੀ ਡਾਕਟਰਾਂ ਕੋਲ਼ ਉਪਲਭਦ ਏ। ਬੱਚਾ ਆਪਣੀ ਅਸਲ ਮਾਂ ਦੀ ਕੁੱਖ ਵਿਚ ਨਹੀਂ ਬਲਕਿ ਕਿਸੇ ਹੋਰ ਦੀ ਕੱਖ ਵਿਚ ਪਲ਼ਦਾ ਏ। ਇਸਨੂੰ ਸਰੋਗੇਸੀ ਕਹਿੰਦੇ ਨੇ। ਇਸ ਵਾਸਤੇ ਬਹੁਤ ਸਾਰੀਆਂ ਪੇਡ ਸਰੋਗੇਟ ਮਦਰ ਮਿਲ ਜਾਂਦੀਆਂ ਨੇ। ਤੁਸੀਂ ਵੀ ਯਤਨ ਕਰੋ, ਸਫਲ ਹੋ ਜਾਵੋਗੇ।' ਮੈਨੂੰ ਤੇ ਸਟੀਵਨ ਨੂੰ ਡਾ. ਹੌਪਕਿਨ ਦੀ ਸਲਾਹ ਚੰਗੀ ਲੱਗੀ ਏ। ਅਸੀਂ ਕਿਰਾਏ ਦੀ ਕੁੱਖ ਲੈਣ ਦਾ ਫੈਸਲਾ ਕੀਤਾ ਹੈ ਪਰ ਸਾਡੀ ਸਟੇਟ ਨਿਊਯਾਰਕ ਵਿਚ 'ਸਰੋਗੇਸੀ' ਦੀ ਮਨਾਹੀ ਹੈ। ਅਸੀਂ ਇੰਟਰਨੈੱਟ 'ਤੇ ਸਰਚ ਕੀਤਾ ਹੈ। ਸਾਨੂੰ ਪਤਾ ਲੱਗਾ ਹੈ ਕਿ ਭਾਰਤ ਵਿਚ ਕਿਰਾਏ ਦੀ ਕੁੱਖ ਦੇ ਵਪਾਰ ਸੰਬੰਧੀ ਕਾਨੂੰਨ ਇਜਾਜ਼ਤ ਦਿੰਦਾ ਹੈ ਤੇ ਲਚਕਦਾਰ ਵੀ ਹੈ। ਇਹ ਪੜ੍ਹ ਕੇ ਸਾਡਾ ਭਾਰਤ ਜਾਣ ਦਾ ਹੌਂਸਲਾ ਤੇ ਯਕੀਨ ਵਧਿਆ ਹੈ। ਅਸੀਂ ਕਈ ਕੰਪਨੀਆਂ ਨਾਲ

ਸੰਪਰਕ ਕੀਤਾ ਹੈ, ਜੋ ਕਿਰਾਏ ਦੀ ਕੁੱਖ ਵਾਲੀਆਂ ਮਾਵਾਂ ਪ੍ਰਦਾਨ ਕਰਵਾਉਂਦੀਆਂ ਹਨ। ਇੰਟਰਨੈਸ਼ਨਸਲ ਲੈਵਲ ਦੀ 'ਬੇਬੀ ਕੰਪਨੀ' ਨਾਲ ਵੀ ਗੱਲਬਾਤ ਚੱਲ ਰਹੀ ਹੈ। ਸਾਨੂੰ ਅਜਿਹੀ ਪੇਡ ਸਰੋਗੇਟ ਮਦਰ ਦੀ ਲੋੜ ਏ, ਜਿਹੜੀ ਸਿੱਖਿਅਤ, ਤੰਦਰੁਸਤ ਤੇ ਹਾਈ ਫਾਈ ਫੇਮਿਲੀ ਦੀ ਹੋਵੇ। ਕੀ ਕੋਈ ਸਾਨੂੰ ਬੱਚੇ ਦੀਆਂ ਖੁਸ਼ੀਆਂ ਦੇ ਸਕਦੀ ਹੈ? ਅਸੀਂ ਕਦੇ ਵੀ ਉਨ੍ਹਾਂ ਦਾ ਅਹਿਸਾਨ ਨਹੀਂ ਭੁੱਲਾਂਗੇ।"

ਮੈਂ ਡੈਵੀ ਦਾ ਬਲੋਗ ਪੜ੍ਹ ਕੇ ਡਾ. ਮਮਤਾ ਦੀ ਕਾਲ ਦਾ ਇੰਤਜ਼ਾਰ ਕਰਨ ਲੱਗੀ।

... ਅਗਲੇ ਮਹੀਨੇ ਸਟੀਵਨ ਬਰਾਊਨ, ਡੈਵੀ, ਮੰਮੀ ਤੇ ਮੈਂ ਡਾਂਗੀ ਆਈ ਵੀ ਐੱਫ ਸੈਂਟਰ ਵਿਚ ਸਾਂ। ਉਨ੍ਹਾਂ ਡਾ. ਮਮਤਾ ਅਤੇ ਵਕੀਲ ਦੀ ਹਾਜ਼ਰੀ ਵਿਚ ਕਾਨੂੰਨੀ ਸਾਰਾ ਪੇਪਰ ਵਰਕ ਕਰਵਾਇਆ। ਗਰਭ ਧਾਰਨ ਕਰਨ, ਜੰਮਣ ਪੀੜਾਂ ਜਰਨ ਅਤੇ ਜਣੇਪੇ ਲਈ ਮੰਮੀ ਤੇ ਮੇਰੇ ਕੋਲੋਂ ਰਜ਼ਾਮੰਦੀ ਫਾਰਮ 'ਤੇ ਦਸਖਤ ਕਰਵਾਏ। ਮੈਂ ਉਨ੍ਹਾਂ ਨਾਲ ਐਗਰੀਮੈਂਟ ਕੀਤਾ ਕਿ ਉਸ ਜੋੜੇ ਦਾ ਬੱਚਾ ਆਪਣੀ ਕੁੱਖ ਵਿਚ ਪਾਲ਼ਾਂਗੀ। ਭਰੂਣ ਰੱਖਣ ਤੋਂ ਲੈ ਕੇ ਡਿਲਿਵਰੀ ਤਕ ਸਾਰੇ ਖਰਚ ਅਤੇ ਫੀਸ ਦੀ ਅਦਾਇਗੀ ਕਰਨ ਬਾਰੇ ਬਰਾਊਨ ਜੋੜੇ ਨੇ ਦਸਖਤ ਕੀਤੇ। ਵਕੀਲ ਦੀ ਹਾਜ਼ਰੀ ਵਿਚ ਡਾ. ਡਾਂਗੀ ਨੇ ਸਾਨੂੰ ਮੈਡੀਕਲ ਢੰਗ ਤਰੀਕਿਆਂ ਅਤੇ ਕਿਰਾਏ ਦੀ ਕੁੱਖ ਬਾਰੇ ਜਾਣਕਾਰੀ ਦੇ ਦਿੱਤੀ। ਸਰੋਗੇਟ ਮਦਰ ਦਾ...ਮਤਲਬ ਮੇਰਾ ਬੀਮਾ ਵੀ ਕਰਵਾ ਦਿੱਤਾ। ਡਿਲਿਵਰੀ ਤੋਂ ਬਾਅਦ ਬੱਚਾ ਅਸਲ ਮਾਪਿਆਂ ਦੇ ਸਪੁਰਦ ਕਰਨ ਬਾਰੇ ਐਗਰੀਮੈਂਟ 'ਤੇ ਵੀ ਮੇਰੇ ਦਸਖਤ ਕਰਵਾਏ ਗਏ ਸਨ। ਸਾਡਾ ਇਹ ਐਗਰੀਮੈਂਟ 'ਬੇਬੀ ਕੰਪਨੀ' ਦੀਆਂ ਸ਼ਰਤਾਂ ਮੁਤਾਬਕ ਫਾਈਨਲ ਹੋਇਆ ਸੀ।

ਅਗਲੇ ਦਿਨਾਂ ਵਿਚ ਡਾ. ਮਮਤਾ ਦੀ ਟੀਮ ਨੇ ਡੈਵੀ ਦੇ ਅੰਡੇ ਅਤੇ ਸਟੀਵਨ ਦੇ ਸ਼ੁਕਰਾਣੂਆਂ 'ਤੇ 'ਇਨ ਵਿਟਰੋ ਫਰਟੀਲਾਈਜ਼ੇਸ਼ਨ' ਤਕਨੀਕ ਨਾਲ ਕੰਮ ਕਰਨਾ ਸ਼ੁਰੂ ਕੀਤਾ। ਜੈਵਿਕ ਮਾਂ ਡੈਵੀ ਦੇ ਅੰਡਕੋਸ਼ (ਓਵਰੀ) 'ਚੋਂ ਅੰਡਾ ਹਾਸਲ ਕਰਨਾ, ਮੈਨੂੰ ਇਸ ਵਿਧੀ ਦਾ ਸਭ ਤੋਂ ਔਖਾ ਕਾਰਜ ਲੱਗਾ ਸੀ। ਅਲਟਰਾਸਾਊਂਡ ਦੀ ਸੇਧ ਨਾਲ ਉਸਦੇ ਗੁਪਤ ਅੰਗ ਰਾਹੀਂ ਇਕ ਲੰਮੀ ਬਰੀਕ ਸੂਈ, ਅੰਡਕੋਸ਼ ਤਕ ਪਹੁੰਚਾਈ ਗਈ। ਉਸ 'ਚੋਂ ਤਰਲ ਕੱਢਿਆ ਗਿਆ, ਜਿਸ ਵਿਚ ਅੰਡਾ ਸੀ। ਇਹ ਕੰਮ ਬੜੀ ਮੁਹਾਰਤ ਨਾਲ ਸੁੰਨ ਕਰ ਕੇ ਅੱਧੇ ਘੰਟੇ ਵਿਚ ਕਰ ਲਿਆ ਗਿਆ। ਡੈਵੀ ਦੇ ਅੰਡੇ ਨੂੰ ਕਲਚਰ-ਮੀਡੀਅਮ ਵਿਚ ਰੱਖ ਕੇ, ਉਸਦੀ ਮੈਚਿਉਰਟੀ ਬਾਰੇ ਆਧੁਨਿਕ ਤਕਨੀਕਾਂ ਨਾਲ ਜਾਂਚ ਕੀਤੀ ਗਈ। ਜਾਂਚ ਕਰਨ ਤੋਂ ਬਾਅਦ ਇਸਨੂੰ ਇਨਕੂਬੇਟਰ ਵਿਚ ਰੱਖ ਦਿੱਤਾ ਗਿਆ। ਨਾਲ ਦੀ ਨਾਲ ਸਟੀਵਨ ਦੇ ਵੀਰਜ 'ਚੋਂ ਸ਼ੁਕਰਾਣੂ ਕੱਢ ਕੇ ਉਨ੍ਹਾਂ ਨੂੰ ਵਿਗਿਆਨਕ ਵਿਧੀ ਨਾਲ ਤਿਆਰ ਕੀਤਾ ਗਿਆ।

ਡਾ. ਡਾਂਗੀ ਤੇ ਡਾ. ਮਮਤਾ ਫੌਰਨ ਕਲਾਇੰਟਸ ਨਾਲ ਚੰਗੇ ਸੰਬੰਧ ਬਣਾ ਰਹੇ ਸਨ। ਉਨ੍ਹਾਂ ਕੋਈ ਵੀ ਕੰਮ ਦੂਜੇ ਡਾਕਟਰਾਂ ਅਤੇ ਸਟਾਫ ਦੇ ਭਰੋਸੇ ਨਹੀਂ ਛੱਡਿਆ, ਸਗੋਂ ਆਪ ਕੀਤਾ। ਵੈਸੇ ਸਾਰੀ ਟੀਮ ਸਰਗਰਮ ਸੀ। ਡਾ. ਡਾਂਗੀ ਨੇ ਸ਼ੁਕਰਾਣੂ ਤੇ ਅੰਡੇ ਦੋਵਾਂ ਦੀ ਪਰਿਪੱਕਤਾ ਜਾਂਚ ਲਈ ਸੀ। ਖਾਸ ਕਲਚਰ-ਮੀਡੀਅਮ ਵਿਚ ਸ਼ੁਕਰਾਣੂ ਤੇ ਅੰਡੇ ਦੀ ਫਰਟੀਲਾਈਜ਼ੇਸ਼ਨ ਯਾਨੀ ਮੇਲ ਕਰਵਾ ਕੇ ਇਨਕੂਬੇਟਰ ਵਿਚ ਰੱਖਿਆ ਸੀ। ਦੋਵਾਂ ਦੇ ਮੇਲ ਤੋਂ ਪੈਦਾ ਹੋਏ ਇਕ ਸੈੱਲ ਤੋਂ, ਬਾਰਾਂ ਘੰਟਿਆਂ ਵਿਚ ਇਕ ਤੋਂ ਦੋ, ਦੋ ਤੋਂ ਚਾਰ ਸੈੱਲ ਬਣ ਗਏ ਸਨ। ਅਠਤਾਲੀ ਤੋਂ ਬਹੱਤਰ ਘੰਟਿਆਂ ਵਿਚ ਮੁੱਢਲਾ ਭਰੂਣ ਬਣ ਗਿਆ। ਡਾਕਟਰਾਂ ਦੀ ਟੀਮ ਨੇ ਸੱਤ-ਅੱਠ ਭਰੂਣ ਬਣਾ ਕੇ ਰੱਖ ਲਏ ਸਨ। ਕੁਝ ਭਰੂਣ ਖਰਾਬ ਹੋ ਗਏ ਸਨ। ਆਖਰ ਇਕ ਭਰੂਣ ਤੋਂ ਬਣੇ ਜਾਇਗੋਟ ਨੂੰ ਮੇਰੀ ਕੁੱਖ ਵਿਚ ਟਿਕਾਉਣ ਵਿਚ ਉਹ ਕਾਮਯਾਬ ਹੋ ਗਏ ਸਨ। ਮੈਂ ਕੰਪਨੀ ਤੋਂ ਲੀਵ ਲੈ ਲਈ ਸੀ। ਜਣੇਪੇ ਦੇ ਦਿਨਾਂ ਵਿਚ ਹੀ ਮੈਂ ਟੌਫਿਲ ਦਾ ਟੈਸਟ ਪਾਸ ਕਰ ਲਿਆ ਸੀ। ਟੈਸਟ ਦੀ ਤਿਆਰੀ ਕਰਨੀ ਕਿਹੜਾ ਸੌਖੀ ਸੀ। ਉਦੋਂ ਇਹ ਮੇਰੇ ਪੇਟ ਵਿਚ ਸੀ। ਮੈਂ ਪੜ੍ਹਨ ਬੈਠ ਜਾਣਾ। ਮੈਨੂੰ ਇਵੇਂ ਲੱਗਣਾ ਜਿਵੇਂ ਇਹ ਮੇਰੇ ਲੱਤਾਂ ਮਾਰ ਰਿਹਾ ਹੋਵੇ। ਮੈਂ ਔਖੀ ਹੋ ਕੇ ਦਰਦ ਸਹਿਣਾ।... ਆਖਰੀ ਦਿਨਾਂ ਵਿਚ ਤਾਂ ਇਸ ਨੌਟੀ ਬੁਆਏ ਨਾਲ ਗੱਲਾਂ ਕਰਦੀ ਰਹਿੰਦੀ। ਬੜੀ ਅਲਰਟ ਵੀ ਰਹਿੰਦੀ। ਇਹਦੀ ਸੇਫਟੀ ਖਾਤਰ ਤਾਂ ਰਾਜੀਵ ਤੋਂ ਵੀ ਡਿਸਟੈਂਸ ਬਣਾ ਕੇ ਰੱਖਦੀ।

ਨੌਂ ਮਹੀਨੇ ਬਾਅਦ ਇਹ ਬੇਬੀ ਡਿਲਿਵਰ ਹੋਇਆ, ਜੋ ਹੁਣ ਮੇਰਾ ਨਹੀਂ ਬਣ ਰਿਹਾ। ਸਗੋਂ ਕੋਰਟ ਦੇ ਚੱਕਰ ਕਢਾ ਰਿਹਾ। ਉਦੋਂ ਤਾਂ ਸਟੀਵਨ ਬਰਾਊਨ ਤੇ ਡੈਵੀ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਦੋ ਵੀਕ ਬਾਅਦ ਇੰਡੀਆ ਆ ਗਏ ਸਨ। ਉਨ੍ਹਾਂ ਇਸ ਦਾ ਨਾਂ ਡੇਵਿਡ ਬਰਾਊਨ ਰੱਖਿਆ ਸੀ। ਉਹ ਅੱਠ ਵੀਕ ਦਿੱਲੀ ਵਿਚ ਰਹਿ ਕੇ ਬੇਟੇ ਦੇ ਬਰਥ ਨੂੰ ਸੈਲੀਬਰੇਟ ਕਰਦੇ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਡੇਵਿਡ ਨਾਲ ਸੰਬੰਧਤ ਪੇਪਰ ਵਰਕ 'ਬੇਬੀ ਕੰਪਨੀ' ਤੋਂ ਕੰਪਲੀਟ ਕਰਵਾਇਆ। ਮੈਨੂੰ ਬਕਾਇਆ ਰਾਸ਼ੀ ਵੀ ਦਿੱਤੀ। ਚੈੱਕ ਰਸੀਵ ਕਰਨ ਵੇਲੇ ਮੈਨੂੰ ਘਬਰਾਹਟ ਹੋਈ ਸੀ। ਦਰਅਸਲ ਮੈਂ ਡੇਵਿਡ ਨੂੰ ਆਪਣੇ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦੀ। ਕਿਉਂਕਿ ਮੇਰੀ ਰਗ-ਰਗ ਵਿਚ ਉਸ ਲਈ ਪਿਆਰ ਸੀ, ਮਮਤਾ ਸੀ। ਆਫਟਰ ਆਲ ਉਹ ਮੇਰਾ ਹੀ ਤਾਂ ਅੰਸ਼ ਸੀ। ਮੇਰੇ ਆਪਣੇ ਖੂਨ ਨਾਲ ਪਲਿਆ ਹੋਇਆ। ਉਸ ਤੋਂ ਦੂਰ ਜਾਣ ਦਾ ਖਿਆਲ ਵੀ ਪਾਗ਼ਲ ਕਰ ਜਾਂਦਾ। ਉਸਨੂੰ ਕੱਸ ਕੇ ਆਪਣੇ ਸਰੀਰ ਨਾਲ ਲਾ ਲੈਂਦੀ।

ਸਾਡੇ ਕਮਰੇ ਦੀ ਲਾਈਟ ਜਗਦੀ ਰਹਿੰਦੀ ਸੀ। ਉਹ ਦਿਨੇ ਸੁੱਤਾ ਰਹਿੰਦਾ ਤੇ ਰਾਤ ਨੂੰ ਮੇਰੇ ਨਾਲ ਖੇਡਦਾ। ਉਦੋਂ ਬਰਾਊਨ ਜੋੜਾ

ਹੋਟਲ ਦੇ ਕਮਰੇ ਵਿਚ ਘੂਕ ਸੁੱਤਾ ਪਿਆ ਹੁੰਦਾ। ਉਹ ਮੇਰੀਆਂ ਗੱਲਾਂ ਦੇ ਹੁੰਗਾਰੇ ਭਰਦਾ, ਆਪਣੇ ਛੋਟੇ ਤੇ ਕੋਮਲ ਹੱਥ ਮੇਰੇ ਮੂੰਹ 'ਤੇ ਮਾਰਦਾ। ਮੇਰੇ ਵਾਲ਼ ਪਕੜ ਲੈਂਦਾ। ਇਕ ਦਿਨ ਮੈਂ ਡੇਵਿਡ ਨਾ ਦੇਣ ਦਾ ਫੈਸਲਾ ਕਰ ਲਿਆ। ਮੈਂ ਬੱਚਾ ਆਪਣੇ ਕੋਲ਼ ਕਿਵੇਂ ਰੱਖ ਸਕਦੀ ਸੀ? ਐਗਰੀਮੈਂਟ 'ਤੇ ਸਿਗਨੇਚਰ ਜੁ ਕੀਤੇ ਹੋਏ ਸਨ। ਮੇਰੇ ਸਾਹਮਣੇ ਕਰਜ਼ੇ ਵਿਚ ਡੁੱਬਿਆ ਹੋਇਆ ਘਰ ਸੀ। ਵੇਲ ਵਾਂਗ ਵਧ ਗਈਆਂ ਭੈਣਾਂ ਸਨ। ਜਦੋਂ ਬੈਂਕ ਨੇ ਬੰਗਲੇ ਦੀ ਕੁਰਕੀ ਦੇ ਵਾਰੰਟ ਕੱਢੇ ਸਨ, ਮੈਨੂੰ ਬਰਾਊਨ ਜੋੜੇ ਤੋਂ ਜੋ ਐਡਵਾਂਸ ਮਿਲਿਆ ਸੀ, ਉਸ ਵਿਚੋਂ ਬਹੁਤੀ ਰਕਮ ਮੈਂ ਬੈਂਕ ਨੂੰ ਦੇ ਦਿੱਤੀ ਸੀ। ਬਾਕੀ ਕਰਜ਼ੇ ਦੀਆਂ ਵੀਹ ਸਾਲ ਦੀਆਂ ਕਿਸ਼ਤਾਂ ਕਰਵਾ ਲਈਆਂ ਸਨ। ਮੈਂ ਉਹ ਕਿਸ਼ਤਾਂ ਕਿਵੇਂ ਦੇਵਾਂਗੀ, ਇਹ ਸੋਚਕੇ ਡੇਵਿਡ ਨੂੰ ਕੋਲ਼ ਰੱਖਣ ਦਾ ਫੈਸਲਾ ਬਦਲ ਦਿੱਤਾ ਸੀ।

ਮੈਂ ਬੜੇ ਦੁਖੀ ਮਨ ਨਾਲ ਡੇਵਿਡ ਨੂੰ ਆਪਣੇ ਤੋਂ ਜੁਦਾ ਕੀਤਾ। ਉਹਦੇ ਯੂ ਐੱਸ ਏ ਜਾਣ ਪਿੱਛੋਂ ਮੈਂ ਅਪਸੈੱਟ ਹੋ ਗਈ। ਦੋ ਤਿੰਨ ਦਿਨ ਖਾਣਾ ਤਾਂ ਕੀ ਮੇਰੇ ਅੰਦਰ ਪਾਣੀ ਵੀ ਨਾ ਲੰਘਿਆ। ਮੈਨੂੰ ਰੂਮ ਖਾਣ ਨੂੰ ਪੈਂਦਾ ਸੀ। ਰਾਜੀਵ ਬਥੇਰਾ ਉਸਦੀ ਥਾਂ ਲੈਣ ਦੀ ਕੋਸ਼ਿਸ਼ ਕਰਦਾ ਪਰ ਡੇਵਿਡ ਤੋਂ ਬਿਨਾਂ ਮੈਂ ਅਧੂਰੀ ਸੀ। ਮੇਰੇ ਕੋਲ਼ ਉਸਦੀ ਇਕ ਫੋਟੋ, ਕੁਝ ਕੱਪੜੇ ਤੇ ਖਿਡੌਣੇ ਸਨ। ਮੈਂ ਉਨ੍ਹਾਂ ਨਾਲ ਹੀ ਪਰਚੀ ਰਹਿੰਦੀ। ... ਮੈਂ ਵੀ ਅਮਰੀਕਾ ਜਾਣ ਦੀ ਤਿਆਰੀ ਕਰਨ ਲੱਗੀ। ਜੀ ਆਰ ਈ ਤੇ ਟੌਫਿਲ ਦੇ ਟੈਸਟ ਮੈਂ ਪਹਿਲਾਂ ਹੀ ਪਾਸ ਕਰ ਚੁੱਕੀ ਸੀ। ਮੈਂ ਦਾਖਲਾ ਲੈਣ ਲਈ ਅਕੈਡਮੀ ਰਾਹੀਂ ਪੇਪਰ ਵਰਕ ਸ਼ੁਰੂ ਕੀਤਾ। ਯੂਨੀਵਰਸਿਟੀ ਔਫ ਸਦਰਨ ਕੈਲੇਫੋਨੀਆ ਅਮਰੀਕਾ ਦੀਆਂ ਟਾਪ ਯੂਨੀਵਰਸਿਟੀਆਂ ਵਿਚੋਂ ਇਕ ਹੈ। ਮੈਂ ਚੰਗੇ ਰੈਂਕ ਨੂੰ ਮੁਖ ਰੱਖਦਿਆਂ ਲਾਸ ਐਂਜਲਜ਼ ਦੀ ਇਸ ਯੂਨੀਵਰਸਿਟੀ ਵਿਚ ਫੀਸ ਭਰ ਦਿੱਤੀ।

ਮੈਂ ਯੂਨੀਵਰਸਿਟੀ ਆ ਕੇ ਸਟੱਡੀ ਵਿਚ ਬਿਜ਼ੀ ਹੋ ਗਈ। ਪਿੱਛੇ ਮੰਮੀ ਮੇਰੇ ਲਈ ਤੜਫਦੀ ਰਹਿੰਦੀ। ਮਾਲਤੀ ਤੇ ਵਨੀਤਾ ਚਿੱਠੀਆਂ ਲਿਖਦੀਆਂ। ਮੈਂ ਉਹਨਾਂ ਦੀ ਖਾਤਰ ਯੂਨੀਵਰਸਿਟੀ ਕੈਂਪਸ ਅੰਦਰ ਕਦੇ ਲਾਇਬਰੇਰੀ ਵਿਚ, ਕਦੇ ਕੋਰੀਅਰ ਤੇ ਕਦੇ ਪੇਪਰ ਮਾਰਕਿੰਗ ਦਾ ਕੰਮ ਵੀ ਕਰਦੀ।... ਸਖਤ ਮਿਹਨਤ ਪਿੱਛੋਂ ਦੋ ਸਾਲ ਵਿਚ ਇੰਜੀਨੀਅਰਿੰਗ ਮੈਨੇਜਮੈਂਟ ਵਿਚ ਮਾਸਟਰ ਡਿਗਰੀ ਕਰ ਲਈ। ਇਸ ਪਿੱਛੋਂ ਮੈਂ ਜੌਬ ਲੱਭਣ ਲੱਗੀ। ਤਿੰਨ ਮਹੀਨੇ ਵਿਚ ਚਾਰ ਕੰਪਨੀਆਂ ਨੇ ਇੰਟਰਵਿਊ ਲਈ। ਚੌਥੀ ਇੰਟਰਵਿਊ ਮਿਸਟੀ ਆਟੋਮੋਬਾਇਲ ਹੈਵਡ ਵੱਲੋਂ ਸੀ। ਇਨ੍ਹਾਂ ਮੇਰੀ ਸਿਲੈਕਸ਼ਨ ਕਰ ਲਈ।

ਇਹ ਮਲਟੀ ਨੈਸ਼ਨਲ ਕਾਰ ਕੰਪਨੀ ਏ। ਕੰਪਨੀ ਨੇ ਤਿੰਨ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਸਨ। ਮੇਰੀ ਡਿਊਟੀ ਪ੍ਰੋਜੈਕਟਸ ਦੀ ਪਲੈਨਿੰਗ ਕਰਨ ਦੀ ਸੀ। ਜਿਨ੍ਹਾਂ ਰੋਬੋ ਮਸ਼ੀਨਾਂ ਨੇ ਇਹ ਪ੍ਰੋਜੈਕਟ ਡਿਜ਼ਾਇਨ ਕਰਨੇ ਸਨ, ਉਨ੍ਹਾਂ ਤੋਂ ਲੈ ਕੇ ਵੱਖ ਵੱਖ ਥਾਈਂ ਬਣਦੀਆਂ ਵੱਖ ਵੱਖ ਮਸ਼ੀਨਾਂ ਉੱਤੇ ਮੈਂ ਹਾਜ਼ਰ ਰਹਿੰਦੀ। ਕੰਪਨੀ ਨੇ ਹਾਅਰ ਕਰਨ ਵੇਲ਼ੇ ਮੇਰੇ ਕੰਟਰੈਕਟ ਵਿਚ ਕੁਝ ਸ਼ਰਤਾਂ ਰੱਖੀਆਂ ਸਨ। ਉਹਨਾਂ ਵਿਚੋਂ ਇਕ ਸ਼ਰਤ ਇਹ ਸੀ ਕਿ ਮੈਂ ਦਸ ਸਾਲ ਤਕ ਕੰਪਨੀ ਨਾਲ ਬਾਂਡਿਡ ਰਹਾਂਗੀ। ਇਸ ਦਸ ਸਾਲ ਦੇ ਕੰਟਰੈਕਟ ਵਿਚ ਦੂਜੀ ਸ਼ਰਤ ਨਹੀਂ, ਇਕ ਸਹੂਲਤ ਦਿੱਤੀ ਗਈ ਸੀ। ਜੇਕਰ ਮੈਂ ਦਸ ਸਾਲ ਤਕ ਬੇਬੀ ਨਹੀਂ ਕਰਦੀ, ਕੰਪਨੀ ਮੈਨੂੰ ਪੱਚੀ ਪ੍ਰਤੀਸ਼ਤ ਪੇਅ ਵਾਧੂ ਦੇਵੇਗੀ ਅਤੇ ਪੰਜ ਸਾਲ ਬਾਅਦ ਪ੍ਰੋਮੋਸ਼ਨ ਵੀ ਮਿਲੇਗੀ। ਕੁਝ ਸ਼ਰਤਾਂ ਤੇ ਸਹੂਲਤਾਂ ਹੋਰ ਵੀ ਸਨ। ਸ਼ਰਤਾਂ ਲਾਗੂ ਨਾ ਕਰ ਸਕਣ ਦੀ ਹਾਲਤ ਵਿਚ ਵਾਧੂ ਤਨਖਾਹ ਤੇ ਪ੍ਰੋਮੋਸ਼ਨ ਵਾਪਸ ਕਰਨ ਦੀ ਪਾਬੰਦ ਕੀਤਾ ਗਿਆ ਸੀ।

'ਦਸ ਸਾਲ ਬੇਬੀ ਨਹੀਂ ਲਏਗੀ' ਵਾਲੇ ਐਗਰੀਮੈਂਟ 'ਤੇ ਸਿਗਨੇਚਰ ਕਰਨ ਵੇਲੇ ਮੇਰੇ ਹੱਥ ਕੰਬੇ ਸਨ ਜਿਵੇਂ ਮੈਂ ਕਝੁ ਦੇਰ ਪਹਿਲਾਂ ਕੰਬ ਰਹੀ ਸੀ। ਉਪਰਲੇ ਕਾਲਮ 'ਤੇ ਮੇਰੀ ਉਮਰ ਤੀਹ ਸਾਲ ਲਿਖੀ ਹੋਈ ਸੀ। ਮੈਂ ਸੋਚਣ ਲੱਗ ਪਈ ਕਿ ਕੀ ਕਰਾਂ? ਮੇਰੇ ਸਾਹਮਣੇ ਕਰਜ਼ੇ ਦੀਆਂ ਕਿਸ਼ਤਾਂ, ਭੈਣਾਂ ਦੀ ਪੜ੍ਹਾਈ ਤੇ ਸ਼ਾਦੀਆਂ ਪਏ ਸਨ। ਜਿਵੇਂ ਮੈਂ ਹੁਣ ਤਰੀਕ 'ਤੇ ਜਾਣ ਤੋਂ ਪਹਿਲਾਂ ਸੋਚਾਂ ਵਿਚ ਡੁੱਬੀ ਹੋਈ ਹਾਂ, ਮੈਂ ਬੌਸ ਦੇ ਸਾਹਮਣੇ ਸੋਚੀਂ ਪੈ ਗਈ ਸੀ। ਉਸੇ ਵੇਲ਼ੇ ਦਿਨ ਰਾਤ ਸਾਡੇ ਫਿਊਚਰ ਲਈ ਨੱਠੇ ਭੱਜੇ ਫਿਰਦੇ ਰਹੇ ਡੈਡੀ ਜੀ ਸਾਹਮਣੇ ਆ ਗਏ। ਉਹਨਾਂ ਦਾ ਐਕਸੀਡੈਂਟ ਸਾਡੇ ਲਈ ਹੋਇਆ ਸੀ। ਨਾਲੇ ਉਹਨਾਂ ਨੇ ਭੈਣਾਂ ਦੀ ਜ਼ਿੰਮੇਵਾਰੀ ਮੇਰੇ ਮੋਢਿਆਂ 'ਤੇ ਸੁੱਟੀ ਸੀ। ਮੈਂ ਮਾਂ ਕਦੋਂ ਬਣਾਂਗੀ? ਇਹ ਸੋਚ ਕੇ ਮੈਂ ਹਉਕਾ ਲਿਆ ਸੀ। ਉਸ ਵੇਲ਼ੇ ਡੇਵਿਡ ਵੀ ਮੇਰੀਆਂ ਅੱਖਾਂ ਸਾਹਮਣੇ ਆਇਆ ਸੀ। ਡੈਡੀ ਜੀ ਦਾ ਸੁਪਨਾ ਤੇ ਜ਼ਿੰਮੇਵਾਰੀ ਮੇਰੇ 'ਤੇ ਭਾਰੂ ਪੈ ਗਏ। ਆਪਣੇ ਬਾਰੇ ਸੋਚਣਾ ਛੱਡ ਦਿੱਤਾ ਤੇ ਐਗਰੀਮੈਂਟ 'ਤੇ ਸਿਗਨੇਚਰ ਕਰ ਦਿੱਤੇ। ਕੰਪਨੀ 'ਤੇ ਆਇਆ ਗੁੱਸਾ ਪੀ ਗਈ। ਸਰ ਵੱਲ ਵੇਖ ਕੇ ਮੁਸਕਰਾ ਪਈ।

ਡਿਊਟੀ ਜੁਆਇਨ ਕਰਨ ਪਿੱਛੋਂ ਮੈਂ ਕੰਮ ਵਿਚ ਰੁੱਝ ਗਈ। ਕੰਪਨੀ ਦਾ ਕੰਮ ਹੀ ਏਨਾ ਸੀ ਕਿ ਮੈਨੂੰ ਸਿਰ ਖੁਰਕਣ ਦੀ ਵੀ ਵਿਹਲ ਨਾ ਮਿਲਦੀ। ਸਵੇਰੇ ਡਿਊਟੀ ਜਾਂਦੀ। ਸ਼ਾਮ ਜਦੋਂ ਘਰ ਪੁੱਜਦੀ, ਸਰੀਰ ਚਕਨਾਚੂਰ ਹੋਇਆ ਹੁੰਦਾ। ਬੈੱਡ ਉੱਤੇ ਗਿਰਦੇ ਸਾਰ ਹੀ ਨੀਂਦ ਆ ਜਾਂਦੀ। ਮੈਂ ਤਾਂ ਮਨੀ ਮੇਕਿੰਗ ਮਸ਼ੀਨ ਬਣ ਚੁੱਕੀ ਸੀ। ਮੈਨੂੰ ਜੇ ਕਿਤੇ ਵਿਹਲ ਮਿਲਦੀ, ਮੈਂ ਪਰਸ ਵਿਚੋਂ ਡੇਵਿਡ ਦੀ ਫੋਟੋ ਕੱਢ ਕੇ ਚੁੰਮ ਲੈਂਦੀ। ਫਿਰ ਕੰਮ ਵਿਚ ਬਿਜ਼ੀ ਹੋ ਜਾਂਦੀ। ਘਰ ਫੋਨ ਵੀ ਘੱਟ ਹੀ ਕਰਦੀ। ਸ਼ਾਇਦ ਮੈਂ ਵਿਆਹ ਵੀ ਨਾ ਕਰਵਾਉਂਦੀ। ਇਹ ਤਾਂ ਰਾਜੀਵ ਨੇ ਹੀ ਜ਼ਿਦ ਕਰੀ ਰੱਖੀ। ਉਹ ਤੇ ਮੈਂ ਬਾਈ ਲਾਅ ਪਤੀ ਪਤਨੀ ਬਣ ਗਏ ਸਾਂ। ਰਾਜੀਵ ਨੂੰ ਅਮਰੀਕਾ ਮੰਗਵਾ ਕੇ, ਅਸੀਂ ਦੋਨੋਂ ਆਪਣੀ-ਆਪਣੀ ਜੌਬ ਵਿਚ

ਬਿਜ਼ੀ ਹੋ ਗਏ ਸਾਂ। ਮੈਂ ਇੰਡੀਆ ਵੀ ਕਰਜ਼ੇ ਦੀਆਂ ਕਿਸ਼ਤਾਂ ਦਿੰਦੀ ਤੇ ਏਥੇ ਵਾਲੇ ਘਰ ਦੀਆਂ...ਕਾਰ ਦੀਆਂ ਵੀ। ਰਾਜੀਵ ਦਾ ਧਿਆਨ ਵੀ ਆਪਣੇ ਭੈਣ ਭਰਾ ਨੂੰ ਸੈੱਟ ਕਰਨ ਵਿਚ ਸੀ।

ਅਮਰੀਕਾ ਵਾਂਗ ਮੇਰੀ ਜ਼ਿੰਦਗੀ ਦੀ ਰਫਤਾਰ ਤੇਜ਼ ਹੋ ਚੁੱਕੀ ਸੀ। ਮੈਂ ਭੈਣਾਂ ਨੂੰ ਚੰਗੇ ਕੋਰਸ ਕਰਵਾ ਰਹੀ ਸੀ।ਮੈਂ ਡਾਲਰ ਭੇਜਦੀ ਰਹਿੰਦੀ। ਉਹ ਵੀ ਮੇਰੇ ਲਈ ਛੋਟੇ ਛੋਟੇ ਗਿਫਟ ਭੇਜਦੀਆਂ ਰਹਿੰਦੀਆਂ।ਮੇਰੀ ਮੰਮਾ ਦੇ ਚਿਹਰੇ 'ਤੇ ਨੂਰ ਆ ਗਿਆ ਸੀ। ਘਰ ਖੁਸ਼ਹਾਲੀ ਹੋ ਗਈ ਸੀ। ਸ਼ਹਿਰ ਵਿਚ ਸਾਡਾ ਬੰਗਲਾ ਮੁੜ ਚਮਕਣ ਲੱਗ ਪਿਆ ਸੀ। ਪੰਛੀਆਂ ਦੀ ਚੀਂਅ-ਚੀਂਅ ਵਧ ਗਈ ਸੀ। ਗੁਲਾਬ ਦੇ ਫੁੱਲਾਂ ਦੀ ਖੁਸ਼ਬੋ ਨਾਲ ਆਲ਼ਾ-ਦੁਆਲ਼ਾ ਮਹਿਕਿਆ ਪਿਆ ਸੀ। ਮਾਲਤੀ ਆਰਥੋ ਦੀ ਡਾਕਟਰ ਬਣ ਗਈ ਸੀ ਤੇ ਵਨੀਤਾ ਕੰਪਿਊਟਰ ਇੰਜੀਨੀਅਰ। ਦੋਵੇਂ ਕੈਨੇਡਾ ਸੈਟਲ ਹੋ ਗਈਆਂ ਸਨ। ਉਨ੍ਹਾਂ ਨੂੰ ਸੈੱਟ ਕਰਨ ਤੇ ਵਿਆਹੁਣ ਪਿੱਛੋਂ ਮੈਂ ਜ਼ਿੰਮੇਵਾਰੀ ਤੋਂ ਫਰੀ ਹੋ ਗਈ ਸੀ।

ਮੈਂ ਰਾਜੀਵ ਦੀਆਂ ਵੀ ਸਭ ਲੋੜਾਂ ਤੇ ਇੱਛਾਵਾਂ ਦਾ ਖਿਆਲ ਰੱਖਦੀ। ਜੇ ਮੇਰੇ ਕੋਲ਼ ਸਮਾਂ ਨਹੀਂ ਸੀ, ਉਹ ਆਪਣੇ ਲਈ ਨਹੀਂ ਸੀ। ਕੰਪਨੀ ਨੇ ਰੋਬੋ ਮਸ਼ੀਨਾਂ ਵਾਂਗੂੰ ਮੈਨੂੰ ਵੀ ਰੋਬਟ ਹੀ ਬਣਾ ਦਿੱਤਾ ਸੀ। ਉਨ੍ਹਾਂ ਵਾਂਗ ਹੀ ਚੁੱਪ ਰਹਿੰਦੀ। ਸਿਰਫ ਕੰਮ ਦੀ ਭਾਸ਼ਾ ਸਮਝਦੀ। ਮੈਂ ਕੰਪਨੀ ਮਾਲਕਾਂ ਦਾ ਲਾਗਤ ਘਟਾਉਣ ਤੇ ਮੁਨਾਫਾ ਵਧਾਉਣ ਦਾ ਸੁਪਨਾ ਪੂਰਾ ਕਰਦੀ। ਕੰਪਨੀ ਮਾਲਕਾਂ ਦੀ ਕੋਸ਼ਿਸ਼ ਹੁੰਦੀ, ਮਸ਼ੀਨ ਇਸ ਤਰ੍ਹਾਂ ਡਿਜ਼ਾਇਨ ਹੋਵੇ ਕਿ ਮਨੁੱਖੀ ਸ਼ਕਤੀ ਦੀ ਲੋੜ ਘੱਟ ਪਵੇ। ਮੈਂ ਹਾਇਰ ਅਥਾਰਟੀ ਕੋਲੋਂ ਡਿਜ਼ਾਇਨ ਅਪਰੂਵ ਕਰਵਾਉਂਦੀ। ਟੈਕਸਾਸ, ਨਿਊਯਾਰਕ, ਮਿਸ਼ੀਗਨ, ਕੈਨੇਡਾ, ਜਾਪਾਨ ਆਦਿ ਵਿਚ ਲੱਗੇ ਪਲਾਂਟਸ ਵਿਚ ਤੁਰੀ ਫਿਰਦੀ।

ਸ਼ੁਰੂ ਸ਼ੁਰੂ ਵਿਚ ਮੈਂ ਨਿਊਯਾਰਕ ਜਾਂਦੀ। ਬਰਾਊਨ ਜੋੜੇ ਦੇ ਘਰ ਜਾ ਕੇ ਆਉਂਦੀ। ਆਪਣੇ ਪੁੱਤ ਡੇਵਿਡ ਨੂੰ ਚੁੰਮ ਕੇ ਆਉਂਦੀ। ਫਿਰ ਉੱਥੇ ਵਾਲਾ ਸਾਡਾ ਯੂਨਿਟ ਬੰਦ ਹੋ ਗਿਆ। ਕਾਫੀ ਸਮਾਂ ਜਾ ਹੀ ਨਾ ਹੋਇਆ। ਇਕ ਵਾਰ ਉਧਰ ਹੀ ਗਈ ਹੋਈ ਸੀ। ਵਾਪਸੀ 'ਤੇ ਬਰਾਊਨ ਦੇ ਘਰ ਗਈ ਤਾਂ ਉਨ੍ਹਾਂ ਹਾਊਸ ਸ਼ਿਫਟ ਕਰ ਲਿਆ ਸੀ। ਮੈਨੂੰ ਨਵਾਂ ਐਡਰੈੱਸ ਨਾ ਮਿਲਿਆ। ਮੈਂ ਉਦਾਸ ਹੋਈ ਮੁੜੀ ਸੀ। ਪਰ ਮੇਰੇ ਆਪਣੇ ਵੀ ਖੁਸ਼ੀ ਦੇ ਦਿਨ ਆ ਗਏ ਸਨ।

ਮੇਰੀ ਜੌਬ ਦਸ ਸਾਲ ਦੀ ਹੋ ਗਈ ਸੀ। ਬੇਬੀ ਨਾ ਲੈਣ ਵਾਲੇ ਐਗਰੀਮੈਂਟ ਦਾ ਪੀਰੀਅਡ ਖਤਮ ਹੋ ਗਿਆ ਸੀ। ਮੇਰਾ ਬਨਵਾਸ ਕੱਟਿਆ ਗਿਆ ਸੀ। ਵਿਹਲ ਤਾਂ ਮੇਰੇ ਕੋਲ਼ ਉਦੋਂ ਵੀ ਨਹੀਂ ਸੀ। ਤਨਖਾਹ ਬਹੁਤ ਅੱਛੀ ਸੀ। ਪ੍ਰੋਮੋਸ਼ਨ ਡਿਊ ਸੀ। ਪਰ ਮੇਰੇ ਅੰਦਰਲੀ ਮਾਂ ਜਾਗ ਪਈ ਸੀ। ਕਈ ਵਾਰ ਇੰਸਟਾਗਰਾਮ 'ਤੇ ਭੈਣਾਂ ਆਪਣੀਆਂ ਤੇ ਬੱਚਿਆਂ ਦੀਆਂ ਤਸਵੀਰਾਂ ਪਾ ਦਿੰਦੀਆਂ। ਉਹਨਾਂ ਨੂੰ ਵੇਖ ਮੇਰਾ ਵੀ ਮਾਂ ਬਣਨ ਨੂੰ ਮਨ ਕਾਹਲ਼ਾ ਹੋ ਉੱਠਿਆ। ਮੇਰਾ ਦਿਲ ਕਰਦਾ ਕਿ ਮੈਂ ਕੁਦਰਤ ਦੀ ਇਸ ਅਨਮੋਲ ਸੌਗਾਤ ਦਾ ਨਿੱਘ ਮਾਣਾਂ। ਵਿਹਲੇ ਸਮੇਂ ਮੈਂ ਲੈਪਟਾਪ 'ਤੇ ਬੱਚਿਆਂ ਦੀ ਤਸਵੀਰਾਂ ਦੇਖਣ ਲੱਗ ਜਾਂਦੀ। ਡਾਊਨਲੋਡ ਕਰ ਲੈਂਦੀ। ਪ੍ਰਿੰਟ ਕੱਢ ਕੇ ਬੈੱਡ ਭਰ ਦਿੰਦੀ। ਫਿਰ ਉਹਨਾਂ ਉਪਰ ਲਿਟ ਜਾਂਦੀ। ਵੈਸੇ ਡੇਵਿਡ ਦੀ ਫੋਟੋ ਮੈਂ ਸਕਰੀਨ 'ਤੇ ਵਾਲਪੇਪਰ ਵਜੋਂ ਲਾ ਰੱਖੀ ਸੀ।

ਮੈਂ ਤੇ ਰਾਜੀਵ ਬੱਚੇ ਲਈ ਕੋਸ਼ਿਸ਼ ਕਰਨ ਲੱਗੇ ਪਰ ਸਾਡੇ ਪੱਲੇ ਨਿਰਾਸ਼ਾ ਹੀ ਪਈ ਸੀ। ਸਾਨੂੰ ਲੱਗਾ ਅਸੀਂ ਬਹੁਤ ਲੇਟ ਹੋ ਗਏ ਸਾਂ। ਕਦੇ ਗਾਇਨੀ, ਕਦੇ ਇਨਫਰਟੀਲਿਟੀ ਡਾਕਟਰਾਂ ਦੇ ਗੇੜੇ ਲਗਾਉਂਦੇ ਰਹੇ। ਤਰ੍ਹਾਂ-ਤਰ੍ਹਾਂ ਦੇ ਟੈਸਟ ਵੀ ਕਰਵਾਏ। ਆਖਰ ਇਕ ਦਿਨ ਡਾਕਟਰ ਅਲੀਸਾ ਨੇ ਮੈਨੂੰ ਕਿਹਾ ਸੀ—"ਲੇਟਰ ਸਟੇਜ 'ਤੇ ਕਨਸੀਵ ਕਰਨਾ ਕਾਫੀ ਮੁਸ਼ਕਿਲ ਕੰਮ ਏ। ਫਿਰ ਵੀ ਅਸੀਂ ਫੁਲ ਏਫਰਟ ਕਰ ਰਹੇ ਹਾਂ।"

ਮੈਂ ਤੇ ਰਾਜੀਵ ਨੇ ਡਾਲਰ ਤਾਂ ਬਹੁਤ ਕਮਾ ਲਏ ਸਨ। ਅਸੀਂ ਹੇਵਡ ਵਿਚ ਉੱਚੀ ਪਹਾੜੀ 'ਤੇ ਬਹੁਤ ਵੱਡਾ ਘਰ ਲੈ ਲਿਆ ਸੀ।... ਪਿਛਲੇ ਸਾਲਾਂ ਵਿਚ ਵੀ ਮੈਂ ਬੱਚੇ ਲਈ ਬਹੁਤ ਤੜਫਣ ਲੱਗ ਪਈ ਸੀ। ਰਾਜੀਵ ਵੀ ਬੇਕਾਬੂ ਹੋ ਜਾਂਦਾ ਰਿਹਾ। ਕੁਝ ਦਿਨਾਂ ਬਾਅਦ ਪਰੈਗਨੈਂਸੀ ਦਾ ਪਤਾ ਲੱਗਾ ਸੀ। ਉਸ ਵਕਤ ਅਸੀਂ ਐਗਰੀਮੈਂਟ ਤੋੜਨ ਦਾ ਫੈਸਲਾ ਕਰ ਲਿਆ ਸੀ। 'ਵਾਧੂ ਤਨਖਾਹ ਕੰਪਨੀ ਨੇ ਲੈ ਲੈਣੀ ਏ', ਸੋਚ ਕੇ ਅਬੌਰਸ਼ਨ ਕਰਵਾ ਦਿੱਤਾ। ਮੈਂ ਭੈਣਾਂ ਦਾ ਕੈਰੀਅਰ ਬਣਾਉਂਦੀ ਰਹੀ। ਕੰਮ ਵਿਚ ਬਿਜ਼ੀ ਰਹੀ।... ਤੇ ਆਪਣਾ ਮਾਂ ਬਣਨ ਦਾ ਗੋਲਡਨ ਪੀਰੀਅਡ ਗੁਆ ਦਿੱਤਾ।

ਹੁਣ ਭੈਣਾਂ ਕੋਲ਼ ਮੇਰਾ ਫੋਨ ਸੁਣਨ ਲਈ ਟਾਇਮ ਵੀ ਨਹੀਂ ਏ। ਉਹ ਡਿਊਟੀ ਜਾਂ ਬੱਚਿਆਂ ਵਿਚ ਬਿਜ਼ੀ ਹੁੰਦੀਆਂ ਨੇ। ਬੱਚਿਆਂ ਨੂੰ ਗਰਾਊਂਡ ਲੈ ਕੇ ਜਾਂਦੀਆਂ ਜਾਂ ਮੰਦਰ 'ਚ ਹਿੰਦੀ ਸਿਖਾਉਣ। ਉਹ ਹਸਬੈਂਡਜ਼ ਨਾਲ ਬਰਫੀਲੇ ਪਹਾੜਾਂ ਉੱਤੇ ਬਰਫ ਨਾਲ ਖੇਡ ਰਹੀਆਂ ਹੁੰਦੀਆਂ ਹਨ। ਮੇਰੇ ਲਈ ਉਹਨਾਂ ਕੋਲ਼ ਟਾਇਮ ਨਹੀਂ ਏ। ਮੇਰਾ ਘਰ ਹਸੂੰ-ਹਸੂੰ ਕਰਦੇ ਬੇਬੀ ਤੋਂ ਸੱਖਣਾ ਏ।... ਰਾਤ ਨੂੰ ਨੀਂਦ ਨਹੀਂ ਆਉਂਦੀ। ਡੇਵਿਡ ਦੀ ਫੋਟੋ ਹਿੱਕ 'ਤੇ ਰੱਖ ਲੈਂਦੀ ਹਾਂ।

ਪਿਛਲੇ ਚਾਰ-ਪੰਜ ਸਾਲਾਂ ਤੋਂ ਬੇਬੀ ਲੈਣ ਦੇ ਯਤਨਾਂ ਵਿਚ ਸੀ ਪਰ ਸਭ ਵਿਅਰਥ। ਅਸੀਂ ਡਾਕਟਰ ਕੋਲ਼ ਵੀ ਜਾਂਦੇ, ਪਰ ਉਹਨਾਂ ਦਾ ਇਲਾਜ ਕਿਸੇ ਨਤੀਜੇ 'ਤੇ ਨਹੀਂ ਪਹੁੰਚਾ ਰਿਹਾ ਸੀ। ਡਾਕਟਰ ਕਹਿੰਦਾ, ਵਾਰ ਵਾਰ ਅਬੌਰਸ਼ਨ ਕਰਵਾਉਣ ਨਾਲ ਬੱਚੇਦਾਨੀ ਵਿਚ ਨੁਕਸ ਪੈ ਗਿਆ।

ਰਾਜੀਵ ਦੀ ਫੋਟੋ ਮੇਰੇ ਵੱਲ ਤੱਕ ਰਹੀ ਏ।

ਆਖਰ ਇਹ ਬੰਦਾ ਵੀ ਬੇਵਫਾਈ ਕਰ ਗਿਆ। ਅਮਰੀਕਾ ਆਉਣ ਵੇਲੇ ਉਸ ਜ਼ਿੰਦਗੀ ਭਰ ਸਾਥ ਨਿਭਾਉਣ ਦਾ ਵਾਅਦਾ ਕੀਤਾ ਸੀ। ਇਹ ਵੀ ਮੇਰੇ ਤੋਂ ਅੱਕ ਗਿਆ। ਉਹ ਮੈਕਸੀਕਨ ਲੇਡੀ

ਮਾਰੀਆ ਨਾਲ ਫਨ ਕਰਨ ਲੱਗ ਪਿਆ ਸੀ। ਮੈਂ ਰੋਜ਼ ਸੋਚਦੀ ਆਂ, ਰਾਜੀਵ ਕਿਉਂ ਮਾਰੀਆ ਦਾ ਹੋ ਗਿਆ?... ਕਿਉਂ ਨਹੀਂ ਹੋਏਗਾ ਕਮਲ਼ੀਏ! ਉਹ ਤੀਹ ਸਾਲ ਦੀ ਭਰ ਜੁਆਨ ਔਰਤ! ਉਹਦੇ ਚਿਹਰੇ ਤੇ ਅੰਗਾਂ ਦੀ ਖਿੱਚ ਈ ਇੰਨੀ ਏ, ਮੇਰਾ ਬੰਦਾ ਪੱਟਿਆ ਗਿਆ। ਉਹ ਵੀ ਕੀ ਦਿਨ ਸਨ, ਜਦੋਂ ਮੁੰਡੇ ਮੈਨੂੰ ਖੜ੍ਹ-ਖੜ੍ਹ ਦੇਖਦੇ ਸਨ। ਫਿਰ ਮੈਨੂੰ ਹਾਲਾਤ ਨੇ ਤੋੜ ਦਿੱਤਾ। ਉਮਰ ਤੋਂ ਪਹਿਲਾਂ ਈ ਬੁੱਢੀ ਹੋ ਗਈ। ਢਿਲ਼ਕੇ-ਢਿਲ਼ਕੇ ਅੰਗਾਂ ਨੂੰ ਕਸੀ ਫਿਰਦੀ ਆਂ। ਮੈਂ ਵੀ ਤੀਹ ਸਾਲ ਦੀ ਉਮਰ ਵਿਚ ਮਾਰੀਆ ਨੂੰ ਮਾਤ ਪਾਉਂਦੀ ਸੀ। ਹੁਣ...। ਜਦੋਂ ਮੈਂ ਦੂਜੀ ਵਾਰ ਪਰੈਗਨੈਂਟ ਹੋਣ 'ਤੇ ਅਬੌਰਸ਼ਨ ਕਰਵਾਇਆ, ਉਦੋਂ ਰਾਜੀਵ ਚੁੱਪ ਰਿਹਾ। ਹੁਣ ਕਹਿ ਰਿਹਾ, ਇਹ ਬੱਚਾ ਮੇਰੇ ਬੌਸ ਦਾ ਸੀ। ਮੈਂ ਬਹੁਤਾ ਸਮਾਂ ਉਸ ਨਾਲ ਹੀ ਗੁਜ਼ਾਰਦੀ ਸੀ।... ਚਲੋ ਇਸ ਕਮੀਣੇ ਦਾ ਕੀ ਕਹਿਣਾ।

ਜਿਉਂ ਹੀ ਮੈਨੂੰ ਮਾਰੀਆ ਤੇ ਰਾਜੀਵ ਦੇ ਸੰਬੰਧਾਂ ਦਾ ਪਤਾ ਲੱਗਾ, ਮੈਂ ਪਾਗ਼ਲ ਹੋ ਗਈ। ਮੈਂ ਤਾਂ ਪਹਿਲਾਂ ਈ ਬਹੁਤ ਦੁਖੀ ਸੀ। ਮੇਰੇ ਲਈ ਇਹ ਸ਼ਾਕ ਨਾ ਸਹਿਣਯੋਗ ਸੀ। ਮੈਨੂੰ ਸੁੱਝੇ ਕੁਝ ਨਾ। ਉਹ ਬੰਦਾ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਹੋਇਆ। ਮੇਰੀਆਂ ਭਾਵਨਾਵਾਂ ਨੂੰ ਨਹੀਂ ਸੀ ਸਮਝ ਰਿਹਾ। ਮੈਂ ਤਾਂ ਇਹੀ ਚਾਹੁੰਦੀ ਸੀ, ਉਹ ਮੇਰਾ ਰਹੇ। ਕਿਸੇ ਮਾਰੀਆ ਕੋਲ਼ ਨਾ ਜਾਏ। ਘਰ ਵਿਚ ਕਲ਼ੇਸ਼ ਪੈ ਗਿਆ ਸੀ। ਸਾਡੀ ਟੱਸਲ ਵਧਦੀ ਵਧਦੀ ਤਲਾਕ ਤਕ ਪੁੱਜ ਗਈ। ਮੈਂ ਤਲਾਕ ਦੇਣਾ ਨਹੀਂ ਸੀ। ਮੈਂ ਤਾਂ ਚਾਹੁੰਦੀ ਸੀ ਉਹ ਭੁੱਲਿਆ ਭਟਕਿਆ ਘਰ ਆ ਜਾਵੇ। ਮੈਂ ਕਿਹੜਾ ਆਪਣੇ ਬੌਸ ਨੂੰ ਕੁੱਛੜ ਚੁੱਕੀ ਫਿਰਦੀ ਹਾਂ  ਪਰ ਉਹ ਆਪਣੀ ਜ਼ਿੱਦ 'ਤੇ ਅੜ ਗਿਆ। ਮਾਮਲਾ ਕੋਰਟ ਚਲਾ ਗਿਆ ਸੀ। ਕਿਮ ਮੇਰੀ ਤੇਜ਼ ਤਰਾਰ ਵਕੀਲ ਏ। ਇਸ ਦੇ ਬਾਵਜੂਦ ਵੀ ਰਾਜੀਵ ਤਲਾਕ ਲੈ ਗਿਆ ਸੀ।

ਉਦੋਂ ਮੈਂ ਬੁਰੀ ਤਰ੍ਹਾਂ ਟੁੱਟ ਗਈ ਸੀ। ਬਸ ਇਸ ਬੈੱਡ 'ਤੇ ਪਈ ਰਹਿੰਦੀ। ਕੋਈ ਸੁਧ-ਬੁਧ ਨਹੀਂ ਸੀ। ਨਾ ਦਿਨ ਨਾ ਰਾਤ ਦਾ ਫਰਕ ਸੀ। ਛੱਤ ਵੱਲ ਦੇਖ ਘੂਰੀਆਂ ਵੱਟਦੀ ਰਹਿੰਦੀ। ਮਾਲਤੀ ਕਹਿਣ ਲੱਗੀ—'ਦੂਜੀ ਸ਼ਾਦੀ ਕਰਵਾ ਲੈ।' ਸੰਤਾਲੀ ਸਾਲ ਦੀ ਹੋ ਗਈ ਆਂ। ਪਿਛਲੇ ਸਾਲ ਪੀਰੀਅਡਜ਼ ਵੀ ਬੰਦ ਹੋ ਗਏ ਸੀ। ਮੀਨੋਪਾਜ਼ ਦੌਰਾਨ ਇਹ ਕੁੱਖ ਕਿੱਥੋਂ ਸੁਲੱਖਣੀ ਹੋਣੀ ਏ? ਇਹ ਦੱਸ ਕੇ ਸੈਕਿੰਡ ਮੈਰਿਜ ਲਈ ਨਾਂਹ ਕਰ ਦਿੱਤੀ।... ਮੈਂ ਸੋਚੀ ਜਾ ਰਹੀ ਹਾਂ। ਜੋ ਕਰਦੀ ਰਹੀ, ਉਹ ਕਿਹਦੇ ਲਈ ਕਰਦੀ ਸੀ? ਮੇਰੇ ਕੋਲ਼ੋਂ ਕੌਣ ਕਰਵਾਉਂਦਾ ਰਿਹੈ? ਕੰਪਨੀ ਨੇ ਮੇਰੇ 'ਤੇ ਸਰਮਾਏ ਦਾ ਜਾਲ਼ ਸੁੱਟਿਆ ਸੀ। ਮੈਨੂੰ ਪੈਸੇ ਦੀ ਜ਼ਰੂਰਤ ਸੀ। ਕੰਪਨੀ ਨੇ ਮੈਨੂੰ ਮਸ਼ੀਨ ਬਣਾ ਦਿੱਤਾ।

... ਹਾਂ, ਮੈਂ ਰੋਬਟ ਹਾਂ। ਇਕ ਦਿਨ ਐਸਾ ਆਵੇਗਾ, ਮੈਂ ਮਰ ਜਾਵਾਂਗੀ। ਮੇਰਾ ਨਾਂ ਵੀ ਨਹੀਂ ਰਹੇਗਾ। ਬੰਦਾ ਆਪਣੇ ਨਾਂ ਲਈ ਸਾਰੇ ਪਾਪੜ ਵੇਲਦਾ ਏ। ਸ਼ਾਇਦ ਸਟੀਵਨ ਬਰਾਊਨ ਤੇ ਡੈਵੀ ਵੀ ਏਹੀ ਸੋਚ ਕੇ ਕਿਰਾਏ ਦੀ ਕੁੱਖ 'ਚੋਂ ਡੇਵਿਡ ਬਰਾਊਨ ਲੈਣ ਇੰਡੀਆ ਗਏ ਸਨ। ਜਦ ਮੈਂ ਰਾਜੀਵ ਗਰਗ ਨਾਲ ਕੇਸ ਲੜ ਰਹੀ ਸੀ, ਗੱਲਾਂ-ਗੱਲਾਂ ਵਿਚ ਆਪਣੀ ਵਕੀਲ ਕਿਮ ਨਾਲ ਕਿਰਾਏ ਦੀ ਕੁੱਖ ਵਾਲੀ ਗੱਲ ਵੀ ਕੀਤੀ ਸੀ। ਕਿਮ ਨੇ ਵੀ ਮੇਰੇ ਵਾਂਗ ਸ਼ੁਰੂ ਵਿਚ ਮੈਡੀਕਲ ਦੇ ਵਿਸ਼ੇ ਪੜ੍ਹੇ ਸਨ। ਉਹਨੇ ਮੈਡੀਕਲ ਛੱਡ ਕੇ ਲਾਅ ਕਰ ਲਿਆ ਤੇ ਮੈਂ ਇੰਜੀਨੀਅਰਿੰਗ। ਕਿਮ ਮੈਡੀਕਲ, ਖਾਸ ਤੌਰ 'ਤੇ ਸਰੀਰ ਨਾਲ ਸੰਬੰਧਤ, ਕੇਸ ਲੜ ਕੇ ਬਹੁਤ ਖੁਸ਼ ਹੁੰਦੀ ਹੈ।

ਮੇਰੀ ਜ਼ਿੰਦਗੀ ਵਿਚ ਤਾਂ ਹਨੇਰ ਪੈ ਗਿਆ। ਮੈਂ ਰਾਤ ਸੁੱਤੀ ਹੁੰਦੀ, ਡੇਵਿਡ ਮੇਰੇ ਨਾਲ ਖੇਡ ਰਿਹਾ ਹੁੰਦਾ। ਕੰਧ 'ਤੇ ਸ਼ਿਵ ਪਰਿਵਾਰ ਦੇ ਚਿਤਰ ਵਿਚਲਾ ਬਾਲ ਗਨੇਸ਼ ਮੈਨੂੰ ਡੇਵਿਡ ਲੱਗ ਰਿਹਾ ਹੁੰਦਾ। ਜਦੋਂ ਉਹ ਮੇਰੀ ਕੁੱਖੋਂ ਜਨਮਿਆ, ਦੋ ਢਾਈ ਮਹੀਨੇ ਮੇਰੇ ਕੋਲ਼ ਰਿਹਾ। ਮੈਂ ਉਹਨੂੰ ਮਾਂ ਦੀ ਤਰ੍ਹਾਂ ਪਾਲ਼ਦੀ ਰਹੀ, ਸਾਂਭਦੀ ਰਹੀ ਤੇ ਖਿਲਾਂਦੀ ਰਹੀ। ਉਹ ਮੇਰੀਆਂ ਉਂਗਲ਼ਾਂ ਆਪਣੇ ਮੂੰਹ ਵਿਚ ਪਾ ਲੈਂਦਾ। ਉਹਦੇ ਬੁੱਟਾਂ ਨਾਲ ਮੇਰੇ ਕੁਤਕੁਤਾੜੀਆਂ ਨਿਕਲਦੀਆਂ। ਮੈਂ ਉਹਦੇ ਪੈਰਾਂ ਵਿਚ ਕੱਢਣ ਲੱਗ ਪੈਂਦੀ। ਉਹ ਹੱਸ-ਹੱਸ ਦੂਹਰਾ ਹੋ ਜਾਂਦਾ। ਮੈਂ ਉਹਦੇ ਨਾਲ ਗੱਲੀਂ ਜੁਟ ਜਾਂਦੀ। ਉਹ ਊਂ-ਊਂ ਕਰਦਾ। ਦੁੱਧੁ ਪੀਂਦਾ ਹੋਇਆ ਵੀ ਉਹ ਗੀਤ ਗਾਉਣ ਵਾਂਗ ਆਵਾਜ਼ਾਂ ਕੱਢਦਾ।

ਅੱਜ ਕਲ ਵੀ ਤੇ ਉਹਨਾਂ ਦਿਨਾਂ ਵਿਚ ਵੀ ਮੈਂ ਹਰ ਰੋਜ਼ ਆਪਣੇ ਅਤੀਤ ਨੂੰ ਯਾਦ ਕਰਦੀ। ਸੋਚਾਂ ਵਿਚ ਡੁੱਬੀ ਰਹਿੰਦੀ। ਜਿਵੇਂ ਹੁਣ ਤੜਕੇ ਦੀ ਆਪਣੇ ਆਪ ਨਾਲ ਘੁਲ਼ ਰਹੀ ਹਾਂ। ਰਾਤ ਨੂੰ  ਸੁੱਤੇ ਸਮੇਂ ਕੋਈ ਬਾਲ ਮੇਰੀ ਛਾਤੀ 'ਤੇ ਆ ਚੜ੍ਹਦਾ। ਇਕ ਦਿਨ ਮੈਂ ਡੇਵਿਡ ਬਰਾਊਨ ਦਾ ਬਿਜ਼ਨਿਸ ਵਾਲਾ ਐਡਰੈੱਸ ਸਰਚ ਕੀਤਾ। ਉਹ ਤੇ ਮੈਂ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਬੈਠੇ ਹਾਂ। ਅਗਲੇ ਦਿਨ ਮੈਂ ਉਸਦੇ ਕਾਰੋਬਾਰ ਵਾਲੇ ਮੁਖ ਦਫਤਰ ਜਾ ਪੁੱਜੀ। ਉੱਥੇ ਡੇਵਿਡ ਕਾਰੋਬਾਰ ਦੇਖ ਰਿਹਾ ਸੀ। ਮੈਂ ਉਸਨੂੰ ਮਿਲੀ।

"ਬੇਟਾ, ਮੈਂ ਸੁਧਾ ਗੁਪਤਾ। ਤੇਰੀ ਜਨਮ ਦਾਤੀ...," ਇਕ ਮਾਂ ਨੂੰ ਪੁੱਤ ਨਾਲ ਜਾਣ-ਪਛਾਣ ਕਰਾਉਣੀ ਪਈ ਸੀ।

"ਮੈਂ ਜਾਣਦੈਂ। ਤੂੰ ਮੇਰੀ ਸਰੋਗੇਟ ਮਦਰ ਏਂ," ਉਹ ਖੁਸ਼ ਹੋ ਕੇ ਬੋਲਿਆ ਸੀ।

ਉਹ ਆਪਣੇ ਜਨਮ ਬਾਰੇ ਸਭ ਕੁਝ ਜਾਣਦਾ ਸੀ। ਜਦੋਂ ਮੈਂ ਉਸਨੂੰ ਰਿਕਵੈਸਟ ਕੀਤੀ ਕਿ ਬੇਟਾ ਤੂੰ ਮੈਨੂੰ ਮੰਮ ਕਨਸਿਡਰ ਕਰ ਤਾਂ ਉਸਦੇ ਤੇਵਰ ਹੀ ਬਦਲ ਗਏ। ਉਹ ਇਕਦਮ ਚੀਕ ਉੱਠਿਆ – "ਹੇ ਓਲਡ ਲੇਡੀ, ਤੂੰ ਧਨ ਦੀ ਖਾਤਰ ਸਰੋਗੇਟ ਮਦਰ ਬਣੀ ਸੀ। ਉਹ ਮੰਮ ਡੈਡ ਨੇ ਪੇਅ ਕਰ ਦਿੱਤੈ। ਜੇ ਹੋਰ ਲੋੜ ਏ ਤਾਂ ਹੋਰ ਲੈ

ਲੈ। ਮੈਂ ਤਾਂ ਡੈਵੀ ਨੂੰ ਹੀ ਮੰਮ ਮੰਨਦੈਂ। ਉਹਦੇ ਅੰਡੇ ਤੋਂ ਪੈਦਾ ਹੋਇਆ। ਉਹਦੀ ਅੰਸ਼ ਹਾਂ। ਮੰਮ ਡੈਡ ਨੇ ਹੀ ਮੈਨੂੰ ਐਡੇ ਵੱਡੇ ਕਾਰੋਬਾਰ ਦਾ ਮਾਲਕ ਬਣਾਇਆ।... ਬੋਲ ਕਿੰਨੇ ਡਾਲਰ ਚਾਹੀਦੇ?" ਉਸ ਡਰਾਅਰ ਵਿਚੋਂ ਚੈੱਕ ਬੁਕ ਬਾਹਰ ਕੱਢ ਕੇ ਮੇਰੇ ਅੱਗੇ ਕੀਤੀ ਸੀ।

ਮੈਂ ਇਹ ਸੁਣਕੇ ਸੁੰਨ ਹੋ ਗਈ। ਇਕ ਮਾਂ ਦੀ ਕੀਮਤ ਉਤਾਰੀ ਜਾ ਰਹੀ ਸੀ। ਜਦੋਂ ਦਿੱਲੀ ਬਰਾਊਨ ਜੋੜੇ ਨੇ ਮੈਨੂੰ ਚੈੱਕ ਦਿੱਤੇ ਸਨ ਤੇ ਡੇਵਡ ਨੂੰ ਮੇਰੇ ਤੋਂ ਲਿਆ ਸੀ, ਮੈਂ ਕਈ ਦਿਨ ਡਿਸਟਰਬਡ ਰਹੀ। ਉਦੋਂ ਜੁਆਨ ਸੀ, ਬਰਦਾਸ਼ਤ ਕਰ ਗਈ। ਹੁਣ ਝੱਲਣਾ ਔਖਾ। ਮੈਂ ਉਸ ਕੁਲਹਿਣੇ ਕੋਲੋਂ ਸਰਮਾਇਆ ਨਹੀਂ ਮੰਗ ਰਹੀ ਸੀ ਸਗੋਂ ਸਿਰਫ ਇਕ ਸ਼ਬਦ 'ਮੰਮ' ਸੁਣਨਾ ਚਾਹੁੰਦੀ ਸੀ।

"ਬੇਟਾ, ਉਸ ਟਾਇਮ ਮੈਂ ਮਜਬੂਰ ਸੀ। ਹੁਣ ਮੈਨੂੰ ਡਾਲਰਾਂ ਦੀ ਲੋੜ ਨਈਂ। ਤੇਰੇ ਮੰਮ ਡੈਡ ਵਾਲੇ ਡਾਲਰ ਮੋੜ ਸਕਦੀ ਆਂ। ਮੈਨੂੰ ਮੇਰਾ ਬੇਟਾ ਚਾਹੀਦਾ।" ਮੈਂ ਮਾਂ ਵਾਲਾ ਤਰਲਾ ਲਿਆ ਸੀ।

"ਜਦੋਂ ਲੋਕਾਂ ਨੂੰ ਧਨ ਦੀ ਲੋੜ ਹੁੰਦੀ ਏ, ਉਹ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਆ। ਫੇਰ ਚਾਰ ਪੈਨੀਆਂ ਆ ਜਾਣ, ਕੀੜੀਆਂ ਨੂੰ ਵੀ ਖੰਭ ਨਿਕਲ ਆਉਂਦੇ ਐ।"

ਇਹ ਸੁਣ ਕੇ ਮੈਨੂੰ ਚੱਕਰ ਆਇਆ ਸੀ। ਮੈਂ ਸੰਭਲੀ ਤਾਂ ਸਿੱਧੀ ਆਪਣੀ ਲਾਇਰ ਕਿਮ ਕੋਲ਼ ਗਈ ਸੀ। ਮੈਂ ਉਸ ਜਵਾਨ ਵਕੀਲਣੀ ਕੋਲ਼ ਫੁੱਟ-ਫੁੱਟ ਕੇ ਰੋਈ ਸੀ।"ਮੈਂ ਹੁਣ ਕਿਹੜੇ ਖੂਹ ਖਾਤੇ ਡਿੱਗ ਪਵਾਂ, ਕਿਮ? ਪਹਿਲਾਂ ਔਲਾਦ ਨਾ ਹੋਈ। ਫਿਰ ਰਾਜੀਵ ਛੱਡ ਕੇ ਚਲਾ ਗਿਆ। ਹੁਣ ਡੇਵਿਡ ਮੈਨੂੰ ਜ਼ਲੀਲ ਕਰ ਗਿਆ ਏ।"

ਮੇਰੇ ਕੋਲ਼ ਕਿਵੇਂ ਕਿਰਾਏ ਦੀ ਕੁੱਖ ਲਈ ਸਟੀਵਨ ਬਰਾਊਨ ਤੇ ਡੈਵੀ ਆਏ। ਮੈਂ ਡੇਵਿਡ ਨੂੰ ਜਨਮ ਦਿੱਤਾ। ਇਹ ਸਾਰੀ ਫਲੈਸ਼ਬੈਕ ਮੇਰੀਆਂ ਅੱਖਾਂ ਅੱਗੇ ਹੁਣ ਵੀ ਘੁੰਮ ਰਹੀ ਐ। ... ਉਦੋਂ ਕਿਮ ਕੋਲ਼ ਬੈਠਿਆਂ ਵੀ ਘੁੰਮੀ ਸੀ। ਉਸ ਡੇਵਡ ਨੇ ਮੈਨੂੰ 'ਗੈੱਟ ਲਾਸਟ' ਕਹਿ ਕੇ ਸੰੁਨ ਕਰ ਦਿੱਤਾ ਸੀ। ਇਹ ਸਾਰੀ ਕਹਾਣੀ ਸੁਣਾ ਕੇ ਮੈਂ ਦੁਬਾਰਾ ਰੋਣ ਲੱਗ ਪਈ ਸੀ।

"ਫਿਕਰ ਨਾ ਕਰ ਮਿਸਿਜ਼ ਗੁਪਤਾ। ਇੰਨੇ ਨਾਲ ਦੁਨੀਆਂ ਖਤਮ ਨਹੀਂ ਹੋ ਗਈ। ... ਉਂਝ ਵੀ ਤੂੰ ਮਾਂ ਹੈਂ". ਕਿਮ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਸੀ।

"ਮੈਂ ਬਾਇਓਲੋਜੀਕਲ ਮਦਰ ਨ੍ਹੀਂ ਆਂ ਨਾ। ਉਹ ਡੈਵੀ ਏ," ਮੇਰਾ ਹਉਕਾ ਨਿਕਲ ਗਿਆ ਸੀ।

"ਹੁਣ ਵਿਗਿਆਨਕ ਖੋਜਾਂ ਨੇ ਸਿੱਧ ਕਰ ਦਿੱਤਾ ਏ ਕਿ ਜਿਹੜਾ ਬੱਚਾ ਜਿਸ ਮਾਂ ਦੇ ਸਰੀਰ ਵਿਚ ਪਲ਼ਦਾ ਏ, ਉਸਦਾ ਵੀ ਬਰਾਬਰ ਦਾ ਹੱਕ ਹੁੰਦਾ ਏ।"

"ਕਿਮ, ਇਹ ਗੱਲ ਤੂੰ ਕਹਿ ਰਹੀ ਏਂ। ਕੋਰਟ ਜਾਂ ਕਾਨੂੰਨ ਨਹੀਂ ਮੰਨਦਾ।" ਮੈਂ ਬਿਲਕੁਲ ਬੇਆਸ ਸੀ।

"ਤੂੰ ਫਿਕਰ ਨਾ ਕਰ। ਕੋਰਟ ਨੂੰ ਮੰਨਣਾ ਪੈਣਾਂ।" ਕਿਮ ਨੇ ਹਾਮੀ ਭਰੀ ਸੀ। ਜਿਵੇਂ ਕਹਿ ਰਹੀ ਹੋਵੇ, ਉਹ ਕੋਰਟ ਤੋਂ ਕਹਾ ਲਵੇਗੀ।

"ਕਿਹੜੀ ਕੋਰਟ ਏ, ਜੋ ਚੌਵੀ ਪੱਚੀ ਸਾਲ ਦੇ ਲੜਕੇ 'ਤੇ ਕੇਸ ਕਰਨ ਦੀ ਪ੍ਰਵਾਨਗੀ ਦੇ ਦੇਵੇਗੀ?" ਮੈਂ ਡਰ ਪ੍ਰਗਟ ਕੀਤਾ ਸੀ।

"ਸੁਧਾ, ਵਕੀਲ ਤੂੰ ਨਹੀਂ ਏਂ। ਮੈਂ ਹਾਂ। ਮੈਨੂੰ ਕੇਸ ਲਾਉਣਾ ਆਉਂਦੈ।" ਕਿਮ ਨੇ ਹਿੱਕ ਥਾਪੜੀ ਸੀ।

ਉਹ ਮੇਰਾ ਕੇਸ ਤਿਆਰ ਕਰਨ ਲੱਗ ਪਈ। ਉਸਨੇ ਇਕੱਲੇ ਡੇਵਿਡ ਨੂੰ ਨਹੀਂ, ਬਰਾਊਨ ਫੈਮਿਲੀ ਨੂੰ ਪਾਰਟੀ ਬਣਾਇਆ ਸੀ। ਮੈਂ ਆਪਣਾ ਮਾਂ ਦਾ ਹੱਕ ਲੈਣ ਲਈ ਕੋਰਟ ਦਾ ਜਾ ਦਰਵਾਜ਼ਾ ਖੜਕਾਇਆ।

"ਮੀ ਲਾਰਡ, ਇਹ ਮਾਂ ਨ੍ਹੀਂ ਏ। ਬਰਾਊਨ ਜੋੜੇ ਨੇ ਕਿਰਾਇਆ ਦਿੱਤਾ ਏ। ਜਿਵੇਂ ਕੋਈ ਸਟੋਰ ਨੌਂ ਮਹੀਨੇ ਲਈ ਕਿਰਾਏ 'ਤੇ ਲੈ ਲਿਆ, ਕਿਰਾਇਆ ਦੇ ਕੇ ਖਾਲੀ ਕਰ ਦਿੱਤਾ ਜਾਵੇ। ਮਿਸਿਜ਼ ਗੁਪਤਾ ਤਾਂ ਸਾਮਾਨ ਦੀ ਵੀ ਮਾਲਕ ਬਣਨ ਨੂੰ ਫਿਰਦੀ ਏ।" ਬਰਾਊਨ ਫੈਮਿਲੀ ਦੇ ਵਕੀਲ ਨੇ ਬਹਿਸ ਸ਼ੁਰੂ ਕੀਤੀ ਸੀ।

"ਮੀ ਲਾਰਡ, ਮਾਂ ਦੀ ਕੁੱਖ ਕੋਈ ਸਟੋਰ ਨਹੀਂ ਹੁੰਦੀ। ਜਿਹੜਾ ਮਰਜ਼ੀ ਦਸ ਕੁਇੰਟਲ ਆਲੂ ਰੱਖ ਲਏ। ਕਿਰਾਇਆ ਦਿੱਤਾ ਤੇ ਚੁੱਕ ਲਏ। ਫਿਰ ਕਿਸੇ ਹੋਰ ਨੇ ਪਿਆਜ਼ ਰੱਖ ਲਏ।... ਜੇ ਸੁਧਾ ਗੁਪਤਾ ਦੀ ਕੁੱਖ ਸਟੋਰ ਹੀ ਸੀ, ਫਿਰ ਮਿਸਿਜ਼ ਡੈਵੀ ਆਪਣੀ ਕੁੱਖ ਨੂੰ ਸਟੋਰ ਬਣਾ ਲੈਂਦੀ। ਇਹ ਬਰਾਊਨ ਜੋੜਾ ਇੰਡੀਆ ਕਿਉਂ ਜਾਂਦਾ?" ਕਿਮ ਨੇ ਵਿਰੋਧੀ ਵਕੀਲ ਦੀ ਦਲੀਲ ਕੱਟੀ ਸੀ।

ਕੋਰਟ ਦੀ ਅਗਲੀ ਤਰੀਕ ਉੱਤੇ ਬਰਾਊਨ ਫੈਮਿਲੀ ਦੇ ਵਕੀਲ ਨੇ ਸਰੋਗੇਸੀ ਦਾ ਕਾਨੂੰਨੀ ਪੱਖ ਜੱਜ ਅੱਗੇ ਰੱਖਦਿਆਂ ਕਿਹਾ ਸੀ—" ਮੀ ਲਾਰਡ, ਕਿਸੇ ਜੋੜੇ ਦੇ ਸ਼ੁਕਰਾਣੂ ਤੇ ਅੰਡੇ ਤੋਂ ਪੈਦਾ ਹੋਇਆ ਭਰੂਣ, ਕਿਸੇ ਸਰੋਗਟ ਮਦਰ ਦੀ ਕੁੱਖ ਵਿਚ ਰੱਖ ਦਿੱਤਾ ਜਾਏ ਤਾਂ ਅਜਿਹੀ ਔਰਤ ਦੇ ਅੰਦਰ ਪਲ਼ ਰਹੇ ਭਰੂਣ ਦਾ ਉਸ ਨਾਲ ਜੈਨਟਿਕ ਸੰਬੰਧ ਨਹੀਂ ਹੁੰਦਾ। ਬੱਚੇ ਦੇ ਜਨਮ ਤਕ ਹੀ ਉਹ ਇਸਨੂੰ ਆਪਣੇ ਅੰਦਰ ਰੱਖਦੀ ਏ। ਇਹ ਮਾਂ ਜਣੇਪੇ ਤੋਂ ਬਾਅਦ ਅੱਗੋਂ ਲਈ ਪਾਲਣ ਅਤੇ ਸਦਾ ਲਈ ਬੱਚਾ ਉਸਦੇ ਜੈਨੇਟਿਕ ਮਾਂ ਪਿਉ ਨੂੰ ਸੌਂਪ ਦਿੰਦੀ ਏ।... ਮਿਸਿਜ਼ ਗੁਪਤਾ ਨੇ ਵੀ ਅਜਿਹਾ ਹੀ ਕੀਤਾ ਸੀ। ਤੇ ਆਪਣੀ ਪੂਰੀ ਅਦਾਇਗੀ ਵਸੂਲ ਕੀਤੀ ਸੀ। ਇਸ

ਕਰਕੇ ਇਹ ਮਾਂ ਦਾ ਹੱਕ ਨ੍ਹੀਂ ਲੈ ਸਕਦੀ।" ਵਕੀਲ ਨੇ ਇਕਰਾਰਨਾਮੇ ਅਤੇ ਅਦਾਇਗੀ ਦੇ ਪੇਪਰਾਂ ਦੀ ਕਾਪੀ ਜੱਜ ਸਾਹਮਣੇ ਪੇਸ਼ ਕੀਤੀ ਸੀ।

"ਜੱਜ ਸਾਹਿਬ, ਮੇਰੇ ਹੱਥ ਵਿਚ ਮੈਡੀਕਲ ਸਾਇੰਸ ਦਾ ਇਹ ਮੈਗਜ਼ੀਨ ਏ। ਇਸ ਵਿਚ ਐਮਨੀਓਟਿਕ ਫਲਿਊਡ ਟੈਸਟ ਦੀ ਖੋਜ ਛਪੀ ਐ। ਪਹਿਲਾਂ ਇਸ ਟੈਸਟ ਮੁਤਾਬਕ ਡਾਕਟਰ ਬੱਚੇ ਦਾ ਟੈਸਟ ਕਰਦੇ ਸਨ ਤਾਂ ਉਹ ਮਾਂ ਦੇ ਸਰਿੰਜ ਖੋਭ ਕੇ ਕੁੱਖ ਅੰਦਰ ਪਲ਼ ਰਹੇ ਬੱਚੇ ਦੇ ਸਰੀਰ ਤਕ ਸੂਈ ਲਿਜਾਂਦੇ ਸਨ। ਇਸ ਨਾਲ ਦਰਦ ਹੁੰਦਾ ਸੀ ਅਤੇ ਬੱਚੇ ਦੇ ਗਿਰਨ ਦੀ ਸੰਭਾਵਨਾ ਰਹਿੰਦੀ ਸੀ। ਵਿਗਿਆਨੀਆਂ ਨੇ ਇਸ ਨਵੇਂ ਟੈਸਟ ਨਾਲ ਬੱਚੇ ਦੇ ਸੂਈ ਚੋਭਣ ਨੂੰ ਰੱਦ ਕਰ ਦਿੱਤੈ। ਮਾਂ ਦੇ ਬਲੱਡ ਸੈਂਪਲ ਤੋਂ ਹੀ ਬੱਚੇ ਦੇ ਡੀ ਐੱਨ ਏ ਦੀ ਜਾਂਚ ਕੀਤੀ ਜਾ ਸਕਦੀ ਐ। ਇਹ ਟੈਸਟ ਡਾਊਨ ਸਿਡਰਮ ਵਰਗੇ ਖਤਰਨਾਕ ਰੋਗਾਂ ਲਈ ਕੀਤਾ ਜਾਂਦੈ। ਇਹ ਬਹੁਤ ਹੀ ਸੰਵੇਦਨਸ਼ੀਲ ਟੈਸਟ ਏ। ਜਦੋਂ ਬੱਚਾ ਮਾਂ ਦੀ ਕੁੱਖ ਵਿਚ ਪਲ਼ ਰਿਹਾ ਹੁੰਦੈ. ਬੱਚੇ ਦਾ ਫਲਿਊਡ ਲੀਕ ਹੋ ਕੇ ਮਾਂ ਦੇ ਬਲੱਡ ਵਿਚ ਰਲ਼ ਰਿਹਾ ਹੁੰਦੈ। ਮਾਂ ਤੋਂ ਈ ਬੱਚੇ ਨੂੰ ਖੁਰਾਕ ਮਿਲ਼ਦੀ ਏ। ਬੱਚੇ ਦਾ ਡੀ ਐੱਨ ਏ ਮਾਂ ਦੇ ਡੀ ਐੱਨ ਏ ਵਿਚ ਚਲਾ ਜਾਂਦਾ।... ਸਰ, ਮੇਰੀ ਬੇਨਤੀ ਇਹ ਐ ਕਿ ਅੱਜ ਵੀ ਮਿਸਿਜ਼ ਗੁਪਤਾ ਦੇ ਖੂਨ ਵਿਚ ਬੱਚੇ ਦਾ ਡੀ ਐੱਨ ਏ ਹੈ ਤਾਂ ਮਾਂ ਦਾ ਡੀ ਐੱਨ ਏ ਬੱਚੇ ਦੇ ਖੂਨ ਵਿਚ ਕਿਉਂ ਨ੍ਹੀਂ ਹੋਏਗਾ? ਸੋ, ਮੀ ਲਾਰਡ, ਮੇਰੀ ਮੁਵੱਕਲ ਨੂੰ ਇਸ ਖੋਜ ਦੇ ਆਧਾਰ 'ਤੇ ਇਨਸਾਫ ਦਿੱਤਾ ਜਾਵੇ।" ਐਡਵੋਕੇਟ ਕਿਮ ਨੇ 'ਮੈਡੀਕਲ ਸਾਇੰਸ' ਦੇ ਐਮਨੀਓਟਿਕ ਟੈਸਟ ਵਾਲੀ ਖੋਜ ਦਾ ਹਵਾਲਾ ਦੇ ਕੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਉਹ ਮੈਨੂੰ ਮਾਂ ਦਾ ਅਧਿਕਾਰ ਦੁਆਉਣ।

"ਸੌਰੀ, ਮੇਰੇ ਲਈ ਬੜਾ ਅਜੀਬ ਕੇਸ ਏ। ਇੱਥੇ ਕੁਝ ਸ਼ਹਿਰੀ ਪਤਵੰਤੇ ਸੱਦੇ ਹੋਏ ਨੇ। ਉਹ ਵੀ ਸਾਨੂੰ ਸਲਾਹ ਦੇਣਗੇ। ਬਾਕੀ ਜੱਜਾਂ ਦਾ ਪੈਨਲ ਕੇਸ ਸਟੱਡੀ ਕਰੇਗਾ। ਅਗਲੀ ਤਰੀਕ ਤਕ ਮੈਂ ਇਹ ਫੈਸਲਾ ਰਾਖਵਾਂ ਰੱਖਦਾ ਹਾਂ।" ਜੱਜ ਨੇ ਕਿਮ ਕੋਲੋਂ ਮੇਰੀ ਡੀ ਐੱਨ ਏ ਦੀ ਰਿਪੋਰਟ ਅਤੇ ਨਵੀਂ ਖੋਜ ਦੇ ਡਾਕੂਮੈਂਟਸ ਲੈਂਦਿਆਂ ਕਿਹਾ ਸੀ। ਮੈਂ ਡਰ ਰਹੀ ਸੀ। ਦਰਅਸਲ ਇਸ ਤਰੀਕ 'ਤੇ 'ਬੇਬੀ ਕੰਪਨੀ' ਵੀ ਕੇਸ ਵਿਚ ਆ ਫਸੀ ਸੀ। ਲਾਇਰ ਕਹਿ ਰਹੀ ਸੀ— 'ਕਾਨੂੰਨ ਤਾਂ ਕਾਨੂੰਨ ਏ। ਕੰਪਨੀਆਂ ਫੈਸਲੇ ਥੋੜ੍ਹਾ ਬਦਲ ਸਕਦੀਆਂ।' ਉਹਨੇ ਮੇਰੀ ਗੱਲ ਹੀ ਨਹੀਂ ਸੀ ਸੁਣੀ। ਅੱਜ ਕਲ ਮੰਮੀ ਵੀ ਮੇਰੀਆਂ ਗੱਲਾਂ ਨਹੀਂ ਸੁਣਦੀ। ਕਹਿੰਦੀ—'ਕਿਹੜਾ ਦੋ ਦੋ ਘੰਟੇ ਕੰਨਾਂ ਨੂੰ ਫੋਨ ਲਾਈ ਰੱਖੇ। ਬੋਲ਼ੀ ਥੋੜ੍ਹਾ ਹੋਣਾਂ।' ਇਹ ਉਹੀ ਮਾਂ ਏ, ਜਿਹੜੀ ਕਹਿੰਦੀ ਹੁੰਦੀ ਸੀ—'ਧੀਏ, ਤੂੰ ਹੀ ਟੱਬਰ ਦਾ ਬੇੜਾ ਪਾਰ ਕਰ ਸਕਦੀ ਏਂ।' ਇਕ ਦਿਨ ਵਨੀਤਾ ਕਹਿਣ ਲੱਗੀ— "ਦੀਦੀ, ਤੂੰ ਹਰ ਵਕਤ ਬੱਚੇ ਲਈ ਰੱਟ ਲਾਈ ਰੱਖਦੀ ਏਂ। ਜਿਸ ਹਾਈ ਕਲਾਸ ਦੀ ਤੂੰ ਹੈਗੀ ਏਂ, ਉਹਦੇ ਵਿਚ ਰਿਸ਼ਤਿਆਂ ਲਈ ਕੋਈ ਥਾਂ ਨਹੀਂ ਹੁੰਦੀ। ਇਹ ਬੱਚੇ ਵਾਲਾ ਮਾਮਲਾ ਛੋਟਾ ਏ। ਲਾਈਫ ਵਿਚ ਫਨ ਕਰੋ।" ਮਾਲਤੀ ਨੇ ਤਾਂ ਸਿਰਾ ਹੀ ਲਾ ਦਿੱਤਾ ਜਦੋਂ ਆਖਿਆ, "ਦੀਦੀ, ਜਿਵੇਂ ਤੁਸੀ ਡੇਵਡ ਲਈ ਸਰੋਗੇਟ ਮਦਰ ਬਣੇ ਸੀ, ਉਵੇਂ ਕਿਸੇ ਹੋਰ ਨੀਡੀ ਨੂੰ ਆਪਣੇ ਲਈ ਸਰੋਗੇਟ ਮਦਰ ਵਜੋਂ ਚੁਣ ਲਵੋ",

ਮੈਂ ਪਰਸੋਂ ਦੀ ਬਹੁਤ ਅਪਸੈੱਟ ਸੀ। ਉਦੋਂ ਇਕ ਲੋਕ ਕਥਾ ਯਾਦ ਆਈ—'ਇਹ ਬਹੁਤ ਪੁਰਾਣੇ ਸਮਿਆਂ ਦੀ ਗੱਲ ਏ। ਇਕ ਬੱਚਾ ਬਚਪਨ ਵਿਚ ਖੋ ਗਿਆ ਸੀ। ਜਦੋਂ ਉਹ ਕੁਝ ਵੱਡਾ ਹੋਇਆ ਮਿਲਿਆ ਤਾਂ ਦੋ ਔਰਤਾਂ ਉਸ ਉੱਤੇ ਮਾਂ ਦਾ ਹੱਕ ਜਤਾਉਣ ਲੱਗੀਆਂ। ਪੁੱਤ ਕਿਸਦਾ ਹੈ? ਦਾ ਫੈਸਲਾ ਕਰਨ ਲਈ ਮਾਮਲਾ ਰਾਜੇ ਦੇ ਦਰਬਾਰ ਪੁੱਜ ਗਿਆ। ਰਾਜੇ ਨੇ ਦੋਵਾਂ ਦਾਅਵੇਦਾਰ ਮਾਵਾਂ ਨੂੰ ਕਿਹਾ-ਬੱਚੇ ਦੀ ਇਕ ਇਕ ਬਾਂਹ ਫੜ ਲਵੋ। ਜਿਹੜੀ ਔਰਤ ਜ਼ੋਰ ਨਾਲ ਲੜਕੇ ਨੂੰ ਆਪਣੇ ਵੱਲ ਖਿੱਚ ਲਵੇਗੀ, ਬੱਚਾ ਉਸਦਾ ਹੋਏਗਾ। ਦੋਨੋਂ ਔਰਤਾਂ ਬੱਚੇ ਨੂੰ ਆਪਣੇ-ਆਪਣੇ ਵੱਲ ਖਿੱਚਣ ਲੱਗੀਆਂ। ਜੋ ਔਰਤ ਬੱਚੇ 'ਤੇ ਕਬਜ਼ਾ ਕਰਨਾ ਚਾਹੁੰਦੀ ਸੀ, ਉਹ ਜ਼ੋਰ ਨਾਲ ਬਾਂਹ ਖਿੱਚਣ ਲੱਗੀ। ਅਸਲੀ ਮਾਂ ਨੂੰ ਲੱਗਾ, ਉਸਦੇ ਬੇਟੇ ਦੀਆਂ ਬਾਹਾਂ ਨਿਕਲ ਜਾਣਗੀਆਂ। ਉਸਨੇ ਬਾਂਹ ਛੱਡ ਦਿੱਤੀ। ਜ਼ੋਰ ਲਾ ਰਹੀ ਔਰਤ ਵੱਲ ਬੱਚਾ ਡਿੱਗ ਪਿਆ। ਅਸਲ ਮਾਂ ਭੱਜ ਕੇ ਬੱਚੇ ਕੋਲ਼ ਗਈ। ਬੋਲੀ-- ਪੁੱਤ, ਤੇਰੀਆਂ ਬਾਹਾਂ ਤਾਂ ਠੀਕ ਨੇ? ਉਹਨੇ ਬੱਚੇ ਨੂੰ ਛਾਤੀ ਨਾਲ ਲਾਇਆ ਸੀ। ਜ਼ੋਰ ਨਾਲ ਖਿੱਚਣ ਵਾਲੀ ਔਰਤ ਨੇ ਉੱਠ ਕੇ ਬੱਚੇ ਨੂੰ ਕਬਜ਼ੇ ਵਿਚ ਲੈ ਲਿਆ ਸੀ। ਰਾਜਾ ਸਮਝ ਗਿਆ ਸੀ, ਇਹ ਉਸਦੀ ਨਕਲੀ ਮਾਂ ਏ। ਜਿਸ ਔਰਤ ਨੇ ਬਾਂਹ ਛੱਡ ਦਿੱਤੀ ਸੀ, ਰਾਜੇ ਨੇ ਬੱਚਾ ਉਸਨੂੰ ਹੈਂਡਓਵਰ ਕਰ ਦਿੱਤਾ।'

ਰਾਤ ਨੂੰ ਏਹੀ ਕਥਾ ਮੇਰੇ ਸੁਪਨੇ ਵਿਚ ਆ ਗਈ। ਡੇਵਿਡ ਕੋਰਟ ਵਿਚ ਖੜ੍ਹਾ ਸੀ। ਇਕ ਬਾਂਹ ਡੈਵੀ ਖਿੱਚ ਰਹੀ ਸੀ ਤੇ ਦੂਜੀ ਬਾਂਹ ਮੈਂ। ਜੱਜ ਧਿਆਨ ਨਾਲ ਦੇਖ ਰਿਹਾ ਸੀ। ਵਕੀਲ ਆਪਣੇ-ਆਪਣੇ ਮੁਵੱਕਲ ਨੂੰ ਬਾਂਹ ਆਪਣੇ ਵੱਲ ਖਿੱਚਣ ਲਈ ਜ਼ੋਰ ਪਾ ਰਹੇ ਸਨ। ਅਸੀਂ ਦੋਨੋਂ ਜ਼ੋਰ ਲਾਉਣ ਲੱਗੀਆਂ। ਮੈਨੂੰ ਲੱਗਾ, ਡੇਵਿਡ ਦਰਦ ਨਾਲ ਕਰਾਹ ਰਿਹਾ ਏ ਤੇ ਸ਼ਾਇਦ ਡੈਵੀ ਨੂੰ ਵੀ ਏਹੀ ਲੱਗਾ। ਮੈਂ ਬਾਂਹ ਛੱਡ ਦਿੱਤੀ ਤੇ ਉਹਨੇ ਵੀ।

ਮੈਂ ਸੁਪਨੇ ਵਿਚੋਂ ਨਿਕਲ ਕੇ ਸੋਚਣ ਲੱਗੀ। ਡੈਵੀ ਵੀ ਬਾਂਹ ਕਿਉਂ ਖਿੱਚੇਗੀ? ਆਖਿਰ ਉਹ ਵੀ ਤਾਂ ਮਾਂ ਏ। ਮੈਨੂੰ ਕਦੇ ਚੰਗੇ ਸੁਪਨੇ ਆਉਂਦੇ ਤੇ ਕਦੇ ਬੁਰੇ। ਮੈਨੂੰ ਲੱਗਣ ਲੱਗ ਪਿਆ ਕਿ ਕਾਰ ਕੰਪਨੀ ਨੇ ਈ ਮੇਰੇ ਜੀਵਨ ਨਾਲ ਖਿਲਵਾੜ ਕੀਤਾ ਏ। ਮੈਂ ਸਰਮਾਏ ਦੇ ਜਾਲ਼ ਵਿਚ ਫਸ ਗਈ। ਉਹ ਕੰਪਨੀ ਹੀ ਮੇਰੇ ਕੀਮਤੀ ਸਾਲ ਖਾ ਗਈ।...

*****

ਹੈਂਅ! ਪਤਾ ਨਹੀਂ ਕਿੰਨੇ ਘੰਟੇ ਹੋ ਗਏ ਆ, ਮੈਨੂੰ ਆਪਣੇ ਆਪ ਵਿਚ ਖੋਈ ਹੋਈ ਨੂੰ। ਮੋਬਾਇਲ ਦੇ ਅਲਾਰਮ ਨੇ ਮੈਨੂੰ ਯਾਦ ਕਰਵਾਇਆ ਏ ਕਿ ਅੱਜ ਕੋਰਟ ਦੀ ਤਰੀਕ ਏ। ਅੱਜ ਕਲ ਮੈਂ ਭੁੱਲਦੀ ਬਹੁਤ ਆਂ। ਇਸੇ ਕਰਕੇ ਰਾਤ ਅਲਾਰਮ ਲਾ ਲਿਆ ਸੀ। ਮੇਰੇ ਤਿਆਰ ਹੋਣ ਲਈ ਕਾਫੀ ਟਾਇਮ ਹੈਗਾ। ਮੈਂ ਅੱਖਾਂ ਸਾਫ ਕੀਤੀਆਂ ਹਨ। ਤਿਆਰ ਹੋਣ ਲੱਗੀ ਹਾਂ। ... ਤਿਆਰ ਹੋ ਕੇ ਟੋਸਟਾਂ 'ਤੇ ਜੈਮ ਤੇ ਬਟਰ ਲਾ-ਲਾ ਖਾਣ ਲੱਗੀ ਹਾਂ। ਟੈਲੀਵੀਜ਼ਨ ਵੀ ਆਨ ਕੀਤਾ ਹੋਇਆ। ਗਰੀਸ ਦੀ ਇਕ ਅਦਾਲਤ ਦੇ ਫੈਸਲੇ ਦੀ ਨਿਊਜ਼ ਪ੍ਰਸਾਰਤ ਹੋ ਰਹੀ ਏ—"ਅਦਾਲਤ ਨੇ ਅੱਜ ਇਕ ਅਹਿਮ ਫੈਸਲਾ ਸੁਣਾਇਆ ਹੈ। ਜਿਸ ਅਨੁਸਾਰ ਸਰੋਗੇਟ ਮਦਰ ਦਾ ਵੀ ਬੱਚੇ ਉੱਤੇ ਹੱਕ ਉਨਾ ਹੀ ਹੋਏਗਾ ਜਿੰਨਾ ਬਾਇਓਲੋਜੀਕਲ ਮਦਰ ਦਾ।ਅਦਾਲਤ ਨੇ ਇਹ ਫੈਸਲਾ ਐਮਨੀਓਟਿਕ ਫਲਿਊਡ ਟੈਸਟ ਦੀ ਖੋਜ ਨੂੰ ਆਧਾਰ ਮੰਨ ਕੇ ਦਿੱਤਾ ਹੈ।"

"ਹਿਪ ਹਿਪ ਹੁਰਾਹ...।" ਖੁਸ਼ੀ ਵਿਚ ਮੇਰੇ ਮੂੰਹੋਂ ਨਿਕਲਿਆ।

ਮੈਂ ਗੀਤ ਗੁਣਗੁਣਾਉਂਦੀ ਕਾਰ ਚਲਾ ਰਹੀ ਹਾਂ। ਗਰੀਸ ਵਾਲੀ ਅਦਾਲਤ ਦਾ ਥੈਂਕਸ ਕਰ ਰਹੀ ਹਾਂ। ਇਸ ਫੈਸਲੇ ਨਾਲ ਜੱਜ ਮੇਰੇ ਹੱਕ ਵਿਚ ਭੁਗਤੇਗਾ। ਉਸਨੂੰ ਲੱਗ ਰਿਹਾ ਸੀ—ਦੁਨੀਆਂ ਵਿਚ ਇਹ ਪਹਿਲੀ ਕਿਸਮ ਦਾ ਕੇਸ ਉਸਦੀ ਅਦਾਲਤ ਵਿਚ ਆਇਆ ਏ। ਹੁਣ 'ਤੇ ਮਾਂ ਦੇ ਹੱਕ ਵਿਚ ਫੈਸਲਾ ਸੁਣਾਉਣ ਲਈ ਉਹਨੂੰ ਆਧਾਰ ਮਿਲ ਗਿਆ। ਮੈਂ ਹੈਪੀ ਮੂਡ ਵਿਚ ਕੋਰਟ ਪੁੱਜੀ ਹਾਂ। ਕੋਰਟ ਰੂਮ ਵਿਗਿਆਨੀਆਂ, ਪੱਤਰਕਾਰਾਂ ਤੇਪਤਵੰਤੇ ਸੱਜਣਾਂ ਨਾਲ ਭਰਿਆ ਪਿਆ ਏ। ਇਸ ਕੇਸ ਦੇ ਫੈਸਲੇ ਬਾਰੇ ਬਹੁਤੇ ਲੋਕਾਂ ਵਿਚ ਬੜੀ ਉਤਸੁਕਤਾ ਏ। ਜੱਜ ਨੇ ਅੱਜ ਕੰਪਨੀ ਦੇ ਵਕੀਲ ਦੀਆਂ ਦਲੀਲਾਂ ਵੀ ਸੁਣੀਆਂ ਨੇ—"ਸਰ, ਜਦੋਂ ਵੀ ਕਿਸੇ ਔਰਤ ਨੂੰ ਸਰੋਗੇਟ ਮਦਰ ਲਈ ਸਾਈਨ ਕੀਤਾ ਜਾਂਦਾ ਏ। ਸਭ ਤੋਂ ਪਹਿਲਾਂ ਉਹਨੂੰ ਕੰਪਨੀ ਦੇ ਟਰਮਜ਼ ਤੇ ਕੰਡੀਸ਼ਨਜ਼ ਤੋਂ ਜਾਣੂ ਕਰਵਾਇਆ ਜਾਂਦਾ ਏ। ਫਿਰ ਕਾਨੂੰਨੀ ਕਾਗ਼ਜ਼ੀ ਕਾਰਵਾਈ ਕੀਤੀ ਜਾਂਦੀ ਏ। ਕੰਪਨੀ ਨਾਲ ਹੋਏ ਐਗਰੀਮੈਂਟ ਨੂੰ ਰੱਦ ਨਹੀਂ ਕੀਤਾ ਜਾ ਸਕਦਾ।" ਕੰਪਨੀ ਦਾ ਵਕੀਲ ਆਪਣਾ ਪੱਖ ਰੱਖ ਰਿਹਾ ਏ।

"ਜੇ ਡਾਕਟਰ ਮਾਂ ਦੇ ਖੂਨ ਦੇ ਸੈਂਪਲ ਤੋਂ ਬੱਚੇ ਦੇ ਡੀ ਐੱਨ ਏ ਦਾ ਪਤਾ ਲਾ ਸਕਦੇ ਨੇ ਤਾਂ ਉਹ ਉਸਦੀ ਮਾਂ ਕਿਉਂ ਨਹੀਂ ਹੋ ਸਕਦੀ? ਉਹ ਮਾਂ ਆ, ਜਿਸ ਨੇ ਉਸਨੂੰ ਆਪਣੇ ਲਹੂ ਨਾਲ ਸਿੰਜਿਆ ਏ।" ਲਾਇਰ ਕਿਮ ਨੇ ਆਖਰੀ ਦਲੀਲ ਦਿੱਤੀ ਏ। ਜੱਜ ਮੁਸਕਰਾਇਆ ਏ। ਉਹ ਫੈਸਲਾ ਸੁਣਾਉਣ ਲੱਗਾ ਏ। ਮੇਰੀ ਧੜਕਣ ਤੇਜ਼ ਹੋ ਗਈ ਏ। ਮੈਨੂੰ ਇਸ ਦੇਸ ਦੇ ਕਾਨੂੰਨ 'ਤੇ ਬਹੁਤ ਆਸ ਏ ਕਿ ਫੈਸਲਾ ਮੇਰੇ ਹੱਕ ਵਿਚ ਹੋਏਗਾ। ਨਾਲੇ ਗਰੀਸ ਦੀ ਕੋਰਟ ਦੇ ਫੈਸਲੇ ਨੇ ਆਸ ਬੰਨ੍ਹਾਈ ਏ।

"ਕੋਰਟ ਇਸ ਨਤੀਜੇ 'ਤੇ ਪੁੱਜੀ ਏ ਕਿ ਇਕਰਾਰਨਾਮੇ ਮੁਤਾਬਕ ਡੈਵੀ ਬਰਾਊਨ ਡੇਵਡ ਬਰਾਊਨ ਦੀ ਮਾਂ ਏ, ਨਾ ਕਿ ਸੁਧਾ ਗੁਪਤਾ। 'ਐਮਨੀਓਟਿਕ ਫਲਿਊਡ ਟੈਸਟ' ਦੀ ਖੋਜ ਅਨੁਸਾਰ ਜੈਵਿਕ ਮਾਂ ਅਤੇ ਕਿਰਾਏ ਦੀ ਕੁੱਖ ਵਾਲੀ ਮਾਂ... ਦੋਨਾਂ ਦਾ ਬੱਚੇ 'ਤੇ ਅਧਿਕਾਰ ਬਣਦਾ ਐ। ਪਰ ਜਦੋਂ ਦੋਨਾਂ ਪਾਰਟੀਆਂ ਵਿਚ ਇਕਰਾਰਨਾਮਾ ਹੋਇਆ ਸੀ, ਉਦੋਂ ਇਹ ਖੋਜ ਨਹੀਂ ਸੀ ਹੋਈ। ਇਸ ਕਰਕੇ ਇਹ ਖੋਜ ਏਥੇ ਆਧਾਰ ਨਹੀਂ ਬਣਦੀ।... ਕੋਰਟ ਸੁਧਾ ਗੁਪਤਾ ਨੂੰ ਹਦਾਇਤ ਕਰਦੀ ਏ ਕਿ ਉਹ ਬਰਾਊਨ ਫੈਮਿਲੀ ਦੀਆਂ ਖੁਸ਼ੀਆਂ ਵਿਚ ਰੁਕਾਵਟ ਨਾ ਪਾਵੇ ਤੇ ਆਪਣੀ ਮਮਤਾ ਦੀ ਪੂਰਤੀ ਲਈ ਕੋਈ ਆਲਟਰਨੇਟਿਵ ਦੇਖੇ।"

ਜੱਜ ਦਾ ਇਹ ਫੈਸਲਾ ਮਮਤਾ ਵਿਰੋਧੀ ਏ। ਮੇਰੇ ਕੋਲੋਂ ਦੂਜੀ ਵਾਰ ਮੇਰੇ ਜਿਗਰ ਦਾ ਟੁਕੜਾ ਖੋਹ ਲਿਆ ਗਿਆ ਏ। ... ਅਸੀਂ ਕੋਰਟ ਤੋਂ ਬਾਹਰ ਆਏ ਹਾਂ। ਬਰਾਊਨ ਫੈਮਿਲੀ ਨੇ ਆਪਣੇ ਘਰ ਜਾਣ ਲਈ ਏਅਰਪੋਰਟ ਵਾਲੀ ਟੈਕਸੀ ਫੜ ਲਈ ਏ। ਮੇਰੀਆਂ ਲੱਤਾਂ ਵਿਚ ਜਾਨ ਨਹੀਂ ਰਹੀ। ਜਿਵੇਂ ਬੁੱਤ ਬਣ ਗਈ ਹੋਵਾਂ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਪੰਜਾਬ ਦੇ ਸਮਾਜਕ ਯਥਾਰਥ ਤੋਂ ਲੈ ਕੇ ਬ੍ਰਹਿਮੰਡੀ ਵਿਗਿਆਨ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਨੇ ਹਾਸ਼ੀਏ ਤੇ ਧੱਕੇ ਦਲਿਤਾਂ ਅਤੇ ਦਮਿਤਾਂ ਦੀ ਬਾਤ ਪਾਈ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਵਿਗਿਆਨਕ ਸੋਚ, ਯਥਾਰਥਵਾਦੀ ਸੋਝੀ, ਮਾਨਵੀ ਸੰਵੇਦਨਾ, ਬੌਧਿਕ ਕਲਪਨਾ ਅਤੇ ਕ੍ਰਾਂਤੀਕਾਰੀ ਚੇਤਨਾ ਇਕੋ ਵੇਲੇ ਨਾਲੋ ਨਾਲ ਮੌਜੂਦ ਰਹਿੰਦੀਆਂ ਹਨ। ਉਨ੍ਹਾਂ ਨਾ ਕੇਵਲ ਪੰਜਾਬੀ ਦੀ ਪ੍ਰਗਤੀਵਾਦੀ ਯਥਾਰਥਵਾਦੀ ਸ਼ੈਲੀ ਦੀ ਕਹਾਣੀ ਵਿੱਚ ਹੀ ਨਵੇਂ ਪ੍ਰਯੋਗ ਕੀਤੇ ਸਗੋਂ ਅਸਲੋਂ ਨਵੀਂ ਸ਼ੈਲੀ ਦੀ ਵਿਗਿਆਨਕ ਗਲਪ ਵੀ ਲਿਖੀ। ਉਨ੍ਹਾਂ ਦੀ ਵਾਰਤਕ ਸ਼ੈਲੀ ਕਮਾਲ ਹੈ, ਜਿਸ ਵਿੱਚ ਤੱਥਗਗੱਤ ਜਾਣਕਾਰੀ, ਇਤਿਹਾਸਕ ਬੋਧ ਅਤੇ ਸੁੰਦਰ ਸ਼ਬਦ ਚੋਣ ਹੁੰਦੀ ਹੈ।





# ਮੁਹਾਰਤ

ਡਾ. ਦੇਵਿੰਦਰ ਪਾਲ ਸਿੰਘ

ਮਾਰਚ ਦਾ ਮਹੀਨਾ ਸੀ। ਬਸੰਤ ਰੁੱਤ ਪੂਰੇ ਜੋਬਨ 'ਤੇ ਸੀ। ਨਿੱਘੀ ਨਿੱਘੀ ਧੁੱਪ ਵਿਚ ਰੰਗ ਬਰੰਗੇ ਫੁੱਲਾਂ ਦੀ ਖੁਸ਼ਬੂ ਹਰ ਕਿਸੇ ਨੂੰ ਸਰਸ਼ਾਰ ਕਰਦੀ ਜਾ ਰਹੀ ਸੀ। ਵੰਨ ਸੁਵੰਨੇ ਰੰਗਾਂ ਨਾਲ ਲਬਰੇਜ਼ ਤਿੱਤਲੀਆਂ ਦਾ ਫੁੱਲਾਂ ਉੱਤੇ ਮੰਡਰਾਉਣਾ ਤੇ ਹਲਕੇ ਹਲਕੇ ਰੁਮਕ ਰਹੀ ਹਵਾ ਨਾਲ ਫੁੱਲਾਂ ਲੱਦੇ ਬੂਟਿਆਂ ਦੇ ਝੂੰਮਣ ਦਾ ਦ੍ਰਿਸ਼ ਹਰ ਕਿਸੇ ਦਾ ਮਨ ਮੋਹ ਲੈਣ ਦੇ ਸਮਰਥ ਸੀ।

ਰਾਏ ਬਹਾਦੁਰ ਟਿੱਕਾ ਸ਼ਿਵ ਚੰਦ ਦੇ ਮਹਿਲਨੁਮਾ ਘਰ ਵਿਖੇ ਅੱਜ ਦੁਪਿਹਰੇ ਵਿਸ਼ੇਸ਼ ਪਾਰਟੀ ਦਾ ਆਯੋਜਨ ਸੀ। ਰਾਏ ਸਾਹਿਬ ਦੀ ਧਰਮ ਪਤਨੀ ਸ਼੍ਰੀਮਤੀ ਕਮਲਾ ਦੇਵੀ, ਨੂੰ ਸਾਰੇ ਰਾਣੀ ਸਾਹਿਬਾ ਹੀ ਬੁਲਾਂਦੇ ਸਨ। ਇਸ ਮੌਕੇ ਰਾਏ ਸਾਹਿਬ ਤੇ ਰਾਣੀ ਸਾਹਿਬਾ ਦੋਨੋਂ ਹੀ ਆਏ ਮਹਿਮਾਨਾਂ ਦਾ ਦਿਲੋਂ ਜਾਨ ਨਾਲ ਸਵਾਗਤ ਕਰਨ ਵਿਚ ਮਸਰੂਫ ਸਨ। ਖੂਬਸੂਰਤ ਰੁੱਤ ਦਾ ਅਸਰ ਸੀ ਜਾਂ ਫਿਰ ਰਾਏ ਸਾਹਿਬ ਦੀ ਮਹਿਮਾਨ ਨਿਵਾਜ਼ੀ, ਸਾਰੇ ਹੀ ਮਹਿਮਾਨਾਂ ਦੇ ਮਨ ਖੁਸ਼ੀ ਨਾਲ ਸਰਸ਼ਾਰ ਸਨ।

ਸਧਾਰਣ ਜਿਹੀ ਦਿੱਖ ਵਾਲੀ ਮਿਸਿਜ਼ ਰਿਤਿਕਾ ਗਰੇਵਾਲ ਸਾਰੇ ਮਹਿਮਾਨਾਂ ਦੀ ਵਿਸ਼ੇਸ਼ ਉਤਸੁਕਤਾ ਦਾ ਕੇਂਦਰ ਸੀ। ਮਹਿਮਾਨਾਂ ਵਿਚੋਂ ਉਹੀ ਇਕ ਅਜਿਹੀ ਔਰਤ ਸੀ ਜਿਸ ਬਾਰੇ ਬਹੁਤੇ ਮਹਿਮਾਨ ਅਣਜਾਣ ਹੀ ਸਨ। ਕਿਸੇ ਨੇ ਦੱਸ ਪਾਈ ਸੀ ਕਿ ਉਹ ਕਾਫੀ ਗੁਣੀ ਔਰਤ ਹੈ ਅਤੇ ਰਾਣੀ ਸਾਹਿਬਾ ਨੇ ਇਸ ਖਿਆਲ ਨਾਲ ਕਿ ਸ਼ਾਇਦ ਉਸ ਦੀ ਖਾਸੀਅਤ, ਪਾਰਟੀ ਦੀ ਰੌਣਕ ਵਧਾਉਣ ਦੇ ਕੰਮ ਆ ਸਕੇ, ਉਸ ਨੂੰ ਸੱਦਾ ਭੇਜ ਦਿੱਤਾ ਸੀ।

ਪਾਰਟੀ ਦੇ ਅੱਧ ਤਕ ਪੁੱਜ ਜਾਣ 'ਤੇ ਵੀ ਉਹ ਇਹ ਨਹੀਂ ਸੀ ਜਾਣ ਸਕੀ ਕਿ ਮਿਸਿਜ਼ ਗਰੇਵਾਲ ਦੀ ਖਾਸੀਅਤ ਕਿਸ ਖੇਤਰ ਵਿਚ ਹੈ। ਨਾਂ ਤਾਂ ਉਹ ਮਜ਼ਾਹੀਆ ਮਿਜ਼ਾਜ਼ ਦੀ ਸੀ ਤੇ ਨਾ ਹੀ ਮਨੋਪਲੀ ਚੈਂਪੀਅਨ। ਨਾ ਤਾਂ ਉਸ ਨੂੰ ਤਾਸ਼ ਦੇ ਟੱਰਿਕ ਹੀ ਪਤਾ ਸਨ ਤੇ ਨਾ ਹੀ ਉਹ ਕਿਸੇ ਜਾਦੂਈ ਖੇਲ ਦੀ ਮਾਹਿਰ ਸੀ। ਨਾ ਹੀ ਉਹ ਐਨੀ ਸੁਹਣੀ ਹੀ ਸੀ ਕਿ ਜਿਸ ਦੇ ਇਵਜ਼, ਮਰਦ, ਉਸ ਦੀ ਮੰਦ-ਬੁੱਧੀ ਨੂੰ ਅੱਖੋ-ਪ੍ਰੋਖੇ ਕਰ ਦੇਣ। ਹੁਣ ਤਕ ਤਾਂ ਉਹ ਸਿਰਫ ਮਿਸਿਜ਼ ਗਰੇਵਾਲ ਹੀ ਰਹਿ ਗਈ ਸੀ ਤੇ ਰਿਤਿਕਾ ਤਾਂ ਇਕ ਫਰੇਬਮਈ ਨਾਮ ਜਾਪ ਰਿਹਾ ਸੀ।

ਤੇ ਹੁਣ ਉਹ ਇਹ ਦਾਅਵਾ ਕਰ ਰਹੀ ਸੀ ਕਿ ਉਸ ਨੇ ਇਕ ਅਜਿਹੀ ਖੋਜ ਕੀਤੀ ਹੈ ਜਿਸ ਸਾਹਮਣੇ ਐਟਮ ਬੰਬ, ਬਿਜਲੀ ਤੇ ਕੰਪਿਊਟਰ ਵਰਗੀਆਂ ਖੋਜਾਂ ਬਿਲਕੁਲ ਹੀ ਫਿੱਕੀਆਂ ਨਜ਼ਰ ਆਉਣਗੀਆਂ। ਬੇਸ਼ਕ ਉਸ ਦੀ ਖੋਜ ਵਿਗਿਆਨਕ ਹੈ ਪਰ ਆਮ ਲੋਕਾਂ ਨੂੰ ਇਹ ਅਚੰਭਾ ਹੀ ਜਾਪੇਗੀ।

'ਤੁਹਾਡਾ ਕਹਿਣਾ ਹੈ ਕਿ ਤੁਸੀਂ ਪੰਛੀਆਂ ਨੂੰ ਮਨੁੱਖੀ ਬੋਲੀ ਬੋਲਣ ਦਾ ਗੁਣ ਸਿਖਾਉਣ ਦਾ ਢੰਗ ਲੱਭ ਲਿਆ ਹੈ ਤੇ ਸਾਡਾ ਪਿਆਰਾ ਮਿੱਠੂ (ਤੋਤਾ) ਤੁਹਾਡਾ ਪਹਿਲਾ ਸਫ਼ਲ ਸ਼ਾਗਿਰਦ ਸਾਬਤ ਹੋਇਆ ਹੈ।'ਰਾਏ ਸਾਹਿਬ ਦੇ ਬੋਲ ਸਨ।

'ਇਸ ਸਮੱਸਿਆ ਉੱਤੇ ਮੈਂ ਪਿਛਲੇ ਦਸ ਸਾਲਾਂ ਤੋਂ ਕੰਮ ਕਰ ਰਹੀ ਸਾਂ'ਮਿਸਿਜ਼ ਗਰੇਵਾਲ ਨੇ ਕਿਹਾ, 'ਪਰ ਪਿਛਲੇ ਚਾਰ ਕੁ ਮਹੀਨਿਆਂ ਤੋਂ ਮੈਨੂੰ ਸਫਲਤਾ ਦੀ ਹਲਕੀ ਜਿਹੀ ਝਲਕ ਨਜ਼ਰ ਆਉਣ ਲੱਗੀ । ਹਾਂ! ਮੈਂ ਪਹਿਲਾਂ ਕਈ ਪੰਛੀਆਂ ਨਾਲ ਤਜਰਬੇ ਕੀਤੇ ਪਰ ਪਿਛਲੇ ਕੁਝ ਸਮੇਂ ਤੋਂ ਮੈਂ ਸਿਰਫ਼ ਤੋਤਿਆਂ ਦੀ ਸਿਖਲਾਈ ਦਾ ਹੀ ਕੰਮ ਕੀਤਾ ਹੈ। ਪਾਲਤੂ ਤੋਤੇ ਹੋਰਨਾਂ ਪੰਛੀਆਂ ਦੀ ਤੁਲਨਾ ਵਿਚ ਵਧੇਰੇ ਸੂਝਵਾਨ ਹੁੰਦੇ ਨੇ ਤੇ ਮਨੁੱਖੀ ਬੋਲੀ ਸਮਝਣ ਤੇ ਬੋਲਣ ਦੇ ਸਮਰਥ ਵੀ।

ਜਿਵੇਂ ਮਨੁੱਖਾਂ ਵਿਚ ਕਦੇ ਕਦੇ ਕੋਈ ਬਹੁਤ ਹੀ ਸੂਝਵਾਨ ਵਿਅਕਤੀ ਨਜ਼ਰ ਆ ਜਾਂਦਾ ਹੈ ਠੀਕ ਇੰਝ ਹੀ ਤੋਤਿਆਂ ਵਿਚ ਵੀ ਕਦੇ ਕਦੇ ਬਹੁਤ ਹੀ ਸੂਝਵਾਨ ਤੋਤਾ ਮਿਲ ਜਾਂਦਾ ਹੈ। ਹਫਤਾ ਕੁ ਪਹਿਲਾਂ ਮੇਰਾ ਸੰਪਰਕ ਮਿੱਠੂ ਨਾਲ ਹੋਇਆ ਤਾਂ ਮੈਂ ਝੱਟ ਸਮਝ ਗਈ ਕਿ ਇਹ ਅਦਭੁੱਤ ਬੁੱਧੀ ਵਾਲਾ ਤੋਤਾ ਹੈ। ਬੇਸ਼ਕ ਪਿਛਲੇ ਦਿਨ੍ਹੀ, ਆਪਣੇ ਤਜਰਬਿਆਂ ਵਿਚ ਮੈਂ ਕਾਫੀ ਸਫ਼ਲ ਰਹੀ ਸਾਂ ਪਰ ਮਿੱਠੂ ਨਾਲ ਮੈਂ ਆਪਣੀ ਮੰਜ਼ਿਲ ਪਾ ਲਈ ਹੈ।'ਕਹਿੰਦਿਆਂ ਮਿਸਿਜ਼ ਗਰੇਵਾਲ ਦੇ ਬੋਲਾਂ ਵਿਚ ਵਿਸ਼ੇਸ਼ ਪ੍ਰਾਪਤੀ ਦੀ ਖੁਸ਼ੀ ਤੇ ਮਾਣ ਦਾ ਅਹਿਸਾਸ ਭਾਰੂ ਸੀ।

'ਨੱਟਸ'ਕਿਸੇ ਨੇ ਨਾ ਕਿਹਾ। ਪਰ ਮਿਸਿਜ਼ ਅਟਵਾਲ ਦੇ ਸਿੰਕੋੜੇ ਹੋਏ ਬੁੱਲ ਅਜਿਹੇ ਹੀ ਸ਼ਬਦ ਦਾ ਪ੍ਰਗਟਾ ਲੱਗ ਰਹੇ ਸਨ।

'ਇਸ ਦਾ ਮਤਲਬ ਹੈ' ਮਿਸਿਜ਼ ਰਾਮਟੇਕ ਨੇ ਥੋੜ੍ਹਾ ਰੁਕਦੇ ਹੋਏ ਕਿਹਾ 'ਕਿ ਤੂੰ ਮਿੱਠੂ ਨੂੰ ਇਕ ਸ਼ਬਦ ਵਾਲੇ ਵਾਕ ਸਮਝਣਾ ਤੇ ਬੋਲਣਾ ਸਿਖਾ ਦਿੱਤਾ ਹੈ।'

'ਮਿਸਿਜ਼ ਰਾਮਟੇਕ! ਛੋਟੇ ਬੱਚਿਆਂ, ਜਾਹਲਾਂ ਅਤੇ ਮੰਦਬੁੱਧੀ ਬਾਲਗਾਂ ਨੂੰ ਅਜਿਹੇ ਟੁੱਟਵੇਂ ਢੰਗ ਨਾਲ ਹੀ ਸਿਖਾਇਆ ਜਾਂਦਾ ਹੈ। ਪਰ ਜਦੋਂ ਕਿਸੇ ਸੂਝਵਾਨ ਪੰਛੀ ਨੂੰ ਸਿਖਉਣਾ ਹੋਵੇ ਤਾਂ ਅਜਿਹੇ ਟੁੱਟਵੇਂ ਢੰਗ ਦੀ ਲੋੜ ਨਹੀਂ ਪੈਂਦੀ। ਮਿੱਠੂ ਸਾਡੀ ਬੋਲੀ ਪੂਰੀ ਮੁਹਾਰਤ ਨਾਲ ਬੋਲ ਸਕਦਾ ਹੈ।'ਮਿਸਿਜ਼ ਗਰੇਵਾਲ ਦੇ ਸਬਰ ਭਰੇ ਬੋਲ ਸਨ।

ਇਸ ਵਾਰ ਮਿਸਿਜ਼ ਅਟਵਾਲ ਨੇ ਸਪਸ਼ਟ ਰੂਪ ਵਿਚ 'ਨੱਟਸ'ਕਿਹਾ। ਰਾਏ ਸਾਹਿਬ ਨੂੰ ਵੀ ਯਕੀਨ ਤਾਂ ਨਹੀਂ ਸੀ ਆਇਆ ਪਰ ਆਪਣੇ ਨਿਮਰ ਸੁਭਾਅ ਕਾਰਨ ਉਹ ਕੁਝ ਨਾ ਬੋਲੇ।

'ਚੰਗਾ ਰਹੇ ਜੇ ਅਸੀਂ ਮਿੱਠੂ ਨੂੰ ਇਥੇ ਲਿਆ ਉਸ ਦੀ ਮੁਹਾਰਤ ਦਾ ਖ਼ੁੱਦ ਨਿਰਣਾ ਕਰੀਏ।'ਰਾਣੀ ਸਾਹਿਬਾ ਦਾ ਸੁਝਾਅ ਸੀ।

ਰਾਏ ਸਾਹਿਬ ਮਿੱਠੂ ਨੂੰ ਲੈਣ ਚਲੇ ਗਏ ਤੇ ਉਤਸੁਕ ਮਹਿਮਾਨ ਅਚੰਭੇ ਦੇ ਵਾਪਰਣ ਦੀ ਉਡੀਕ ਵਿਚ ਕੁਰਸੀਆਂ ਤੇ ਆ ਬੈਠੇ।

ਮਿੰਟ ਕੁ ਪਿਛੋਂ ਹੀ ਰਾਏ ਸਾਹਿਬ ਵਾਪਸ ਆ ਗਏ। ਉਨ੍ਹਾਂ ਦੇ ਚਿਹਰੇ ਤੋਂ ਹੈਰਾਨੀ ਤੇ ਉਤੇਜਨਾ ਦੇ ਅੰਸ਼ ਸਪਸ਼ਟ ਨਜ਼ਰ ਆ ਰਹੇ ਸਨ।

'ਬਾਇ ਗਾਡ! ਇਹ ਤਾਂ ਬਿਲਕੁਲ ਸੱਚ ਹੈ!' ਰਾਏ ਸਾਹਿਬ ਦੇ ਹੈਰਾਨੀ ਭਰੇ ਬੋਲ ਸਨ। ਇਹ ਸੁਣਦਿਆਂ ਹੀ ਮਹਿਮਾਨਾਂ ਵਿਚ ਉਤਸੁਕਤਾ ਹੋਰ ਵੀ ਵੱਧ ਗਈ।

ਸਾਹੋ ਸਾਹ ਹੋਏ ਰਾਏ ਸਾਹਿਬ ਕੁਰਸੀ ਉੱਤੇ ਬੈਠਦੇ ਹੋਏ ਬੋਲੇ, 'ਪਿਛਲੇ ਬਗੀਚੇ ਵਿਚ ਮੈਂ ਮਿੱਠੂ ਨੂੰ ਅਮਰੂਦ ਦੇ ਬੂਟੇ ਉੱਤੇ ਊਂਘਦੇ ਹੋਏ ਦੇਖਿਆ ਤੇ ਉਸ ਨੂੰ ਚੂਰੀ ਖਾਣ ਲਈ ਆਉਣ ਵਾਸਤੇ ਕਿਹਾ। ਉਸ, ਅੱਖਾਂ ਖੋਲ੍ਹ ਮੇਰੇ ਵੱਲ ਆਮ ਵਾਂਗ ਝਾਕਿਆ ਤਾਂ ਮੈਂ ਕਿਹਾ, 'ਆ ਵੀ ਜਾਹ ਮਿੱਠੂ! ਸਾਰੇ ਉਡੀਕ ਰਹੇ ਨੇ ਤੈਨੂੰ......ਤੇ ਬਾਇ ਗਾਡ! ਉਹ ਬਹੁਤ ਹੀ ਅਜਬ ਤੇ ਤਿੱਖੀ ਅਵਾਜ਼ ਵਿਚ ਬੋਲਿਆ; 'ਜੀ! ਰਾਏ ਸਾਹਿਬ! ਬੱਸ ਦੋ ਕੁ ਮਿੰਟ ਵਿਚ ਆਇਆ!' ਇਹ ਬੋਲ ਸੁਣ ਮੈਂ ਤਾਂ ਦੰਗ ਹੀ ਰਹਿ ਗਿਆ।

ਮਿਸਿਜ਼ ਗਰੇਵਾਲ, ਜਦੋਂ ਆਪਣੀ ਖੋਜ ਬਾਰੇ ਮਹਿਮਾਨਾਂ ਨੂੰ ਦੱਸ ਰਹੀ ਸੀ ਤਾਂ ਕਿਸੇ ਨੂੰ ਵੀ ਉਸ ਦੀਆਂ ਗੱਲਾਂ ਉੱਤੇ ਯਕੀਨ ਨਹੀਂ ਸੀ ਆਇਆ, ਪਰ ਰਾਏ ਸਾਹਿਬ ਦੇ ਬੋਲਾਂ ਤੋਂ ਸਾਰੇ ਮੁਤੱਸਰ ਹੋਏ ਬਿਨ੍ਹਾਂ ਨਾ ਰਹਿ ਸਕੇ।

'ਵਾਹ...ਅਜਬ ਹੈ...ਖੂਬ......ਕਮਾਲ ਏ...' ਵਰਗੇ ਹੈਰਾਨੀ ਭਰੇ ਬੋਲਾਂ ਦੇ ਰੌਲੇ-ਰੱਪੇ ਵਿਚ ਚੁੱਪਚਾਪ ਬੈਠੀ ਮਿਸਿਜ਼ ਗਰੇਵਾਲ, ਆਪਣੀ ਅਦਭੁੱਤ ਸਫਲਤਾ ਦਾ ਆਨੰਦ ਮਾਣ ਰਹੀ ਸੀ।

ਇਸੇ ਸਮੇਂ ਮਿੱਠੂ ਪੰਖ ਫੈਲਾਈ, ਮਹਿਮਾਨਾਂ ਨੇੜਿE ਬੇਪਰਵਾਹੀ ਨਾਲ ਲੰਘਦਾ, ਡਾਇਨਿੰਗ ਟੇਬਲ ਕੋਲ ਪਈ ਕੁਰਸੀ ਦੀ ਬਾਹੀ ਤੇ ਆ ਬੈਠਾ। ਸਾਰੇ ਅਚਾਨਕ ਚੁੱਪ ਹੋ ਗਏ ਸਨ। ਸੁਝਵਾਨ ਪਰਿੰਦੇ ਨੂੰ ਇਨਸਾਨੀ ਬੋਲੀ ਵਿਚ ਸੰਬੋਧਨ ਕਰਨਾ, ਸ਼ਾਇਦ, ਸਭ ਨੂੰ ਹੀ ਅਜੀਬ ਲੱਗ ਰਿਹਾ ਸੀ।

'ਮਿੱਠੂ! ਚੂਰੀ ਖਾਏਗਾ?' ਰਾਣੀ ਸਾਹਿਬਾ ਦੀ ਤਣਾਉ ਭਰੀ ਆਵਾਜ਼ ਸੀ।

'ਹਾਂ! ਜ਼ਰਾ ਸੁਆਦੀ ਬਣਾਉਣਾ।'ਮਿੱਠੂ ਨੇ ਬੇਝਿਜਕ ਆਵਾਜ਼ ਵਿਚ ਕਿਹਾ।

ਮਿੱਠੂ ਦੇ ਬੋਲ ਸੁਣਦਿਆਂ ਹੀ ਸਰੋਤਿਆਂ ਵਿਚ ਹੈਰਾਨੀ ਤੇ ਉਤੇਜਨਾ ਦੀ ਹਲਕੀ ਜਿਹੀ ਲਹਿਰ ਫੈਲ ਗਈ। ਇਸੇ ਉਤੇਜਨਾ ਵੱਸ ਹੀ, ਕੌਲੀ ਵਿਚ ਚੂਰੀ ਪਾ ਰਹੀ ਰਾਣੀ ਸਾਹਿਬਾ ਹੱਥੋਂ ਕਿੰਨੀ ਹੀ ਚੂਰੀ ਬਾਹਰ ਖਿਲਰ ਗਈ।

'ਓਹ! ਸੌਰੀ! ਇਹ ਤਾਂ ਕਾਫ਼ੀ ਡੁੱਲ ਗਈ ਏ।'ਰਾਣੀ ਸਾਹਿਬਾ ਨੇ ਅਫਸੋਸ ਭਰੇ ਅੰਦਾਜ਼ ਵਿਚ ਕਿਹਾ।

'ਕੋਈ ਗੱਲ ਨਹੀਂ! ਮੈਨੂੰ ਵੀ ਬਹੁਤੀ ਭੁੱਖ ਨਹੀਂ ਹੈ ਅਜੇ!'ਮਿੱਠੂ ਦੇ ਬੋਲ ਸਨ।

ਸਰੋਤਿਆਂ ਵਿਚ ਹੈਰਾਨੀ ਦੇ ਭਾਵ ਗਹਿਰੇ ਹੋ ਗਏ ਸਨ।

ਤਦ ਹੀ ਮਿਸਿਜ਼ ਰਾਮਟੇਕ ਨੇ ਪੁੱਛਿਆ; 'ਕੀ ਮਨੁੱਖੀ ਭਾਸ਼ਾ ਸਮਝਣਾ ਤੇ ਬੋਲਣਾ ਔਖਾ ਕੰਮ ਏ?'

ਤਦ ਮਿੱਠੂ ਨੇ ਉਸ ਵੱਲ ਅਜੀਬ ਜਿਹੇ ਢੰਗ ਨਾਲ ਦੇਖਿਆ ਤੇ ਫਿਰ ਉਡਾਰੀ ਮਾਰ ਚੂਰੀ ਦੀ ਕੌਲੀ ਕੋਲ ਜਾ ਪੁੱਜਾ। ਸਪਸ਼ਟ ਸੀ ਕਿ ਇਹ ਸਵਾਲ ਉਸ ਦੀ ਸੋਚ ਦੇ ਘੇਰੇ ਤੋਂ ਬਾਹਰ ਸੀ।

'ਮਨੁੱਖੀ ਸਿਆਣਪ ਬਾਰੇ ਤੇਰਾ ਕੀ ਖਿਆਲ ਏ?' ਮਿਸ ਮਾਥੁਰ ਨੇ ਐਂਵੇ ਹੀ ਸਵਾਲ ਕਰ ਦਿੱਤਾ।

'ਕਿਸ ਦੀ ਸਿਆਣਪ ਦੀ ਗੱਲ ਕਰਦੇ ਹੋ?'ਮਿੱਠੂ ਦੇ ਰੁੱਖੇ ਜਿਹੇ ਬੋਲ ਸਨ।

'ਓਹ! ਮੇਰੀ ਹੀ ਸਮਝ ਲੈ!' ਮਿਸਿਜ਼ ਵੀਨਾ ਭੱਲਾ ਨੇ ਮਜ਼ਾਕ ਭਰੇ ਲਹਿਜ਼ੇ ਵਿਚ ਕਿਹਾ।

'ਸੱਚ ਕਹਿੰਦਿਆਂ ਮੈਨੂੰ ਤਾਂ ਸ਼ਰਮ ਆ ਰਹੀ ਹੈ'ਮਿੱਠੂ ਦੇ ਬੋਲ ਸਨ ਪਰ ਉਸ ਦੇ ਬੋਲਾਂ ਵਿਚ ਸ਼ਰਮ ਦੀ ਭਾਵਨਾ ਨਾਮਾਤਰ ਵੀ ਨਹੀਂ ਸੀ। 'ਜਦੋਂ ਇਸ ਪਾਰਟੀ ਲਈ ਸੱਦੇ ਜਾਣ ਵਾਲੇ ਮਹਿਮਾਨਾਂ ਦੀ ਸੂਚੀ ਬਣਾਈ ਜਾ ਰਹੀ ਸੀ ਤਾਂ ਰਾਏ ਸਾਹਿਬ ਨੇ ਤੇਰਾ ਨਾਮ ਸ਼ਾਮਿਲ ਕੀਤੇ ਜਾਣ ਦਾ ਵਿਰੋਧ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਦੀ ਜਾਣ ਪਛਾਣ ਵਾਲੇ ਲੋਕਾਂ ਵਿਚੋਂ ਤੂੰ ਹੀ ਸੱਭ ਤੋਂ ਮੰਦਬੁੱਧੀ ਹੈ ਤੇ ਮਹਿਮਾਨਾਂ ਦੀ ਆਉ ਭਗਤ ਤੇ ਮੰਦਬੁੱਧੀਆਂ ਦੀ ਸਾਂਭ ਸੰਭਾਲ ਵਿਚ ਬਹੁਤ ਫ਼ਰਕ ਹੁੰਦਾ ਹੈ।

ਤਦ ਰਾਣੀ ਸਾਹਿਬਾ ਨੇ ਕਿਹਾ ਸੀ ਕਿ ਤੇਰੇ ਮੰਦਬੁੱਧੀ ਹੋਣ ਕਾਰਣ ਹੀ ਤਾਂ ਤੈਨੂੰ ਇਸ ਪਾਰਟੀ ਦਾ ਸੱਦਾ ਭੇਜਿਆ ਜਾ ਰਿਹਾ ਹੈ ਕਿਉਂ ਕਿ ਸਿਰਫ਼ ਤੂੰ ਹੀ ਇੰਨੀ ਮੂਰਖ ਹੋ ਸਕਦੀ ਹੈ ਜੋ ਉਨ੍ਹਾਂ ਦੀ ਪੁਰਾਣੀ ਕਾਰ ਨੂੰ ਖਰੀਦਣ ਦੀ ਸੋਚੇ। ਰਾਏ ਸਾਹਿਬ ਦੀ ਕਾਰ 'ਤੇਨਜ਼ਿੰਗ'ਬਾਰੇ ਤਾਂ ਤੂੰ ਜਾਣਦੀ ਹੀ ਹੈ ਕਿ ਉਹ ਕਿਸੇ ਵੀ ਪਹਾੜੀ ਉੱਤੇ ਸਹਿਜੇ ਹੀ ਚੜ੍ਹ ਜਾਂਦੀ ਹੈ ਸ਼ਰਤ ਇਹ ਹੈ ਕਿ ਧੱਕਾ ਸਹੀ ਢੰਗ ਨਾਲ ਲਾਇਆ ਜਾਵੇ।'

ਇਸ ਗੱਲ ਬਾਰੇ ਰਾਣੀ ਸਾਹਿਬਾ ਦਾ ਵਿਰੋਧ ਸ਼ਾਇਦ ਵਧੇਰੇ ਅਸਰਦਾਰ ਹੁੰਦਾ ਜੇ ਉਸ ਨੇ ਅੱਜ ਸਵੇਰੇ ਹੀ ਮਿਸਿਜ਼ ਭੱਲਾ ਨੂੰ ਸਰਸਰੀ ਤੌਰ ਉੱਤੇ ਇਹ ਨਾ ਕਿਹਾ ਹੁੰਦਾ ਕਿ 'ਤੇਨਜ਼ਿੰਗ'ਉਸ ਦੇ 'ਹਿੱਲ ਵਿਊ ਵਿਲਾ'ਵਿਖੇ ਖੂਬ ਜਚੇਗੀ।

ਰਾਏ ਸਾਹਿਬ ਦਾ ਭਾਣਜਾ ਮੇਜਰ ਯੁਵਰਾਜ ਵਿਸ਼ਾ ਬਦਲਣ ਲਈ ਤੁਰੰਤ ਹੀ ਬੋਲ ਉੱਠਿਆ, ' ਓਏ ਮਿੱਠੂ! ਸੂਦ ਅੰਟੀ ਦੀ ਮੈਨਾ ਨਾਲ ਤੇਰੀ ਕੀ ਗਿਟਮਿਟ ਹੁੰਦੀ ਹੈ?'

ਜਿਵੇਂ ਹੀ ਯੁਵਰਾਜ ਨੇ ਇਹ ਸ਼ਬਦ ਕਹੇ ਹਰ ਕਿਸੇ ਨੂੰ ਲੱਗਿਆ ਜਿਵੇਂ ਕੋਈ ਬਹੁਤ ਵੱਡੀ ਗਲਤੀ ਹੋ ਗਈ ਹੋਵੇ।

'ਆਮ ਕਰ ਕੇ ਅਜਿਹੀਆਂ ਗੱਲਾਂ ਦਾ ਚਰਚਾ ਕੋਈ ਸ਼ਰੇਆਮ ਨਹੀਂ ਕਰਦਾ।'ਮਿੱਠੂ ਦੇ ਰੁੱਖਾਈ ਭਰੇ ਬੋਲ ਸਨ। 'ਜਦੋਂ ਦਾ ਤੂੰ ਇਥੇ ਆਇਆ ਏ, ਇੰਨੇ ਥੋੜ੍ਹੇ ਸਮੇਂ ਵਿਚ ਹੀ ਤੇਰੇ ਵਤੀਰੇ 'ਤੇ ਝਾਤ ਮਾਰਣ ਪਿਛੋਂ ਮੇਰਾ ਖਿਆਲ ਹੈ ਕਿ ਜੇ ਮੈਂ ਤੇਰੀ ਗਿਟਮਿਟ ਦੀ ਗੱਲ ਕਰਾਂ ਤਾਂ ਤੈਨੂੰ ਇਹ ਚੰਗਾ ਨਹੀਂ ਲੱਗਣਾ।'

ਮਿੱਠੂ ਦੇ ਇਨ੍ਹਾਂ ਬੋਲਾਂ ਨੇ ਇੱਕਲੇ ਯੁਵਰਾਜ ਵਿਚ ਹੀ ਨਹੀਂ ਸਗੋਂ ਸੱਭ ਵਿਚ ਹੀ ਘਬਰਾਹਟ ਫੈਲਾ ਦਿੱਤੀ।

'ਮਿੱਠੂ ਜਾ ਦੇਖ ਰਘੂਰਾਜ (ਬਾਵਰਚੀ) ਨੇ ਤੇਰੇ ਲਈ ਡਿਨਰ ਤਿਆਰ ਕਰ ਲਿਆ ਹੈ ਜਾਂ ਨਹੀਂ?' ਇਸ ਗੱਲ ਨੂੰ ਅੱਖੋਂ-ਪ੍ਰੋਖੇ ਕਰਦੇ ਹੋਏ ਕਿ ਮਿੱਠੂ ਦੇ ਡਿਨਰ ਦਾ ਸਮਾਂ ਅਜੇ ਦੋ ਘੰਟੇ ਬਾਅਦ ਹੈ, ਰਾਣੀ ਸਾਹਿਬਾ ਕਾਹਲੀ ਨਾਲ ਬੋਲੇ।

'ਧੰਨਵਾਦ!'ਮਿੱਠੂ ਬੋਲਿਆ, 'ਚੂਰੀ ਪਿਛੋਂ ਇੰਨੀ ਜਲਦੀ ਨਹੀਂ। ਮੈਂ ਬਦਹਜ਼ਮੀ ਨਾਲ ਮਰਨਾ ਨਹੀਂ ਚਾਹੁੰਦਾ।'

'ਕਹਿੰਦੇ ਨੇ ਤੋਤੇ ਦੇ ਸੱਤ ਜਨਮ ਹੁੰਦੇ ਹਨ।'ਰਾਏ ਸਾਹਿਬ ਨੇ ਮਜ਼ਾਕੀਆ ਲਹਿਜ਼ੇ ਵਿਚ ਕਿਹਾ।

'ਸ਼ਾਇਦ...ਪਰ ਢਿੱਡ ਇਕ ਹੀ ਹੁੰਦਾ ਹੈ।'ਮਿੱਠੂ ਦਾ ਜਵਾਬ ਸੀ।

'ਰਾਣੀ ਸਾਹਿਬਾ! ਕੀ ਤੁਸੀਂ ਚਾਹੁੰਦੇ ਹੋ ਕਿ ਇਹ ਪਰਿੰਦਾ ਸਾਡੇ ਬਾਰੇ ਥਾਂ-ਕੁਥਾਂ ਊਟ-ਪਟਾਂਗ ਬੋਲਦਾ ਫਿਰੇ?' ਮਿਸਿਜ਼ ਕੁੰਵਰ ਦੇ ਫਿਕਰ ਭਰੇ ਬੋਲ ਸਨ।

ਰਾਏ ਸਾਹਿਬ ਦੇ ਘਰ ਦੇ ਪਿਛਵਾੜੇ ਫਲਦਾਰ ਰੁੱਖਾਂ ਦਾ ਬਗੀਚਾ ਸੀ ਤੇ ਇਹ ਮਿੱਠੂ ਦੀ ਮਨਪਸੰਦ ਠਾਹਰ ਵੀ ਸੀ। ਜਿਥੇ ਉਹ ਮਨਚਾਹੀਆਂ ਉਡਾਰੀਆਂ ਮਾਰਦਾ, ਆਪਣੇ ਸਾਥੀਆਂ ਦਾ ਆਨੰਦ ਮਾਣਦਾ, ਪਤਾ ਨਹੀਂ ਆਲੇ ਦੁਆਲੇ ਕੀ ਕੀ ਝਾਕਦਾ ਰਹਿੰਦਾ ਸੀ। ਇਹ ਸੋਚ ਕੇ, ਹੁਣ ਤੱਕ ਤਾਂ, ਸਾਰੇ ਹੀ ਚਿੰਤਤ ਹੋ ਗਏ ਸਨ। ਜੇ ਮਿੱਠੂ, ਇੰਝ ਹੀ ਬੇਲਗਾਮ ਪਟਰ-ਪਟਰ ਕਰਦਾ ਰਿਹਾ ਤਾਂ ਨਤੀਜੇ ਖਤਰਨਾਕ ਵੀ ਹੋ ਸਕਦੇ ਸਨ।

ਮਿਸਿਜ਼ ਕੁੰਵਰ, ਮੇਜਰ ਯੁਵਰਾਜ ਵਾਂਗ ਕਾਫ਼ੀ ਔਖੀ ਲੱਗ ਰਹੀ ਸੀ। ਮਿਸ ਕਪਿਲਾ, ਜੋ ਇਕ ਸੰਵੇਦਨਸ਼ੀਲ ਕਵਿਤਰੀ ਸੀ ਤੇ ਬਹੁਤ ਸਿੱਧ-ਪੱਧਰੇ ਜੀਵਨ ਚਲਣ ਦੀ ਮਾਲਕ ਵੀ, ਇਸ ਹਾਲਾਤ ਤੋਂ ਖਿੱਝੀ ਹੋਈ ਲੱਗ ਰਹੀ ਸੀ। ਸ਼ਾਸਤਰੀ ਜੀ, ਜੋ ਬਹੁਤ ਹੀ ਧਾਰਮਿਕ ਖਿਆਲਾਂ ਦੇ ਧਾਰਣੀ ਸਨ ਤੇ ਸਥਾਨਕ ਸ਼ਿਵ ਮੰਦਿਰ ਕਮੇਟੀ ਦੇ ਪ੍ਰਧਾਨ ਵੀ ਸਨ, ਹੋਰ ਲੋਕਾਂ ਦੇ ਉਲਟੇ-ਸਿੱਧੇ ਕਿੱਸੇ ਸੁਨਣ ਦੀ ਸੰਭਾਵਨਾ ਤੋਂ ਪ੍ਰੇਸ਼ਾਨ ਹੋ ਕਮਰੇ ਤੋਂ ਬਾਹਰ ਹੀ ਨਿਕਲ ਗਏ। ਅਜਿਹੇ ਹਾਲਾਤਾਂ ਵਿਚ ਸਿਰਫ ਟਿੱਕਾ ਯਸ਼ਵੀਰ ਹੀ ਅਜਿਹਾ ਸਖਸ਼ ਸੀ ਜਿਸ ਦੇ ਚਿਹਰੇ ਉੱਤੇ ਹਾਲਾਤਾਂ ਦਾ ਕੋਈ ਪ੍ਰਭਾਵ ਨਜ਼ਰ ਨਹੀਂ ਸੀ ਆ ਰਿਹਾ।

ਮਿਸਿਜ਼ ਡੋਗਰਾ ਅਜਿਹੀ ਔਰਤ ਸੀ ਜਿਸ ਨੂੰ, ਅਜਿਹੀ ਨਾਜ਼ੁਕ ਸਥਿਤੀ ਵਿਚ ਵੀ, ਬਹੁਤੀ ਦੇਰ ਚੁੱਪ ਰਹਿਣਾ ਗਵਾਰਾ ਨਹੀਂ ਸੀ।

'ਮੈਂ ਇਥੇ ਆਈ ਹੀ ਕਿਉਂ?' ਉਸ ਨੇ ਨਾਟਕੀ ਅੰਦਾਜ਼ ਵਿਚ ਹੱਥ ਮਟਕਾਂਦੇ ਹੋਏ ਪੁੱਛਿਆ।

ਮਿੱਠੂ ਨੇ ਤੁਰੰਤ ਹੀ ਗੱਲ ਨੂੰ ਫੜ੍ਹਦੇ ਹੋਏ ਕਿਹਾ; 'ਕੱਲ ਸ਼ਾਮ ਮਿਸਿਜ਼ ਕੁੰਵਰ ਨਾਲ ਸੈਰ ਕਰਦੇ ਸਮੇਂ ਤੂੰ ਖ਼ੁੱਦ ਹੀ ਤਾਂ ਕਿਹਾ ਸੀ ਕਿ ਤੂੰ ਸਿਰਫ਼ ਖਾਣੇ ਕਾਰਣ ਪਾਰਟੀ ਉੱਤੇ ਜਾ ਰਹੀ ਹੈ। ਰਾਏ ਸਾਹਿਬ ਦੇ ਪਰਿਵਾਰ ਬਾਰੇ ਗੱਲ ਕਰਦੇ ਹੋਏ ਤੂੰ ਇਹ ਵੀ ਕਿਹਾ ਸੀ ਕਿ ਤੇਰੇ ਜਾਣਕਾਰਾਂ ਵਿਚੋਂ ਉਹ ਸੱਭ ਤੋਂ ਵੱਧ ਖੜੂਸ ਨੇ ਪਰ ਬਾਵਰਚੀ ਉਨ੍ਹਾਂ ਲਜਵਾਬ ਰੱਖਿਆ ਹੋਇਆ ਹੈ। ਨਹੀਂ ਤਾਂ ਉਨ੍ਹਾਂ ਦੀ ਪਾਰਟੀ ਵਿਚ ਕੋਈ ਦੂਜੀ ਵਾਰੀਂ ਜਾਣਾ ਪਸੰਦ ਹੀ ਨਾ ਕਰੇ।'

'ਇਹ ਬਿਲਕੁਲ ਝੂਠ ਹੈ! ਮੈਂ ਚਾਹੁੰਦੀ ਹਾਂ ਕਿ ਮਿਸਿਜ਼ ਕੁੰਵਰ ......' ਮਿਸਿਜ਼ ਡੋਗਰਾ ਨੇ ਗੁੱਸੇ ਭਰੇ ਲਹਿਜ਼ੇ ਵਿਚ ਕਿਹਾ।

'ਬਾਅਦ ਵਿਚ ਮਿਸਿਜ਼ ਕੁੰਵਰ ਨੇ ਤੇਰੇ ਇਹ ਵਿਚਾਰ ਹੂਬਹੂ ਮਿਸਿਜ਼ ਕਪਿਲਾ ਨੂੰ ਸੁਣਾ ਦਿੱਤੇ ਸਨ।'ਮਿੱਠੂ ਲਗਾਤਾਰ ਬੋਲੀ ਜਾ ਰਿਹਾ ਸੀ। 'ਤੇ ਕਿਹਾ ਕਿ ਤੂੰ ਤਾਂ ਨਿਰੀ ਭੁੱਖੜ ਏ। ਮੁਫਤ ਦੇ ਖਾਣੇ ਲਈ ਤੂੰ ਕਿਧਰੇ ਵੀ ਜਾ ਸਕਦੀ ਏ'ਅਤੇ ਮਿਸਿਜ਼ ਕਪਿਲਾ ਦੇ ਬੋਲ ਸਨ ਕਿ......'

ਸ਼ੁਕਰ ਹੈ ਕਿ ਇਸ ਸਮੇਂ ਇਹ ਵਾਰਤਾਲਾਪ ਅਚਾਨਕ ਰੁਕ ਗਈ ਕਿਉਂ ਕਿ ਮਿੱਠੂ ਨੇ ਤੋਤਿਆਂ ਦੀ ਡਾਰ ਨੂੰ ਅਮਰੂਦਾਂ ਵਾਲੇ ਬਗੀਚੇ ਵੱਲ ਜਾਂਦੇ ਦੇਖ ਲਿਆ ਤੇ ਅਗਲੇ ਹੀ ਪਲ ਉਹ ਉਡਾਰੀ ਮਾਰ ਉਨ੍ਹਾਂ ਨਾਲ ਜਾ ਰਲਿਆ।

ਮਿਸਿਜ਼ ਗਰੇਵਾਲ ਦੇ ਚਤੁਰ ਸ਼ਾਗਿਰਦ ਦੇ ਗਾਇਬ ਹੋਣ ਨਾਲ ਹੀ ਉਸ ਨੇ ਖ਼ੁੱਦ ਨੂੰ ਚਿੰਤਾ, ਡਰ ਤੇ ਕੁੜੱਤਣ ਭਰੇ ਬੋਲਾਂ ਦੇ ਝੱਖੜ ਵਿਚ ਘਿਰੇ ਦੇਖਿਆ। ਇਸ ਹਾਲਾਤ ਦਾ ਕਾਰਨ ਵੀ ਉਹ ਹੀ ਸੀ ਤੇ ਹਾਲਾਤਾਂ ਨੂੰ ਹੋਰ ਵਿਗੜਣ ਤੋਂ ਰੋਕਣ ਦੀ ਜ਼ੁੰਮੇਵਾਰੀ ਵੀ ਉਸੇ ਦੀ ਹੀ ਸੀ।

'ਕੀ ਮਿੱਠੂ ਆਪਣੀ ਖ਼ਤਰਨਾਕ ਮੁਹਾਰਤ ਹੋਰ ਪੰਛੀਆਂ ਨੂੰ ਵੀ ਸਿਖਾ ਸਕਦਾ ਹੈ?' ਕਿਸੇ ਦਾ ਸਵਾਲ ਸੀ।

'ਇਹ ਤਾਂ ਸੰਭਵ ਹੈ ਕਿ ਮਿੱਠੂ ਨੇ ਆਪਣੀ ਦੋਸਤ ਮੈਨਾ ਨੂੰ ਅਜਿਹਾ ਸਿਖਾਉਣਾ ਸ਼ੁਰੂ ਕਰ ਦਿੱਤਾ ਹੋਵੇ ਪਰ ਹੋਰ ਪੰਛੀਆਂ ਨੂੰ ਵੀ ਸਿਖਾਉਣਾ ਸ਼ੁਰੂ ਕਰ ਲਿਆ ਹੋਵੇ, ਅਜਿਹਾ ਅਜੇ ਸੰਭਵ ਨਹੀਂ ਜਾਪਦਾ।'

'ਤਦ'ਮਿਸਿਜ਼ ਕੁੰਵਰ ਬੋਲੀ 'ਰਾਣੀ ਸਾਹਿਬਾ! ਬੇਸ਼ਕ ਮਿੱਠੂ ਤੁਹਾਡਾ ਪਾਲਤੂ ਤੋਤਾ ਹੈ ਪਰ ਮੈਨੂੰ ਯਕੀਨ ਹੈ ਕਿ ਤੁਸੀਂ ਵੀ ਸਹਿਮਤ ਹੋਵੋਂਗੇ ਕਿ ਸਾਨੂੰ ਮਿੱਠੂ ਤੇ ਮੈਨਾ ਤੋਂ ਤੁਰੰਤ ਹੀ ਨਿਜ਼ਾਤ ਪਾਉਣੀ ਹੋਵੇਗੀ।'

'ਕਿਧਰੇ ਤੂੰ ਇਹ ਤਾਂ ਨਹੀਂ ਸਮਝ ਰਹੀ ਕਿ ਪਿਛਲੇ ਬੀਹ ਕੁ ਮਿੰਟਾਂ ਦੀ ਗਲਬਾਤ ਮੈਨੂੰ ਕਾਫੀ ਚੰਗੀ ਲੱਗੀ ਏ?' ਰਾਣੀ ਸਾਹਿਬਾ ਦੇ ਕੁੜੱਤਣ ਭਰੇ ਬੋਲ ਸਨ। 'ਰਾਏ ਸਾਹਿਬ ਤੇ ਮੈਂ, ਅਸੀਂ ਦੋਨੋਂ ਹੀ ਮਿੱਠੂ ਨੂੰ ਬਹੁਤ ਪਸੰਦ ਕਰਦੇ ਹਾਂ – ਨਹੀਂ ਸੱਚ ਉਸ ਦੀ ਇਸ ਭੈੜੀ ਪ੍ਰਾਪਤੀ ਤੋਂ ਪਹਿਲਾਂ ਅਸੀਂ ਉਸ ਨੂੰ ਬਹੁਤ ਪਸੰਦ ਕਰਦੇ ਸਾਂ ਪਰ ਹੁਣ ਤਾਂ ਸਾਨੂੰ ਜਲਦੀ ਤੋਂ ਜਲਦੀ ਇਸ ਤੋਂ ਨਿਜ਼ਾਤ ਪਾਣ ਦੀ ਲੋੜ ਹੈ।'

'ਉਸ ਦੇ ਰਾਤ ਦੀ ਖਾਣੇ ਵਿਚ ਅਸੀਂ ਮਹੁਰਾ ਪਾ ਸਕਦੇ ਹਾਂ।'ਮੇਜਰ ਯੁਵਰਾਜ ਦੇ ਬੋਲ ਸਨ।

'ਨੀਰੂ ਅੰਟੀ ਨਾਲ ਮੈਨਾ ਬਾਰੇ ਮੈਂ ਖ਼ੁੱਦ ਗੱਲ ਕਰ ਲਵਾਂਗੀ।'ਮਿਸਿਜ਼ ਕੁੰਵਰ ਨੇ ਕਿਹਾ। 'ਨੀਰੂ ਅੰਟੀ ਮੈਨਾ ਦੇ ਖੁਸ ਜਾਣ ਉੱਤੇ ਨਰਾਜ਼ ਤਾਂ ਹੋਵੇਗੀ ਪਰ ਮੈਂ ਉਸ ਨੂੰ ਕਹਿ ਦੇਵਾਂਗੀ ਕਿ ਇਨ੍ਹਾਂ ਦੋਨੋਂ ਪਰਿੰਦਿਆਂ ਵਿਚ ਬਹੁਤ ਹੀ ਖ਼ਤਰਨਾਕ ਵਾਇਰਸ ਆ ਗਿਆ ਹੈ ਜਿਸ ਤੋਂ ਹੋਰਨਾਂ ਵਿਚ ਵੀ ਬਿਮਾਰੀ ਫੈਲਣ ਦਾ ਖਤਰਾ ਹੈ।'

'ਪਰ ਮੇਰੀ ਅਦਭੁੱਤ ਖੋਜ!' ਮਿਸਿਜ਼ ਗਰੇਵਾਲ ਅਬੜ੍ਹਬਾਹੇ ਬੋਲੀ, 'ਮੇਰੀ ਕਈ ਸਾਲਾਂ ਦੀ ਮਿਹਨਤ ਤੇ ਤਜਰਬੇ.... '

'ਤੂੰ ਆਪਣੇ ਤਜਰਬੇ ਮੱਝਾਂ ਜਾ ਗਾਵਾਂ ਉੱਤੇ ਕਰੀ ਜਾ, ਘੱਟੋ ਘੱਟ ਉਹ ਸਹੀ ਕੰਟਰੋਲ ਵਿਚ ਤਾਂ ਹੁੰਦੀਆਂ ਨੇ।' ਮਿਸਿਜ਼ ਕੁੰਵਰ ਕਹਿ ਰਹੀ ਸੀ। 'ਜਾਂ ਫਿਰ ਚਿੜ੍ਹੀਆ-ਘਰ ਦੇ ਦਰਿਆਈ-ਘੋੜ੍ਹਿਆਂ ਨੂੰ ਸਿਖਾ ਲੈ। ਸੁਣਿਆ ਹੈ ਉਹ ਕਾਫੀ ਬੁੱਧੀਮਾਨ ਹੁੰਦੇ ਨੇ ਤੇ ਉਹ ਘਰਾਂ ਵਿਚ ਬੇਰੋਕਟੋਕ ਆ ਜਾ ਵੀ ਨਹੀਂ ਸਕਦੇ।'

ਮਿਸਿਜ਼ ਗਰੇਵਾਲ ਆਪਣੀ ਅਦਭੁੱਤ ਪ੍ਰਾਪਤੀ ਦੀ ਦੁਰਗਤੀ ਹੁੰਦੀ ਦੇਖ ਡਾਢੀ ਪ੍ਰੇਸ਼ਾਨ ਸੀ। ਪਰ ਮਹਿਮਾਨਾਂ ਦਾ ਸਾਰਾ ਗੁੱਸਾ ਉਸੇ ਉੱਤੇ ਹੀ ਸੀ। ਜੇ ਕਿਧਰੇ ਆਮ ਰਾਏ ਲਈ ਜਾਂਦੀ ਤਾਂ ਕੁਝ ਲੋਕ ਤਾਂ ਉਸ ਦੇ ਖਾਣੇ ਵਿਚ ਵੀ ਮਹੁਰਾ ਮਿਲਾਉਣ ਨੂੰ ਹੀ ਤਰਜ਼ੀਹ ਦਿੰਦੇ।

ਹੱਥਲੇ ਮਸਲੇ ਨੂੰ ਨਜਿੱਠੇ ਬਗੈਰ ਪਾਰਟੀ ਦੀ ਬਰਖਾਸਤਗੀ ਕਿਸੇ ਨੂੰ ਵੀ ਮਨਜ਼ੂਰ ਨਹੀਂ ਸੀ। ਜਿਸ ਦੇ ਮੱਦੇ ਨਜ਼ਰ ਰਾਏ ਸਾਹਿਬ ਨੇ ਸੱਭ ਨੂੰ ਰਾਤ ਰੁਕ ਜਾਣ ਦਾ ਸੱਦਾ ਦੇ ਦਿੱਤਾ। ਪਰ ਉਹ ਸ਼ਾਮ ਵਧੇਰੇ ਖੁਸ਼ਗਵਾਰ ਨਾ ਗੁਜ਼ਰੀ। ਨੀਰੂ ਅੰਟੀ ਨੂੰ ਮੈਨਾ ਬਾਰੇ ਰਾਜ਼ੀ ਕਰਨ ਵਿਚ ਮਿਸਿਜ਼ ਕੁੰਵਰ ਨੂੰ ਕਾਫੀ ਸਮਾਂ ਲੱਗਾ।

ਰਾਤ ਦਾ ਖਾਣਾ ਵੀ ਬਹੁਤਾ ਸਫਲ ਨਾ ਰਿਹਾ। ਮਿਸਿਜ਼ ਡੋਗਰਾ ਨੇ ਬਹੁਤ ਹੀ ਦਿਖਾਵੇ ਭਰੇ ਢੰਗ ਨਾਲ ਸਿਰਫ ਇਕ ਰੋਟੀ ਹੀ ਖਾਧੀ, ਉਹ ਵੀ ਇੰਝ ਟੁੱਕਦੇ ਹੋਏ ਜਿਵੇਂ ਉਸ ਦੀ ਰੋਟੀ ਨਾਲ ਕੋਈ ਦੁਸ਼ਮਣੀ ਹੋਵੇ। ਮਿਸਿਜ਼ ਭੱਲਾ ਨੇ ਖਾਣੇ ਦੌਰਾਨ ਨਰਾਜ਼ਗੀ ਭਰੀ ਚੁੱਪ ਹੀ ਸਾਧੀ ਰੱਖੀ। ਰਾਣੀ ਸਾਹਿਬਾ ਗਲਬਾਤ ਜਾਰੀ ਰੱਖਣ ਦੀ ਕੌਸ਼ਿਸ਼ ਲਗਾਤਾਰ ਕਰ ਰਹੇ ਸਨ ਪਰ ਉਨ੍ਹਾਂ ਦਾ ਸਾਰਾ ਧਿਆਨ ਮਿੱਠੂ ਦੇ ਪਿੰਜਰੇ ਵੱਲ ਹੀ ਸੀ ਜਿਥੇ ਮਹੁਰੇ ਵਾਲੀ ਚੂਰੀ ਨਾਲ ਭਰੀ ਕੌਲੀ ਮਿੱਠੂ ਦਾ ਇੰਤਜ਼ਾਰ ਕਰ ਰਹੀ ਸੀ।

ਡਾਇਨਿੰਗ ਰੂਮ ਵਿਚ ਮਹੁਰੇ ਰੱਤੇ ਬਾਦਾਮਾਂ ਤੇ ਕਾਜੂਆਂ ਨਾਲ ਭਰੀ ਪਲੇਟ ਮਿੱਠੂ ਲਈ ਰੱਖੀ ਗਈ ਸੀ। ਪਰ ਦੇਰ ਰਾਤ ਤਕ ਮਿੱਠੂ ਨਾ ਤਾਂ ਡਾਇਨਿੰਗ ਰੂਮ ਵਿਚ ਤੇ ਨਾ ਹੀ ਪਿੰਜਰੇ ਵਿਚ ਆਇਆ।

ਤਣਾਉ ਤੇ ਗੁੱਸੇ ਭਰੇ ਇਸ ਮਾਹੌਲ ਵਿਚ, ਕਿਸੇ ਦਾ ਵੀ ਮਨ ਨਾ ਤਾਂ ਮਨੋਪਲੀ ਖੇਲਣ ਦਾ ਹੀ ਬਣਿਆ ਤੇ ਨਾ ਹੀ ਕਿਸੇ ਨੇ ਤਾਸ਼ ਖੇਲਣ ਦੀ ਹੀ ਹਾਮੀ ਭਰੀ। ਦੱਸ ਕੁ ਵਜੇ ਰਘੂ ਇਹ ਦੱਸ ਕੇ ਸੌਣ ਚਲਾ ਗਿਆ ਕਿ ਡਾਇਨਿੰਗ ਰੂਮ ਦੀ ਖਿੜਕੀ ਮਿੱਠੂ ਦੀ ਆਮਦ ਲਈ ਰੋਜ਼ ਵਾਂਗ ਖੁੱਲੀ ਛੱਡ ਦਿੱਤੀ ਗਈ ਹੈ। ਰਾਣੀ ਸਾਹਿਬਾ ਨੇ ਕਈ ਵਾਰ ਡਾਇਨਿੰਗ ਰੂਮ ਵੱਲ ਚੱਕਰ ਮਾਰੇ ਪਰ ਹਰ ਵਾਰ ਵਾਪਸੀ 'ਤੇ ਉਸ ਦਾ ਉਦਾਸ ਚਿਹਰਾ ਦੇਖ ਕੇ ਕਿਸੇ ਨੂੰ ਵੀ ਉਸ ਨੂੰ ਕੋਈ ਸਵਾਲ ਪੁੱਛਣ ਦਾ ਹੀਆ ਹੀ ਨਾ ਪਿਆ।

ਰਾਤ ਇਕ ਵਜੇ ਮਿਸਿਜ਼ ਅਟਵਾਲ ਨੇ ਲੰਮੀ ਚੁੱਪ ਤੋੜਦੇ ਹੋਏ ਕਿਹਾ; 'ਅੱਜ ਰਾਤ ਉਹ ਨਹੀਂ ਆਵੇਗਾ। ਸ਼ਾਇਦ ਉਹ ਸਥਾਨਕ ਅਖਬਾਰ ਦੇ ਦਫਤਰ ਵਿਚ ਬੈਠਾ ਆਪਣੀਆਂ ਯਾਦਾਂ ਦੀ ਪਹਿਲੀ ਕਿਸ਼ਤ ਲਿਖਵਾ ਰਿਹਾ ਹੋਵੇਗਾ। ਕੱਲ ਦੀ ਅਖਬਾਰ ਦੀ ਇਹ ਸੁਰਖੀ ਹੋਵੇਗੀ......'ਘਰ ਘਰ ਦੀ ਕਹਾਣੀ.... ਤੋਤੇ ਦੀ ਜ਼ੁਬਾਨੀ।'

ਆਮ ਮਾਹੌਲ ਦੀ ਗੰਭੀਰਤਾ ਵਿਚ ਆਪਣਾ ਯੋਗਦਾਨ ਪਾ ਮਿਸਿਜ਼ ਅਟਵਾਲ ਸੌਣ ਚਲੀ ਗਈ। ਦਿਨ ਭਰ ਦੇ ਤਣਾਉ ਤੇ ਥਕਾਵਟ ਕਾਰਨ ਹੌਲੇ ਹੌਲੇ ਸਾਰੇ ਹੀ ਸੌਣ ਲਈ ਆਪੋ ਆਪਣੇ ਕਮਰਿਆਂ ਵੱਲ ਉੱਠ ਤੁਰੇ।

ਸਵੇਰੇ ਹਰ ਕਮਰੇ ਵਿਚ ਬੈੱਡ-ਟੀ ਪਹੁੰਚਾ ਰਿਹਾ ਰਘੂ ਸਾਰਿਆ ਦੇ ਇਕੋ ਜਿਹੇ ਸਵਾਲ ਦਾ ਇਕੋ ਜਿਹਾ ਜਵਾਬ ਹੀ ਦਿੰਦਾ ਜਾ ਰਿਹਾ ਸੀ। ਮਿੱਠੂ ਵਾਪਸ ਨਹੀਂ ਆਇਆ।

ਸਵੇਰ ਦਾ ਨਾਸ਼ਤਾ, ਰਾਤ ਦੇ ਖਾਣੇ ਨਾਲੋਂ, ਵਧੇਰੇ ਖੁਸ਼ਗਵਾਰ ਨਹੀਂ ਸੀ ਹੋਣਾ ਜੇ ਇਸ ਦੇ ਖਾਤਮੇ ਤੋਂ ਪਹਿਲਾਂ ਸਮੱਸਿਆ ਹੱਲ ਨਾ ਹੋ ਗਈ ਹੁੰਦੀ। ਪਿਛਲੇ ਬਗੀਚੇ ਵਿਚੋਂ ਮਾਲੀ ਨੇ ਮਿੱਠੂ ਦੀ ਲਾਸ਼ ਹੁਣੇ ਹੁਣੇ ਲਿਆਂਦੀ ਸੀ। ਉਸ ਦੇ ਨੋਚੇ ਹੋਏ ਖੰਭਾਂ ਤੇ ਟੁੱਟੀ ਹੋਈ ਗਰਦਨ ਤੋਂ ਲੱਗ ਰਿਹਾ ਸੀ ਕਿ ਉਸ ਦੀ ਟੱਕਰ ਕਿਸੇ ਜੰਗਲੀ ਬਿੱਲੇ ਨਾਲ ਹੋ ਗਈ ਸੀ।

ਦੁਪਿਹਰ ਤਕ ਸਾਰੇ ਮਹਿਮਾਨ ਆਪੋ ਆਪਣੇ ਟਿਕਾਣਿਆਂ ਵੱਲ ਰਵਾਨਾ ਹੋ ਗਏ। ਦੁਪਿਹਰ ਦੇ ਖਾਣੇ ਪਿਛੋਂ ਰਾਣੀ ਸਾਹਿਬਾ ਦਾ ਮੂਡ ਕਾਫੀ ਠੀਕ ਹੋ ਗਿਆ ਸੀ ਤੇ ਉਨ੍ਹਾਂ ਨਗਰ ਕੌਂਸਿਲ ਨੂੰ ਆਪਣੇ ਪਿਆਰੇ ਤੋਤੇ ਦੀ ਮੌਤ ਦੇ ਦੁੱਖ ਤੇ ਜੰਗਲੀ ਬਿੱਲੇ ਦੇ ਤਸ਼ੱਦਦ ਵਿਰੁੱਧ ਗੁੱਸੇ ਦੇ ਇਜ਼ਹਾਰ ਭਰਿਆ ਲੰਮਾ ਪੱਤਰ ਲਿਖਿਆ।

ਮਿੱਠੂ, ਮਿਸਿਜ਼ ਗਰੇਵਾਲ ਦਾ ਪਹਿਲਾ ਸਫਲ ਸ਼ਾਗਿਰਦ ਸੀ ਤੇ ਆਖਰੀ ਵੀ। ਕੁਝ ਹਫਤੇ ਬਾਅਦ ਹੀ ਅਖਬਾਰ ਵਿਚ ਖਬਰ ਸੀ; 'ਛੱਤਬੀੜ੍ਹ ਦੇ ਚਿੜ੍ਹੀਆ-ਘਰ ਵਿਚ ਇਕ ਦਰਿਆਈ ਘੋੜੇ ਨੇ, ਜੋ ਪਹਿਲਾਂ ਕਦੇ ਵੀ ਹਿੰਸਕ ਨਹੀਂ ਸੀ, ਗੁੱਸੇ ਵਿਚ ਆ ਇਕ ਔਰਤ ਨੂੰ ਪਾਣੀ ਵਿਚ ਧੂ ਲਿਆ ਤੇ ਉਸ ਔਰਤ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸਾਂ ਅਸਫਲ ਰਹੀਆਂ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਔਰਤ ਪਿਛਲੇ ਕੁਝ ਦਿਨਾਂ ਤੋਂ ਦਰਿਆਈ ਘੋੜੇ

ਨੂੰ ਤੰਗ ਕਰ ਰਹੀ ਸੀ।'ਭਿੰਨ ਭਿੰਨ ਅਖਬਾਰਾਂ ਵਿਚ ਉਸ ਔਰਤ ਦਾ ਸਰਨੇਮ ਭਿੰਨ ਭਿੰਨ ਲਿਖਿਆ ਗਿਆ ਸੀ ਕਿਧਰੇ ਪੁਰੇਵਾਲ ਤੇ ਕਿਧਰੇ ਗਰੇਵਾਲ । ਪਰ ਉਸ ਦਾ ਮੁੱਢਲਾ ਨਾਮ ਸੱਭ ਨੇ ਇਕੋ ਹੀ ਲਿਖਿਆ ਸੀ....ਰਿਤਿਕਾ।

'ਉਹ, ਜੇ ਉਸ ਵਿਚਾਰੇ ਜਾਨਵਰ ਨੂੰ ਵਿਆਕਰਣ ਦੇ ਨਿਯਮ ਸਮਝਾ ਰਹੀ ਸੀ ਤਾਂ ਇੰਝ ਤਾਂ ਹੋਣਾ ਹੀ ਸੀ।' ਮਿਸਿਜ਼ ਅਟਵਾਲ ਦੇ ਬੋਲ ਸਨ।

*****



ਡਾ: ਦੇਵਿੰਦਰ ਪਾਲ ਸਿੰਘ (ਉਰਫ਼ ਡਾ. ਡੀ. ਪੀ. ਸਿੰਘ) ਪੰਜਾਬੀ ਵਿਗਿਆਨ ਲੇਖਕ ਹੈ, ਜੋ ਪੇਸ਼ੇ ਤੋਂ ਅਧਿਆਪਕ ਹੈ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਉਹ ਆਮ ਪਾਠਕਾਂ ਲਈ ਵਿਗਿਆਨ ਗਲਪ ਕਹਾਣੀਆਂ ਦੇ ਦੋ ਸੰਗ੍ਰਹਿ ਅਤੇ ਬੱਚਿਆਂ ਲਈ ਚਾਰ ਵਿਗਿਆਨ ਗਲਪ ਪੁਸਤਕਾਂ ਦਾ ਲੇਖਕ ਹੈ। ਉਹ ਮਿਸੀਸਾਗਾ, ਓਨਟੈਰੀਓ, ਕੈਨੇਡਾ ਵਿੱਚ ਰਹਿੰਦਾ ਹੈ।

**ਵੈਬਸਾਈਟ**: drdpsinghauthor.wordpress.com

**ਈ-ਮੇਲ** : drdpsn@gmail.com

# ਕੁਝ ਹਲਕਾ-ਫੁਲਕਾ-ਵਿਗਿਆਨ ਦੇ ਚੁਟਕਲੇ



ਸਭ ਤੋਂ ਪਹਿਲਾ ਬਿਜਲਈ ਜਸੂਸ ਕਿਹੜਾ ਸੀ?
ਸ਼ਰਲਕ ਓਹਮ।
ਸਵੇਰ ਨੂੰ ਉੱਠਣਾ ਕਿਓਂ ਔਖਾ ਲਗਦਾ ਹੈ?
ਨਿਊਟਨ ਦਾ ਪਹਿਲਾ ਸਿਧਾਂਤ - ਕੋਈ ਵੀ ਵਸਤੂ ਆਪਣੀ ਵਿਰਾਮ ਅਵਸਥਾ ਵਿਚ ਉਦੋਂ ਤੱਕ ਰਹਿੰਦੀ ਹੈ ਜਦੋਂ ਤੱਕ ਕੋਈ ਬਾਹਰੀ ਸ਼ਕਤੀ (ਮਾਂ) ਉਸਨੂੰ ਨਹੀਂ ਹਿਲਾਉਂਦੀ।





ਰਸਾਇਣ ਵਿਗਿਆਨੀ ਨੇ ਕਿਹੜਾ ਕੁੱਤਾ ਪਾਲਿਆ?
ਲੈਬ(ਰਾਡੋਰ)
ਪੁਲਾੜ ਯਾਤਰੀ ਹਮੇਸ਼ਾਂ ਪੁਲਾੜ ਵਿਚ ਜਾ ਕੇ ਖ਼ੁਸ਼ ਕਿਓਂ ਹੁੰਦੇ ਹਨ?
ਕਿਓਂਕਿ ਉੱਥੇ ਉਹਨਾਂ ਨੂੰ ਖਿੱਚਣ ਲਈ ਗੁਰੂਤਾਕਰਸ਼ਣ ਨਹੀਂ ਹੁੰਦਾ!
ਤੁਸੀਂ ਪੁਲਾੜ ਯਾਤਰੀ ਦੇ ਰੋਂਦੇ ਬੱਚੇ ਨੂੰ ਕਿਵੇਂ ਚੁੱਪ ਕਰਾਓਗੇ?
ਰੌਕੇਟ ਦੇ ਕੇ।





ਬੱਲੂ ਉੱਲੂ ਕੋਲ ਅਜਿਹੀ ਸ਼ਕਤੀ ਸੀ ਜਿਸ ਨਾਲ ਉਹ ਕਿਸੇ ਦੇ ਵੀ ਭਵਿੱਖ ਬਾਰੇ ਜਾਣ ਸਕਦਾ ਸੀ। ਇਹ ਸੁਣ ਕੇ ਲੱਡੂ ਡੱਡੂ ਉਸ ਕੋਲ ਜਾ ਪਹੁੰਚਿਆ ਤੇ ਪੁੱਛਿਆ, "ਕੀ ਤੂੰ ਮੇਰੇ ਭਵਿੱਖ ਬਾਰੇ ਦੱਸ ਸਕਦਾ ਏਂ?"
"ਜ਼ਰੂਰ।" ਬੱਲੂ ਬੋਲਿਆ। ਉਸਨੇ ਥੋੜ੍ਹੀ ਦੇਰ ਧਿਆਨ ਲਗਾਇਆ ਤੇ ਬੋਲਿਆ, "ਜਲਦੀ ਹੀ ਤੈਨੂੰ ਇੱਕ ਖੂਬਸੂਰਤ ਕੰਨਿਆ ਮਿਲੇਗੀ ਜੋ ਤੇਰੇ ਬਾਰੇ ਸਭ ਕੁਝ ਜਾਨਣ ਦੀ ਚਾਹਵਾਨ ਹੋਏਗੀ।"
ਖ਼ੁਸ਼ੀ ਨਾਲ ਫੁੱਲੇ ਨਾ ਸਮਾਉਂਦੇ ਹੋਏ ਲੱਡੂ ਡੱਡੂ ਨੇ ਪੁੱਛਿਆ, "ਵਾਹ! ਇਹ ਤਾਂ ਬਹੁਤ ਖ਼ੁਸ਼ੀ ਦੀ ਗੱਲ ਹੈ। ਕੀ ਉਹ ਕੰਨਿਆ ਮੈਨੂੰ ਕਿਸੇ ਪਾਰਟੀ ਵਿਚ ਮਿਲੇਗੀ?"
"ਨਹੀਂ", ਬੱਲੂ ਉੱਲੂ ਨੇ ਕਿਹਾ, "ਉਹ ਤੈਨੂੰ ਆਪਣੀ ਜੀਵ ਵਿਗਿਆਨ ਦੀ ਕਲਾਸ ਵਿਚ ਮਿਲੇਗੀ!"





# ਕੌਫ਼ੀ ਕਲਰ ਵਾਟਰ

-ਜਸਵੀਰ ਸਿੰਘ ਦੀਦਾਰਗੜ੍ਹ

.-"ਕਿਵੇਂ ਨੇ ਜੀ ਹੁਣ ਆਪਣੇ ਨੋਣੇ-ਨੋਣੇ ਬੱਚੇ..? ਛੇਤੀ ਦੱਸੋ, ਸਿਹਤ 'ਚ ਕਿੰਨਾ ਕੁ ਫ਼ਰਕ ਪਿਆ ਹੈ? ਕੁਝ ਬੋਲਣ ਲੱਗੇ ਨੇ ਕਿ ਹਲੇ ਓਵੇਂ ਹੀ ਨੇ..? ਖ਼ੂਨ ਦੀਆਂ ਉਲਟੀਆਂ ਬੰਦ ਹੋਈਆਂ? ਚਮੜੀ ਦੇ ਧੱਫੜਾਂ-ਖ਼ੁਰਕ ਨੂੰ ਕੁਛ ਫ਼ਰਕ ਪਿਆ? ਕੁਝ ਬੋਲੇ ਤੇ ਕੁਝ ਖਾਧਾ-ਪੀਤਾ ਕਿ ਨਹੀਂ?"

ਪੂਰੀ ਤਰ੍ਹਾਂ ਡਰੀ ਸਹਿਮੀ ਪਤਨੀ ਫ਼ੋਨ 'ਤੇ ਇੱਕੋ ਸਾਹੇ ਹੀ ਕਿੰਨਾ ਕੁਝ ਪੁੱਛ ਗਈ। ਆਵਾਜ਼ ਹਰਫ਼ਲੀ ਤੇ ਘਬਰਾਈ ਹੋਈ ਹੈ। ਮੈਨੂੰ ਪਤਾ ਹੈ ਹੁਣ ਉਸਦੇ ਮਾਂ-ਜਿਗਰ 'ਤੇ ਲੱਖਾਂ ਹੀ ਤਿੱਖੇ-ਤਿੱਖੇ ਆਰੇ ਫਿਰ ਰਹੇ ਹੋਣਗੇ ਤੇ ਜਿੰਦ ਸੂਲ਼ੀ 'ਤੇ ਲਟਕੀ ਹੋਈ ਹੋਵੇਗੀ। ਬੱਚਿਆਂ ਬਿਨ ਜ਼ਰੂਰ ਹੀ ਉਸਦੀ ਜਾਨ ਨਿੱਕਲ਼ ਰਹੀ ਹੋਵੇਗੀ; ਉਹ ਤਿਲ-ਤਿਲ ਕਰਕੇ ਮਰ ਹੀ ਤਾਂ ਰਹੀ ਹੋਵੇਗੀ! ਇੱਕ ਪਲ ਜਾਂ ਸਾਹ ਚੈਨ ਦਾ ਨਹੀਂ ਲੰਘਿਆ ਹੋਵੇਗਾ ਤੇ ਉਹ ਡਾਹਢੀ ਬੇਚੈਨੀ ਦੇ ਮਹਾਂਸਾਗਰ 'ਚ ਗੋਤੇ ਖਾ ਰਹੀ ਹੋਵੇਗੀ।

ਉਸਦੀ ਹੀ ਕੀ;  ਮੇਰੀ ਵੀ ਤਾਂ ਬਿਲਕੁੱਲ ਇਹੋ ਹਾਲਤ ਹੈ!  ਦਿਓ ਵਰਗੀਆਂ ਵੱਡੀਆਂ ਖ਼ੂੰਖਾਰ ਮਸ਼ੀਨਾਂ 'ਚ ਆਪਣੇ ਫ਼ੁੱਲਾਂ ਵਰਗੇ ਨਿੱਕੇ-ਨਿੱਕੇ ਜਵਾਕ ਦੇਖ ਕੇ, ਕਾਲਜਾ ਮੂੰਹ ਨੂੰ ਆ ਰਿਹਾ ਏ ਤੇ ਮਨ 'ਚ ਬੁਰੇ-ਬੁਰੇ ਖਿਆਲ ਆ-ਜਾ ਰਹੇ ਨੇ। ਰਾਤ ਦੀਆਂ ਹੀ ਅੱਖੀਆਂ ਤੇ ਮਨ ਭਰ-ਭਰ ਡੁੱਲ੍ਹ ਰਹੇ ਨੇ; ਹੌਲ ਪੈ ਰਹੇ ਨੇ। ਚਿੜੀ ਦੇ ਬੋਟ ਵਾਂਗ ਦਿਲ ਧੜਕ ਰਿਹੈ!  ਜਿਵੇਂ ਮੇਰੀ ਮੱਤ ਮਰੀ ਹੋਈ ਤੇ ਦਿਮਾਗ ਸੁੰਨ ਹੁੰਦਾ ਹੈ,  ਕੁਝ ਵੀ ਤਾਂ ਨਹੀਂ ਸੁੱਝ ਰਿਹਾ! ਪਤਨੀ ਦਾ ਦਿਮਾਗ਼ ਵੀ ਪੂਰਾ ਡੈੱਡ ਹੀ ਲੱਗਦੈ। ਪਤਾ ਨਹੀਂ ਕੀ-ਕੀ ਬੋਲੀ ਜਾ ਰਹੀ ਹੈ,  ਮੈਨੂੰ ਤਾਂ ਸਿਰਫ਼ ਇਹੋ ਸੁਣਦੈ- "ਹਾਏ ਮੇਰੇ ਫ਼ੁੱਲਾਂ ਵਰਗੇ ਜੁਆਕ ਬਚਾ 'ਲੋ ਹਾਏ-ਹਾਏ..ਏ ..! "

ਬੱਚੇ ਤਾਂ ਅੱਜ ਵਾਂਗ ਇੰਝ ਕਦੇ ਵੀ ਟਿਕ ਕੇ ਨਹੀਂ ਬੈਠੇ ਸੀ ਜਾਂ ਪਏ ਸੀ; ਬਸ ਸ਼ਰਾਰਤਾਂ ਹੀ ਕਰਦੇ ਰਹਿੰਦੇ ਤੇ ਹੱਸਦੇ-ਖੇਡਦੇ ਰਹਿੰਦੇ। ਪਰ ਅੱਜ ਰਾਤ ਦੇ ਹੀ ਉਹ ਐਮਰਜੈਂਸੀ 'ਚ ਅਹਿੱਲ ਪਏ ਨੇ! ਨਾ ਬੋਲਦੇ ਨੇ, ਨਾ ਖੇਡਦੇ ਨੇ ਤੇ ਨਾਹੀਂ ਅੱਜ ਉਹਨਾਂ ਨੂੰ ਕਿਸੇ 'ਚੀਜ਼ੀ' ਦੀ ਭੁੱਖ ਲੱਗੀ ਹੈ।

ਸਮਝ ਨ੍ਹੀਂ ਆਉਂਦੀ ਹੁਣ ਪਤਨੀ ਨੂੰ ਕੀ ਆਖਾਂ..?

-"ਭਾਵੇਂ ਸਭ ਕੁਝ ਵਿਕ ਜੇ ਜਾਂ ਆਪ ਵੀ ਕਿਉਂ ਨਾ ਵਿਕਣਾ ਪਵੇ, ਮੈਨੂੰ ਮੇਰੇ ਨਿਆਣੇ ਚਾਹੀਦੇ ਨੇ; ਸਹੀ ਸਲਾਮਤ..ਹੱਸਦੇ ਵੱਸਦੇ..ਹਾਏ ਹਾਏ ਰੱਬਾ ਮਿਹਰ ਕਰੀਂ...ਮੈਨੂੰ ਤੁਹਾਡੀ ਆਵਾਜ਼ ਵੀ ਬਦਲੀ ਜਿਹੀ ਲੱਗਦੀ ਹੈ ਜੀ! ! "

ਫ਼ੋਨ 'ਤੇ ਬੋਲਦੀ-ਬੋਲਦੀ ਪਤਨੀ ਦੀ ਆਵਾਜ਼ ਅਨੰਤ ਚੀਸਾਂ ਤੇ ਹੰਝੂਆਂ 'ਚ ਲਿੱਬੜ ਗਈ। ਉਹ ਮਛਲੀ ਵਾਂਗ ਤੜਪ ਤੇ ਕੁਰਲਾ ਰਹੀ ਹੈ। ਇਹ ਅਤਿਅੰਤ ਪੀੜਾਂ ਭਿੱਜੀ ਤੜਪਣ ਤਾਂ ਮੇਰੇ ਅੰਦਰ ਵੀ ਤੂਫ਼ਾਨ ਮਚਾ ਰਹੀ ਹੈ। ਮੇਰੇ ਦੋਵੇਂ ਨਿੱਕੇ-ਨਿੱਕੇ ਬੱਚੇ ਬਹੁਤ ਵੱਡੇ ਐਮਰਜੈਂਸੀ ਵਾਰਡ 'ਚ ਪਏ ਜ਼ਿੰਦਗੀ ਤੇ ਮੌਤ ਦੀ ਲੜਾਈ, ਬਿਨ ਹਥਿਆਰਾਂ ਤੋਂ ਕੋਮਲ ਸਰੀਰਾਂ ਨਾਲ਼ ਲੜ ਰਹੇ ਨੇ। ਉਹ ਹਾਲੇ ਲੜ ਵੀ ਰਹੇ ਨੇ ਕਿ ਜਿੱਤ ਜਾਂ ਹਾਰ ਗਏ ਨੇ, ਮੈਨੂੰ ਤਾਂ ਇਹ ਵੀ ਨਹੀਂ ਪਤਾ। ਮੇਰੇ ਤੋਂ ਤਾਂ ਬਸ ਕਾਗ਼ਜ਼ਾਂ 'ਤੇ ਦਸਤਖ਼ਤ ਦਰ ਦਸਤਖ਼ਤ ਕਰਵਾਏ ਤੇ ਮਣਾਂ ਮੂੰਹੀਂ ਪੈਸੇ ਵਸੂਲੇ ਜਾ ਰਹੇ ਨੇ! ਮਾਹੌਲ ਵੀ ਬਹੁਤ ਹੀ ਰਹੱਸਮਈ ਲੱਗ ਰਿਹਾ ਹੈ। ਨਾ ਮੈਨੂੰ ਤੇ ਨਾ ਮੇਰੇ ਕਿਸੇ ਰਿਸ਼ਤੇਦਾਰ ਨੂੰ ਐਮਰਜੈਂਸੀ ਵਾਰਡ 'ਚ ਜਾਣ ਦਿੱਤਾ ਜਾ ਰਿਹਾ ਹੈ।

-"ਉਹ ਬਿਲਕੁੱਲ ਠੀਕ ਨੇ ਤੂੰ ਚਿੰਤਾ ਨਾ ਕਰ..! ਡਾਕਟਰ ਕਹਿੰਦਾ ਜਲਦੀ ਠੀਕ ਹੋ ਜਾਣਗੇ। ਠੀਕ ਹੀ ਨੇ, ਅੰਮੀ-ਅੰਮੀ ਕਰਦੇ ਨੇ; ਜਦੋਂ ਠੀਕ ਹੋ ਜਾਣਗੇ ਲੈ ਆਵਾਂਗੇ; ਮਾਮੂਲੀ ਬਿਮਾਰੀ ਹੀ ਤਾਂ ਹੈ; ਕੋਈ ਜ਼ਿਆਦਾ ਨਹੀਂ; ਅੱਜਕਲ੍ਹ ਇਹ ਆਮ ਹੀ ਹੋ ਜਾਂਦਾ ਇਸ ਤਰ੍ਹਾਂ..! "ਕਹਿੰਦਿਆਂ- ਕਹਿੰਦਿਆਂ ਮੇਰੇ 'ਤੇ ਅੰਤਾਂ ਦਾ ਵੈਰਾਗ ਭਾਰੂ ਹੋ ਗਿਆ, ਗਲ਼ਾ ਰੁੰਧ ਗਿਆ! ਆਵਾਜ਼ ਭਾਰੀ ਹੋ ਕੇ ਡਬਡਬਾ ਗਈ ਤੇ ਗ਼ਮਾਂ ਦੇ ਸਮੁੰਦਰ 'ਚ ਡੁੱਬੇ ਤੋਂ ਅੱਗੇ ਨਾ ਬੋਲ ਹੋਇਆ! ਅੱਖਾਂ 'ਚੋਂ ਹੰਝੂਆਂ ਦੇ ਪਰਨਾਲੇ ਵਹਿ ਤੁਰੇ ਤੇ ਮੈਂ ਥਾਏਂ ਹੀ ਢੇਰੀ ਢਾਅ ਗਿਆ। ਪਰ ਬਹੁਤ ਹੀ ਮਜ਼ਬੂਤ ਆਵਾਜ਼ ਕਰਕੇ ਬੋਲਿਆ...-"ਉਹ ਬਿਲਕੁਲ ਠੀਕ ਨੇ, ਤੂੰ ਫ਼ਿਕਰ ਨਾ ਕਰ, ਸ਼ਾਮ ਤੱਕ ਅਸੀਂ ਘਰ ਆ ਹੀ ਜਾਣਾ ਹੈ! ਆਪਣਾ ਖਿਆਲ ਰੱਖ...!" ਉਹ ਰੋਣਹਾਕੀ ਆਵਾਜ਼ 'ਚ ਕੁਝ ਬੋਲਣ ਲੱਗੀ ਹੈ; ਮੈਂ ਫ਼ੋਨ ਕੱਟ ਦਿੱਤਾ।

ਇੱਥੇ ਹਸਪਤਾਲ ਦੇ ਸਮੂਹ ਸਟਾਫ਼ ਬਿਨ ਸਭ ਦੀਆਂ ਸੋਗੀ ਤੇ ਗ਼ਮ ਫ਼ਿਕਰਾਂ 'ਚ ਭਿੱਜੀਆਂ ਅਵਾਜ਼ਾਂ ਹੀ ਤਾਂ ਸੁਣਦੀਆਂ ਨੇ..ਲੋਕ ਇੰਝ ਗੱਲਾਂ ਕਰਦੇ ਨੇ ਜਿਵੇਂ ਆਪਣੀ ਅਜੋਕੀ ਹੋਣੀ ਤੇ ਬੇਵੱਸ ਹੋਏ ਡੂੰਘੇ ਵੈਣ-ਕੀਰਨੇ ਪਾ ਰਹੇ ਹੋਣ! ਇਹ ਵੈਣ ਮੇਰੀ ਰੂਹ 'ਚ ਬਹੁਤ ਜ਼ਬਰਦਸਤ ਟੱਕਰਾਂ ਮਾਰਦੇ ਪਏ ਨੇ। ਮੈਂ ਅੱਖਾਂ ਸਾਫ਼ ਕਰਕੇ ਸਹਿਜ ਹੋਣ ਦਾ ਯਤਨ ਕਰਕੇ ਪਾਣੀ ਪੀਣ ਲਈ ਹਸਪਤਾਲ ਦੇ ਵਾਟਰ ਕੂਲਰ ਵੱਲ ਮਰੇ ਹੋਏ ਭਾਰੇ ਕਦਮ ਪੁੱਟਦਾ ਚਲਾ ਜਾਂਦਾ ਹਾਂ। ਪਾਣੀ ਪੀਣ ਨੂੰ ਰੂਹ ਨਹੀਂ ਕਰਦੀ। ਪਰ ਇਸ ਬਿਨ ਆਂਦਰਾਂ ਵੀ ਤੜਪ ਉੱਠੀਆਂ ਨੇ। ਪਤਾ ਨਹੀਂ ਰੱਬ ਨੇ ਸਰੀਰ ਲਈ ਇੰਨਾ ਜ਼ਰੂਰੀ ਕਿਉਂ ਕਰ ਦਿੱਤਾ ਇਸਨੂੰ?

ਉਧਰ ਬੜੀ ਹੀ ਤੇਜ਼ੀ ਨਾਲ਼ ਚੀਕਾਂ ਮਾਰਦੀ ਕੋਈ ਐਂਬੂਲੈਂਸ ਆਈ ਹੈ, ਜਿਸ 'ਚ ਪਤਾ ਨਹੀਂ ਕਿਸ ਦੇ ਜਿਗਰ ਦੇ ਟੁਕੜੇ ਕਿਸ ਬਿਮਾਰੀ 'ਚ ਹੋਣਗੇ; ਰੱਬ ਖ਼ੈਰ ਹੀ ਕਰੇ। ਇੱਥੇ ਨਿੱਕੇ-ਨਿੱਕੇ ਬਿਮਾਰ ਬੱਚੇ ਹੀ ਰੋਜ਼ ਦਰਜਨਾਂ ਦੀ ਗਿਣਤੀ 'ਚ ਆਉਂਦੇ ਨੇ। ਪਤਾ ਨਹੀਂ ਕੀ ਆਬੋ-ਹਵਾ ਵਿਗੜੀ ਹੈ?ਫ਼ੁੱਲ ਕਲੀਆਂ ਵਰਗੇ ਪੋਟਾ-ਪੋਟਾ ਬੱਚੇ ਵੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਨੇ।

ਇੱਧਰ ਗ੍ਰਾਹਕ ਦੇਖ ਸਮੂਹ ਸਟਾਫ਼ ਨੂੰ ਅੰਤਾਂ ਦਾ ਚਾਅ ਚੜ੍ਹ ਗਿਆ ਹੋਵੇਗਾ, ਪਰ ਸਭ ਨੇ ਮੂੰਹਾਂ 'ਤੇ ਨਕਲੀ ਗੰਭੀਰਤਾ ਤੇ ਫ਼ਿਕਰ ਦਾ ਨਕਾਬ ਚੜ੍ਹਾ ਕੇ ਭੱਜ ਨੱਠ ਸ਼ੁਰੂ ਕਰ ਦਿੱਤੀ ਹੋਵੇਗੀ। ਇਹ ਭੱਜ ਨੱਠ ਪੈਸਾ ਕਮਾਉਣ ਦੀ ਹੈ ਕਿ ਜਿੰਦ ਬਚਾਉਣ ਦੀ? ਜਾਂ ਇਸ ਤਰ੍ਹਾਂ ਦੇ ਹਸਪਤਾਲ ਹਰ ਸ਼ਹਿਰ 'ਚ ਸਥਾਪਿਤ ਕਰਕੇ ਪੈਸੇ ਬਟੋਰਨ ਦੀ ਹੋੜ ਲੱਗੀ ਹੈ? ਕੋਈ ਮਰੇ ਕੋਈ ਜੀਵੇ! ਹਸਪਤਾਲ ਘੋਲ਼ ਰੁਪਈਏ ਪੀਵੇ।

***

............-"ਓ ਥੋਨੂੰ ਸੁਣਦਾ ਨਹੀਂ, ਮੈਂ ਕੀ ਭੌਂਕੀ ਜਾਨਾ..?ਲਾਈਨ 'ਚ ਲੱਗੋ ਤੇ ਬੋਤਲਾਂ ਵਾਲ਼ੇ ਪਰ੍ਹੇ ਹੋਵੋ...ਇੱਥੇ ਪੀਣ ਨੂੰ ਪਾਣੀ ਮਸਾਂ ਮਿਲਦਾ; ਇਹ ਦੋ-ਦੋ ਲੀਟਰ ਦੀਆਂ ਬੋਤਲਾਂ ਚੁੱਕੀ ਫਿਰਦੇ ਨੇ...ਜਿਵੇਂ ਪਾਣੀ ਦਾ ਲੰਗਰ ਲੱਗਿਆ ਹੁੰਦਾ ਹੈ....ਧੱਕਾ ਨਾ ਕਰੋ ਓਏ, ਪਾਣੀ ਸਿਰਫ਼ ਦੋ-ਦੋ ਘੁੱਟ ਹੀ ਮਿਲੂ; ਜੇ ਵੱਧ ਲੈਣਾ, ਕੰਟੀਨ 'ਚ ਜਾਓ ਤੇ ਖ਼ਰੀਦੋ...! ! "

ਹਸਪਤਾਲ ਦੇ ਵਾਟਰ ਕੂਲਰ ਕੋਲ਼ ਖੜ੍ਹਾ ਕਰਮਚਾਰੀ ਬਹੁਤ ਹੀ ਸਖ਼ਤ ਤੇ ਕੁਰੱਖਤ ਬੋਲਾਂ 'ਚ ਘੂਰ ਰਿਹਾ ਹੈ! ਉਹ ਦੋ ਘੁੱਟ ਤੋਂ ਵੱਧ ਕਿਸੇ ਨੂੰ ਪਾਣੀ ਨਹੀਂ ਦੇ ਰਿਹਾ।

ਨਾਲ਼ ਹੀ ਕਰਮਚਾਰੀ ਉੱਚੀ ਉੱਚੀ ਚੀਖ ਵੀ ਰਿਹਾ ਹੈ -

"ਜ਼ਹਿਰੀ ਕਰਕੇ ਤੇ ਮੁਕਾ ਕੇ ਭਾਲਦੇ ਨੇ ਬੋਤਲਾਂ ਦੀਆਂ ਬੋਤਲਾਂ ਪਾਣੀ...! ਕੰਟੀਨ ਤੋਂ ਖ਼ਰੀਦੋ, ਜਿਸਨੇ ਵੱਧ ਲੈਣਾ ਹੈ ..! ਹੁਣ ਸ਼ੁੱਧ ਹਵਾ ਵੀ ਮੁੱਲ ਮਿਲਿਆ ਕਰੂ, ਪੈਸੇ ਹੋਣਗੇ ਬਚ 'ਜੋਗੇ ਨਹੀਂ ਮੌਤ ਅਵਾਜ਼ਾਂ ਮਾਰਦੀ..!"

ਕੰਟੀਨ 'ਤੇ ਤਾਂ ਹਰ ਚੀਜ਼ ਨੂੰ ਅੱਡ ਅੱਗ ਲੱਗੀ ਹੋਈ ਹੈ! ਪਾਣੀ ਦੀ ਨਿੱਕੀ ਜਿੰਨੀ ਬੋਤਲ ਹਜ਼ਾਰ ਰੁਪਏ ਦੀ ਮਿਲ਼ ਰਹੀ ਹੈ! ਹੁਣ ਉਹ ਵੀ ਮੁੱਕਣ ਕਿਨਾਰੇ ਹੋਣ ਕਾਰਨ ਰੇਟ ਹੋਰ ਵੀ ਵਧ ਰਿਹਾ ਹੈ! ਕਮਾਲ ਹੈ, ਪੰਜ ਦਰਿਆਵਾਂ ਦੀ ਧਰਤੀ 'ਤੇ ਪਾਣੀ ਵੀ ਸੋਨੇ ਤੋਂ ਮਹਿੰਗਾ ਵਿਕਣ ਲੱਗਾ ਹੈ; ਪਾਣੀ ਦੇ ਲੰਗਰ ਲਗਾਉਣ ਵਾਲ਼ੇ ਲੋਕ ਬੂੰਦ-ਬੂੰਦ ਨੂੰ ਤਰਸਣਗੇ! !

ਤਾਪਮਾਨ ਆਮ ਨਾਲੋਂ ਕਾਫ਼ੀ ਜ਼ਿਆਦਾ ਹੋ ਗਿਆ ਹੈ! ਸੂਰਜ 'ਚੋਂ ਨਿਰੀ ਅੱਗ ਹੀ ਵਰਸ ਰਹੀ ਹੈ। ਧੁੱਪ ਤੇ ਗਰਮੀ ਲੋਕਾਂ ਦਾ ਲਹੂ ਤੱਕ ਸੁਕਾ ਰਹੀ ਹੈ!

ਪਿਆਸ ਨਾਲ਼ ਲੋਕ ਤਰਾਹ-ਤਰਾਹ ਕਰ ਰਹੇ ਨੇ! ਪਤਾ ਨਹੀਂ ਕੀ ਸੋਚ ਕੇ ਮੇਰੇ ਅੰਦਰ ਬਹੁਤ ਹੀ ਗਹਿਰਾ ਹਉਂਕਾ ਲਹਿ ਗਿਆ। ਇਸਦੇ ਵਿੱਚ ਹੀ ਜਿੰਦ ਤੇ ਮੌਤ ਦੀ ਬਾਜ਼ੀ ਲਗਾ ਰਹੇ ਮੇਰੇ ਨਿੱਕੇ ਨਿੱਕੇ ਬੱਚਿਆਂ ਦਾ ਦਰਦ ਵੀ ਰਲ਼ ਗਿਆ ਹੈ! ਲੱਖਾਂ ਹੀ ਅਦਿੱਖ ਭੁੱਬਾਂ ਨੇ ਮੇਰਾ ਕਾਲਜਾ ਪਾਟ ਕੇ ਰੱਖ ਦਿੱਤਾ। ਬੱਚਿਆਂ ਦੇ ਖ਼ਿਆਲ ਆਉਣ ਨਾਲ਼ ਮੇਰੀ ਪਿਆਸ ਹੀ ਮਰ ਗਈ। ਆਪਣੇ ਹੀ ਖਾਰੇ ਹੰਝੂਆਂ ਨਾਲ਼ ਗਲ਼ਾ ਤਰ ਕਰਕੇ ਮੈਂ ਸਟੀਲ ਦੇ ਬੈਂਚਾਂ 'ਤੇ ਇੰਝ ਬੈਠ ਗਿਆ ਹਾਂ, ਜਿਵੇਂ ਪੱਥਰ ਦੀ ਲੋਥ ਇੱਥੇ ਸਦੀਆਂ ਤੋਂ ਸਥਾਪਿਤ ਕੀਤੀ ਹੋਵੇ!

..........

ਪਿਆਸ ਨੇ ਮੇਰੇ ਅੰਦਰ ਅੱਗ ਲਗਾ ਦਿੱਤੀ ਹੈ, ਪਰ ਮੇਰੇ ਅੰਦਰ ਇੱਕ ਘੁੱਟ ਵੀ ਨਹੀਂ ਲੰਘਣੀ। ਭਰਾ ਰੋਟੀ ਲੈ ਆਇਆ ਹੈ, ਮੇਰਾ ਸਾਢੂ ਤੇ ਸਾਲ਼ਾ ਰੋਟੀ ਖਾਣ ਲੱਗੇ ਨੇ ਪਰ ਮੇਰੇ ਤੋਂ ਨਹੀਂ ਖਾ ਹੋਣੀ। ਰੋਜ਼ ਹੀ ਬੱਚੇ ਮੇਰੇ ਨਾਲ਼ ਹੀ ਖਾਂਦੇ ਨੇ, ਪਰ ਅੱਜ...!

ਬੁਰਾ ਖਿਆਲ ਆਇਆ ਹੈ, ਮੇਰਾ ਗੱਚ ਭਰ ਗਿਆ; ਖਾਲੀ-ਖਾਲੀ ਅੱਖਾਂ ਨਾਲ਼ ਐਮਰਜੈਂਸੀ ਵਾਰਡ ਵੱਲ ਵੇਖਣ ਲੱਗਾ ਹਾਂ ਜਿਵੇਂ ਹੁਣੇ ਹੀ ਡਾਕਟਰ ਆ ਕੇ ਆਖੇਗਾ- "ਬੱਚੇ ਬਿਲਕੁਲ ਠੀਕ ਨੇ ਤੁਸੀਂ ਚਿੰਤਾ ਨਾ ਕਰੋ ਜਾਂ ਖ਼ੁਦ ਹੀ ਬੱਚੇ -"ਪਾਪਾ-ਪਾਪਾ" ਕਰਦੇ ਬਾਹਰ ਭੱਜੇ ਆਉਣਗੇ ਤੇ ਮੇਰੇ ਗਲ਼ੇ ਨੂੰ ਧਾਅ ਕੇ ਚਿੰਬੜ ਜਾਣਗੇ ਪਰ ਬੱਚੇ ਨਹੀਂ, ਨਰਸ ਆਈ ਹੈ। ਉਸਨੇ ਅਕਾਰਨ ਹੀ ਮੈਨੂੰ ਖਾਣ ਲਈ ਕਿਸੇ ਦਵਾਈ ਦੀ ਖ਼ੁਰਾਕ ਦੇ ਕੇ ਇੱਕ ਟੀਕਾ ਲਗਾ ਦਿੱਤਾ। ਪਤਾ ਨਹੀਂ ਕੀ ਸੋਚ ਕੇ ਦਿਲ ਹੀ ਹਿੱਲ ਗਿਆ, ਰੂਹ ਰੋ ਪਈ! ਹੰਝੂਆਂ ਨਾਲ਼ ਅੱਖਾਂ ਡਬਡਬਾ ਗਈਆਂ।

ਮੇਰੇ ਸਾਹਵੇਂ ਥੋੜ੍ਹਾ ਸਮਾਂ ਪਹਿਲੇ ਆਏ ਛੋਟੇ ਜਿਹੇ ਬੱਚੇ ਦੀ ਡੈੱਡ ਬਾਡੀ ਘੁੰਮ ਗਈ, ਜਿਸਨੇ ਤਰਬੂਜ਼ ਹੀ ਖਾਧਾ ਸੀ ਤੇ ਤਰਬੂਜ਼ 'ਚ ਘੁਲ਼ੇ ਖ਼ਤਰਨਾਕ ਕੈਮੀਕਲ ਨੇ ਨੰਨ੍ਹੇ ਜਿਹੇ ਬੱਚੇ ਨੂੰ ਸਦਾ ਲਈ ਠੰਢਾ ਕਰਕੇ ਮਾਪੇ ਜ਼ਿੰਦਗੀ ਭਰ ਲਈ ਗ਼ਮੀਆਂ ਦੀ ਭਖਦੀ ਭੁੱਬਲ਼ 'ਚ ਸੁੱਟ ਦਿੱਤੇ! ..

ਸ਼ਹਿਰੋਂ ਖ਼ਰੀਦੇ ਕੇਲੇ ਖਾਣ ਨਾਲ਼ ਇੱਕ ਬੱਚਾ ਤੁਰੰਤ ਤੜਪ-ਤੜਪ ਕੇ ਮਰ ਗਿਆ।

ਸੈਂਕੜੇ ਬੱਚੇ ਪਾਣੀ ਤੇ ਜ਼ਹਿਰੀ ਖਾਣਿਆਂ ਨਾਲ਼ ਹਸਪਤਾਲ 'ਚ ਤੜਪਦੇ ਜ਼ਿੰਦਗੀ ਤੇ ਮੌਤ ਨਾਲ਼ ਜੂਝ ਰਹੇ ਨੇ। ਬਹੁਤੇ ਜ਼ਿੰਦਗੀ ਦੀ ਬਾਜ਼ੀ ਹਾਰ ਰਹੇ ਨੇ। ਮਾਪੇ ਮਾਰੇ-ਮਾਰੇ ਭੱਜੇ ਫਿਰ ਰਹੇ ਨੇ। ਮੂੰਹਾਂ 'ਤੇ ਮੌਤਾਂ ਦੇ ਭੈਅ ਜੰਮੇ ਪਏ ਨੇ।

ਇਸ ਪਵਿੱਤਰ ਧਰਤੀ 'ਤੇ ਕੈਸਾ ਕਾਲ਼ਾ ਦੌਰ ਆ ਗਿਆ ਹੈ? ਬਹੁਤ ਬੱਚੇ ਨਸ਼ਿਆਂ ਨਾਲ਼ ਵੀ ਤਾਂ ਮਰੀ ਜਾ ਰਹੇ ਨੇ! ਕਿਸਨੇ ਬੀਜ ਦਿੱਤੀਆਂ ਇੰਨੀਆਂ ਮੌਤਾਂ??

ਹੋਰ ਵੀ ਬਹੁਤ ਬਿਮਾਰ ਬੱਚੇ ਆ ਰਹੇ ਨੇ; ਹਸਪਤਾਲ 'ਚ ਕਿਸੇ ਵੱਡੇ ਮੇਲੇ ਵਰਗੀ ਭੀੜ ਹੈ!

.........

-"ਤੁਸੀਂ ਕੌਫ਼ੀ ਪੀਓਗੇ ਕਿ ਚਾਹ ਕਿ ਕੁਝ ਹੋਰ..?" ਕੋਈ ਕਿਸੇ ਨੂੰ ਪੁੱਛ ਰਿਹਾ ਹੈ। ਕੌਫ਼ੀ ਲਫ਼ਜ਼ ਸੁਣ ਕੇ ਮੇਰਾ ਦਿਲ ਕੰਬ ਗਿਆ! ਮੇਰੇ ਬੇਟੇ ਨੇ ਵੀ ਤਾਂ ਆਖ਼ਿਰ ਵੇਲ਼ੇ ਇਹੋ ਲਫ਼ਜ਼ ਬੋਲਿਆ ਸੀ; ਉਸ ਤੋਂ ਬਾਅਦ ਉਸ ਤੋਂ ਬੋਲ ਨਹੀਂ ਹੋਇਆ। ਬਸ ਖ਼ੂਨ ਦੀਆਂ ਉਲਟੀਆਂ ਹੀ ਕਰੀ ਗਿਆ ਤੇ ਬਿਲਕੁੱਲ ਚੁੱਪ ਤੇ ਸ਼ਾਂਤ ਮੇਰੇ ਮੂੰਹ ਵੱਲ ਬੇਚਾਰਗੀ ਭਰੀ ਬੇਵਸੀ ਨਾਲ਼ ਵੇਖੀ ਗਿਆ; ਬੇਟੀ ਦੀ ਵੀ ਲਗਭਗ ਇਹੋ ਹਾਲਤ ਸੀ; ਬੋਲੀ ਤਾਂ ਉਹ ਵੀ ਕੁਝ ਨਹੀਂ; ਬੇਟੇ ਦੇ ਬੋਲ ਰਹਿ-ਰਹਿ ਕੇ ਮੇਰੇ ਦਿਲ ਦੇ ਕੰਨਾਂ 'ਚ ਛੁਰੀਆਂ ਫੇਰ ਰਹੇ ਨੇ। ਕਿੰਨਾ ਸੋਹਣਾ ਬੋਲਿਆ ਸੀ ਉਹ...

-"ਡੈਡੀ...ਕੌਫ਼ੀ ਕਲਰ ਵਾਟਰ..! "

ਮੈਨੂੰ ਤਾਂ ਇਸਦੀ ਕੋਈ ਸਮਝ ਨਾ ਲੱਗੀ, ਪਰ ਕੌਫ਼ੀ ਕਲਰ ਵਾੱਟਰ ਉਸਦੇ ਆਖ਼ਰੀ ਬੋਲ ਸਨ। ਉਸ ਤੋਂ ਬਾਅਦ ਉਸਨੂੰ ਖ਼ੂਨ ਦੀਆਂ ਉਲਟੀਆਂ ਹੀ ਬੰਦ ਨਹੀਂ ਹੋਈਆਂ ਤੇ ਫ਼ਿਰ ਉਹ ਕੁਝ ਨਹੀਂ ਦੱਸ ਸਕਿਆ। ਆਪ ਅਬੋਲ ਹੋ ਗਿਆ ਤੇ ਮੈਨੂੰ ਕਰ ਗਿਆ।

ਫ਼ਿਰ ਤਾਂ ਡਾਕਟਰ ਨੇ ਹੀ ਦੱਸਿਆ ਕਿ ਬੱਚੇ ਬਹੁਤ ਜ਼ਹਿਰੀਲੇ ਕੈਮੀਕਲ ਵਾਲ਼ਾ ਪਾਣੀ ਪੀ ਗਏ ਨੇ ਤੇ ਉਸ ਪਾਣੀ ਨੇ ਅੰਦਰੋਂ-ਬਾਹਰੋਂ ਇਹ ਕੋਮਲ ਫ਼ੁੱਲ ਝੁਲਸ ਕੇ ਰੱਖ ਦਿੱਤੇ ਨੇ। ਬਚਾਉਣ ਦੀ ਕੋਸ਼ਿਸ਼ ਪੂਰੀ ਇਮਾਨਦਾਰ ਹੋਵੇਗੀ ਪਰ ਹੋ ਕੁਝ ਵੀ ਸਕਦਾ!

ਡਾਕਟਰ ਮੂੰਹੋਂ 'ਕੁਝ ਵੀ' ਸੁਣ ਕੇ ਮੈਂ ਖੜ੍ਹਾ-ਖੜੋਤਾ ਸੁੰਨ ਹੋ ਗਿਆ! ਬੋਰਾ ਪੈਸਿਆਂ ਦਾ ਲੈ ਕੇ ਤੇ ਕਿੰਨੇ ਹੀ ਫ਼ਾਰਮਾਂ 'ਤੇ ਦਸਤਖ਼ਤ ਕਰਵਾ ਕੇ ਇਲਾਜ ਸ਼ੁਰੂ ਕਰ ਦਿੱਤਾ। ਜੋ ਰਾਤ ਉਸ ਵੇਲ਼ੇ ਤੋਂ ਹੀ ਚਾਲੂ ਹੈ, ਜਿਸ ਵੇਲ਼ੇ ਅਸੀਂ ਇਸ ਹਸਪਤਾਲ ਪਹੁੰਚੇ ਹਾਂ। ਪਤਾ ਨਹੀਂ ਕਿਉਂ , ਮੈਨੂੰ ਹਸਪਤਾਲ ਦਾ ਮਾਹੌਲ ਬਹੁਤ ਰਹੱਸਮਈ ਲੱਗ ਰਿਹਾ ਹੈ।

........

ਰਾਤ ਦੀ ਹੀ ਤਾਂ ਗੱਲ ਹੈ, ਜੇਠ ਮਹੀਨੇ ਦੇ ਅੱਧ ਦੀ ਅੰਤਾਂ ਦੀ ਗਰਮੀ 'ਚ ਬੱਚੇ ਸਬਮਰਸੀਬਲ ਮੋਟਰ ਚਲਾ ਕੇ ਟੱਬ ਭਰ ਕੇ ਨਹਾਉਣ ਲੱਗੇ! ਖ਼ਿਆਲ ਮੈਂ ਵੀ ਨਹੀਂ ਕੀਤਾ; ਮੋਬਾਇਲ 'ਤੇ ਹੀ ਲੱਗਿਆ ਰਿਹਾ। ਪਤਨੀ ਖਾਣਾ ਬਣਾ ਰਹੀ ਸੀ। ਮੋਟਰ ਵਿੱਚ ਫੈਕਟਰੀਆਂ ਵੱਲੋਂ ਧਰਤੀ 'ਚ ਸੁੱਟਿਆ ਜ਼ਹਿਰੀਲਾ ਕੈਮੀਕਲ ਪਾਣੀ ਆ ਗਿਆ। ਅਭੋਲ ਬੱਚੇ ਨਹਾਈ ਗਏ ਤੇ ਪਾਣੀ ਪੀਂਦੇ ਰਹੇ! ਨਾ ਬੱਚਿਆਂ ਨੂੰ ਨਾ ਮੈਨੂੰ ਇਸਦਾ ਕੋਈ ਪਤਾ ਲੱਗਾ।

ਥੋੜ੍ਹੀ-ਥੋੜ੍ਹੀ ਰੋਟੀ ਖਾ ਕੇ ਹੀ ਉਹ ਤੜਪਣ ਲੱਗੇ। ਧੱਫੜ ਪੈ ਕੇ ਬੇਚੈਨ ਹੋ ਗਏ, ਫ਼ਿਰ ਬੁਰੀ ਤਰ੍ਹਾਂ ਜਾਨ ਤੁੜਾਉਣ ਲੱਗੇ। ਸਾਨੂੰ ਸਮਝ ਹੀ ਨਹੀਂ ਲੱਗੀ ਕਿ ਹੋ ਕੀ ਰਿਹੈ; ਅਸੀਂ ਗੱਡੀ ਲੈ ਕੇ ਤੁਰੰਤ ਭੱਜੇ। ਦੋਵੇਂ ਬੱਚੇ ਬਹੁਤ ਹੀ ਔਖੇ ਸੀ; ਜੀਭ 'ਤੇ ਵੀ ਛਾਲੇ ਪੈ ਗਏ; ਬਸ ਬੇਟਾ ਇੰਨਾ ਹੀ ਬੋਲਿਆ ਸੀ-"ਡੈਡੀ, ਅਸੀਂ ਕੌਫ਼ੀ ਕਲਰ ਵਾਟਰ ਪੀਤਾ ਸੀ! "

ਫ਼ਿਰ ਉਸਨੇ ਬੋਲਣ ਦਾ ਤਾਂ ਭਰਪੂਰ ਯਤਨ ਕੀਤਾ ਪਰ ਬੋਲ ਨਾ ਸਕਿਆ! ਸ਼ਾਇਦ ਕੈਮੀਕਲੀ ਜ਼ਹਿਰ ਨੇ ਮੇਰੀ ਬਗੀਚੀ ਦੇ ਸਭ ਤੋਂ ਸੋਹਣੇ ਫ਼ੁੱਲਾਂ ਦੀ ਸਦਾ ਲਈ ਜ਼ੁਬਾਨ ਨੱਪ ਲਈ! ਕੌਣ ਜ਼ਿੰਮੇਦਾਰ ਹੈ ਇਹਨਾਂ ਅਦਿੱਖ ਜ਼ਹਿਰਾਂ ਦਾ??

****

-"ਝੋਨੇ ਦੀ ਪਨੀਰੀ ਨੂੰ ਰਾਤੀਂ ਪਾਣੀ ਲਗਾਇਆ ਸੀ, ਪਤਾ ਨਹੀਂ ਕੀ ਹੋਇਆ, ਸਾਰਾ ਹੀ ਮੱਚ ਗਿਆ। ਪਾਣੀ ਦਾ ਰੰਗ ਵੀ ਬਦਲਿਆ ਜਿਹਾ ਲੱਗਦੈ। ਕੱਦੂ, ਭਿੰਡੀ, ਪੇਠਾ, ਕਰੇਲਾ, ਮਿਰਚ ਦੇ ਖੇਤ ਵੀ ਮੱਚ ਗਏ ਨੇ। ਕਹਿੰਦੇ ਨੇ, ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਧਰਤੀ 'ਚ ਰਲ਼ ਗਿਆ ਤੇ ਧਰਤੀ 'ਚੋਂ ਪਾਣੀ ਨਹੀਂ, ਜਾਨਲੇਵਾ ਜ਼ਹਿਰ ਹੀ ਬਾਹਰ ਨਿੱਕਲ਼ ਰਿਹਾ ਹੈ। ਇਹ ਹੋਰ ਨਵਾਂ ਹੀ ਜੱਭ ਛਿੜ ਗਿਆ, ਪਤਾ ਨਹੀਂ ਜੀਵਾਂਗੇ ਕਿ ਮਰਾਂਗੇ! "

ਕੋਈ ਪਾਟੇ ਕੱਪੜਿਆਂ ਵਾਲ਼ਾ ਬਹੁਤ ਹੀ ਗਰੀਬੜਾ ਜਿਹਾ ਕਿਰਤੀ ਕਿਸਾਨ ਆਪਣੇ ਵਰਗੇ ਹੀ ਕਿਸੇ ਨਾਲ਼ ਆਪਣੀ ਹੋਣੀ ਦੇ ਹੰਝੂ ਕੇਰ ਰਿਹਾ ਹੈ। ਨਾਲ਼ ਦੇ ਨੇ ਕੀ ਕਿਹਾ, ਕੀ ਨਹੀਂ; ਮੈਨੂੰ ਨਹੀਂ ਪਤਾ। ਉਹ ਕੋਈ ਇਸ ਤਰ੍ਹਾਂ ਦੀਆਂ ਹੀ ਗੱਲਾਂ ਕਰਦੇ ਹੋਣਗੇ, ਪਰ ਜ਼ਹਿਰੀਲੇ ਪਾਣੀ ਵਾਲ਼ੀ ਗੱਲ ਨੇ ਮੇਰੀ ਹਿੱਕ ਪਾੜ ਸੁੱਟੀ! ਰੂਹ ਧੁਰ ਅੰਦਰ ਤੱਕ ਕੰਬ ਕੇ ਰਹਿ ਗਈ।

ਮੈਨੂੰ ਯਾਦ ਆਏ, ਆਪਣੇ ਇਲਾਕੇ ਦੇ ਕੁੱਝ ਵਾਤਾਵਰਨ ਪ੍ਰੇਮੀ, ਜੋ ਸਦਾ ਹੀ ਕੂਕਦੇ ਰਹਿੰਦੇ ਨੇ ਕਿ ਪਾਣੀ ਮੁੱਕ ਚੱਲਿਆ; ਪੌਣ ਗੰਧਲ਼ੀ ਹੋ ਗਈ, ਰੁੱਖ ਘਟ ਰਹੇ ਨੇ! ਪਰ ਕੋਈ ਸੁਣਦਾ ਹੀ ਨਹੀਂ ਸੀ! ਤੇ ਉਹਨਾਂ ਤਾਂ ਇਲਾਕੇ ਦੀਆਂ ਫੈਕਟਰੀਆਂ ਵੱਲੋਂ ਧਰਤੀ 'ਚ ਸੁੱਟੇ ਜਾ ਰਹੇ ਪਾਣੀ ਬਾਰੇ ਬਹੁਤ ਰੌਲ਼ਾ ਪਾਇਆ ਸੀ ਤੇ ਉਹ ਲੜਾਈ ਲੜਦੇ ਰਹੇ ਪਰ ਬੇਪਰਵਾਹ ਲੋਕਾਂ ਨੇ ਕੋਈ ਸਹਿਯੋਗ ਤਾਂ ਕੀ ਦੇਣਾ ਸੀ, ਉਹਨਾਂ ਦਾ ਹੀ ਭੰਡੀ ਪ੍ਰਚਾਰ ਸ਼ੁਰੂ ਕਰ ਦਿੱਤਾ।

ਪਰ ਉਹ ਤਾਂ ਬਿਨਾਂ ਕਿਸੇ ਡਰ ਖੌਫ਼ ਦੇ, ਅੱਜ ਵੀ ਲੜ ਰਹੇ ਨੇ! ਮੀਂਹਾਂ ਦਾ ਪਾਣੀ ਧਰਤੀ 'ਚ ਰਿਚਾਰਜ ਕਰਨ ਲਈ ਵੀ ਆਪਣੀ ਆਪਣੀ ਜਗ੍ਹਾ 'ਚ ਬੋਰ ਕਰਕੇ ਆਪਣੇ ਵੱਲੋਂ ਮਨੁੱਖਤਾ ਦੇ ਭਲੇ ਦੀ ਲੜਾਈ ਲੜ ਰਹੇ ਨੇ!

.........

ਪਤਨੀ ਦੀ ਥੋੜ੍ਹਾ ਚਿਰ ਪਹਿਲਾਂ ਦਰਦ 'ਚ ਭਿੱਜੀ 'ਕਾਲ' ਯਾਦ ਆ ਗਈ-

-"ਜੀ ਆਪਣੇ ਪਿੰਡ ਅੱਧੀ ਰਾਤ ਨੂੰ ਗੁਰਦੁਆਰੇ ਰੇਡੀਓ 'ਚ ਅਨਾਊਂਸ ਕੀਤਾ ਕਿ ਕੋਈ ਵੀ ਪਾਣੀ ਨਾ ਵਰਤੇ, ਧਰਤੀ ਦੇ ਸਾਰੇ ਪਾਣੀ 'ਚ ਫ਼ੈਕਟਰੀ ਦਾ ਜ਼ਹਿਰ ਰਲ਼ ਗਿਆ ਹੈ, ਪਤਾ ਨਹੀਂ ਕਿੱਥੋਂ ਲਿਆ ਕੇ ਤਿੰਨ ਤਿੰਨ ਲੀਟਰ ਵਰਤਣ ਨੂੰ ਦੇਣਗੇ! ਤਿੰਨ ਲੀਟਰ ਵੀ ਪਤਾ ਨਹੀਂ ਮਿਲੂ ਕਿ ਨਹੀਂ ਜਾਂ ਤਕੜੇ ਲੋਕ ਹੀ ਹੱਕ ਮਾਰ ਜਾਣਗੇ; ਪਤਾ ਨਹੀਂ, ਇਹ ਹੋਰ ਈ ਪੰਗਾ ਪੈ ਗਿਆ ਜੇ!

ਕੋਈ ਗੱਲ ਨਹੀਂ, ਤੁਸੀਂ ਬੱਚਿਆਂ ਦਾ ਖਿਆਲ ਰੱਖੋ, ਸਵੇਰੇ ਮੈਂ ਵੀ ਆ ਹੀ ਜਾਣਾ, ਮੇਰਾ ਜੀਅ ਨ੍ਹੀਂ ਲੱਗਦਾ ਜਵਾਕਾਂ ਬਿਨ, ਹਾਏ ਮੇਰੇ ਨਿੱਕੇ ਨਿੱਕੇ ਨੋਟੇ ਫ਼ੁੱਲ, ਗੁਗਲੂ-ਮੁਗਲੂ ਜੇ...! ਬੋਲਦੀ-ਬੋਲਦੀ ਦੀ ਉਸਦੀ ਆਵਾਜ਼ ਅਦਿੱਖ ਦਰਦ ਨਾਲ਼ ਭਰੜਾ ਗਈ। ਸਾਫ਼ ਸੀ, ਉਸਦੀ ਰੂਹ ਨੇ ਭੁੱਬਾਂ ਮਾਰੀਆਂ ਨੇ ਪਰ ਉਸਨੇ ਆਪੇ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਹੈ; ਮੈਂ ਉਸਨੂੰ ਹਸਪਤਾਲ ਆਉਣ ਤੋਂ ਮਨ੍ਹਾ ਕਰ ਦਿੱਤਾ! ਉਸਨੇ ਆਉਂਦੀ ਨੇ ਹੀ ਰੋਣ ਲੱਗ ਜਾਣਾ..! ਮੈਂ ਤਾਂ ਆਪ ਪਤਾ ਨਹੀਂ ਕਿਵੇਂ ਆਪਾ ਕਾਬੂ ਕਰੀ ਬੈਠਾਂ..! !

ਡਾਕਟਰ ਦੇ ਬੋਲੇ ਬਹੁਤ ਕੁਰੱਖਤ ਬੋਲ ਯਾਦ ਆਉਂਦੇ ਨੇ। ਉਹ ਮੈਨੂੰ ਖਾ ਜਾਣ ਵਾਲਿਆਂ ਵਾਂਗ ਭੱਜ ਕੇ ਪਿਆ ਸੀ-" ਤੁਸੀਂ ਸੁੱਤੇ ਪਏ ਓ ਪਿੰਡ ਵਾਲ਼ੇ..?ਤੁਹਾਡੇ ਪਿੰਡ ਦੇ ਪਾਣੀ 'ਚ ਜ਼ਹਿਰਾਂ ਰਲ਼ ਚੁੱਕੀਆਂ ਨੇ! ਕੀ ਕਰਦੇ ਨੇ ਪਿੰਡ ਦੇ ਚੌਧਰੀ; ਨਿੱਕੇ-ਨਿੱਕੇ ਜਵਾਕਾਂ ਦੇ ਕਾਲਜੇ ਫੂਕੇ ਗਏ ਨੇ।

ਜੇ ਐਵੇਂ ਹੀ ਸੁੱਤੇ ਰਹੇ ਤਾਂ ਮਰੋਗੇ ਸਭ ਦੇ ਸਭ, ਸਭ ਜ਼ਮੀਨ-ਜਾਇਦਾਦਾਂ ਇੱਥੇ ਹੀ ਰਹਿ ਜਾਣਗੀਆਂ..! "

ਡਾਕਟਰ ਹੋਰ ਵੀ ਬਹੁਤ ਕੁਝ ਬੋਲਿਆ ਸੀ, ਪਰ ਮੇਰੀ ਤਾਂ ਮੱਤ ਮਰੀ ਹੀ ਪਈ ਸੀ, ਜਿਸ ਕਾਰਨ ਮੈਨੂੰ ਕੁਝ ਵੀ ਸੁਣਾਈ ਨਹੀਂ ਦਿੱਤਾ। ਸੁਣ ਕੇ ਮੇਰਾ ਮਨ ਤੇ ਕੰਨ ਸੁੰਨ ਹੋ ਗਏ, ਮੈਂ ਡਾਕਟਰ ਦੇ ਪੈਰਾਂ 'ਚ ਡਿੱਗ ਕੇ ਗਿੜਗਿੜਾ ਕੇ ਤਰਲਾ ਲਿਆ-"ਪਲੀਜ਼, ਮੇਰੇ ਜਵਾਕ ਬਚਾ 'ਲੋ ਜੀ, ਜਵਾਕਾਂ ਬਿਨ ਅਸੀਂ ਮਰ ਜਾਵਾਂਗੇ .....! "

ਡਾਕਟਰ ਨੇ ਮਰੀ ਸੰਵੇਦਨਾ ਨਾਲ ਸਿਰਫ਼ ਇੰਨਾ ਹੀ ਕਿਹਾ- "ਕੋਸ਼ਿਸ਼ ਜਾਰੀ ਹੈ, ਜ਼ਹਿਰ ਦਾ ਅਸਰ ਖਤਰਨਾਕ ਪੱਧਰ ਤੱਕ ਅਸਰ ਕਰ ਚੁੱਕਿਆ ਹੈ, ਫ਼ਿਕਰ ਨਾ ਕਰੋ, ਬਾਕੀ ਦੇਖੋ..! "

ਇਹ ਬੋਲ ਮੈਨੂੰ ਇੰਝ ਸੁਣੇ, ਵੱਧ ਤੋਂ ਵੱਧ ਪੈਸੇ ਜਮ੍ਹਾ ਕਰਵਾਓ ਬਸ; ਮਰਨ ਜੀਵਨ ਸਾਡੇ ਵੱਸ 'ਚ ਨਹੀਂ...! ! "

ਇਹ ਬੋਲ ਮੈਨੂੰ ਇੰਝ ਵੀ ਸੁਣੇ ਨੇ ਜਿਵੇਂ ਕੋਈ ਮੇਰੀ ਲੋਥ ਨੂੰ ਕੁਝ ਕਹਿ ਰਿਹਾ ਹੋਵੇ! ਮੈਂ ਖੜ੍ਹਾ-ਖੜ੍ਹਾ ਹੀ ਜਿਵੇਂ ਮਰ ਗਿਆ ਹੋਵਾਂ..!

..........

ਬਾਪੂ ਦੀ ਗੱਲ ਯਾਦ ਆ ਗਈ, ਉਹ ਕਹਿੰਦਾ ਹੁੰਦਾ ਸੀ, ਪਾਣੀ ਤਾਂ ਅੰਮ੍ਰਿਤ ਹੁੰਦਾ..ਜੀਵਨ ਦੇਣ ਵਾਲ਼ਾ..ਪਾਣੀ ਕਦੇ ਕਿਸੇ ਦਾ ਜੀਵਨ ਨਹੀਂ ਲੈਂਦਾ; ਇਸ ਜੀਵਨ ਦਾਤੇ ਦੀ ਸੰਭਾਲ਼ ਕਰਨੀ ਚਾਹੀਦੀ ਹੈ। ਪਾਣੀ ਤੇ ਰੁੱਖਾਂ ਨਾਲ਼ ਹੀ ਜ਼ਿੰਦਗੀ ਹੈ; ਇਹੀ ਸਾਡੇ ਮਾਪੇ ਨੇ। ਜੇ ਰੁੱਖ ਤੇ ਪਾਣੀ ਨਹੀਂ ਤਾਂ ਸਾਡੇ ਮਾਪੇ ਵੀ ਸਾਡੇ ਲਈ ਕੁਝ ਨਹੀਂ ਕਰ ਸਕਦੇ!

ਬਾਪੂ ਨੇ ਪਿੰਡ 'ਚ ਜਨਤਕ ਥਾਵਾਂ 'ਤੇ ਬਹੁਤ ਪਿੱਪਲ਼, ਬਰੋਟੇ, ਨਿੰਮ ਲਗਾਏ ਸਨ। ਉਹ ਕਿਸੇ ਨੂੰ ਵੀ ਕਿਸੇ ਰੁੱਖ ਦਾ ਪੱਤਾ ਤੱਕ ਨਹੀਂ ਸੀ ਤੋੜਨ ਦਿੰਦਾ; ਲੜ ਪੈਂਦਾ ਸੀ; ਓਦੋਂ ਤਾਂ ਉਸਦੀ ਲੜਾਈ ਸਾਨੂੰ ਬਹੁਤ ਬੁਰੀ ਲੱਗਦੀ ਸੀ; ਅੱਜ ਬਾਪੂ ਦੀ ਲੜਾਈ ਦੇ ਅਰਥ ਸਮਝ ਆ ਰਹੇ ਨੇ। ਬਾਪੂ ਦੀ ਮੌਤ ਤੋਂ ਬਾਅਦ ਸਭ ਪਿੱਪਲ਼ ਬਰੋਟੇ ਵੱਢ ਕੇ, ਉਹਨਾਂ ਪੈਸਿਆਂ ਦੇ ਲੋਕ ਕਿੰਨੇ ਹੀ ਦਿਨ ਧਾਰਮਿਕ ਅਸਥਾਨ 'ਤੇ ਮਾਲ੍ਹ-ਪੂੜੇ, ਖੀਰਾਂ ਦੇ ਲੰਗਰ ਖਾਂਦੇ ਰਹੇ ਤੇ ਲੋਕ ਖ਼ੁਸ਼ੀਆਂ ਮਨਾਉਂਦੇ ਰਹੇ, ਟਾਹਲੀਆਂ ਪਿੰਡ ਦੇ ਚੌਧਰੀ ਦੀਆਂ ਜੋੜੀਆਂ 'ਚ ਖਪ ਗਈਆਂ.....!

........ .. ... ...

ਕਰੀਬ ਡੇਢ ਘੰਟੇ ਤੋਂ ਮੇਰੇ ਨਾਲ਼ ਆਏ ਰਿਸ਼ਤੇਦਾਰਾਂ 'ਚ, ਭੱਜ ਨੱਠ ਕਾਫ਼ੀ ਵਧ ਗਈ ਹੈ ਤੇ ਉਹ ਕਾਫ਼ੀ ਘਬਰਾਹਟ ਤੇ ਸਦਮੇ 'ਚ ਲੱਗ ਰਹੇ ਨੇ। ਮੇਰੇ ਤੋਂ ਬਚਾ ਕੇ ਫ਼ੋਨ ਕਰ ਤੇ ਸੁਣ ਰਹੇ ਨੇ; ਕੁਝ ਹਦਾਇਤਾਂ ਦੇ-ਲੈ ਰਹੇ ਨੇ। ਮੇਰੇ ਤੋਂ ਬਚਾ ਕੇ ਹੋਰ ਵੀ ਕਈ ਕੁਝ ਕਰ ਰਹੇ ਨੇ। ਮੇਰੇ ਵੀ ਕਾਗ਼ਜ਼ਾਂ 'ਤੇ ਦਸਤਖ਼ਤ ਕਰਵਾਏ ਜਾ ਰਹੇ ਨੇ! ਇਹ ਸਭ ਨੇ ਮੇਰੇ ਦਿਲ ਦਾ ਧੁੜਕੂ ਬਹੁਤ ਤੇਜ਼ ਕਰ ਦਿੱਤਾ ਤੇ ਇੰਝ ਲੱਗਦੈ ਜਿਵੇਂ ਦਿਲ 'ਚ ਲੱਖਾਂ ਚੀਰ ਪੈ ਗਏ ਹੋਣ।

ਲੱਗਦਾ ਹੈ, ਭਾਣਾ ਤਾਂ ਵਾਪਰ ਗਿਆ ਹੈ। ਮੇਰੇ ਬੱਚੇ ਹੁਣ ਇਸ ਸੰਸਾਰ 'ਤੇ ਨਹੀਂ ਰਹੇ। ਮੈਂ ਭੁੱਬਾਂ ਮਾਰ ਕੇ ਰੋ ਪਿਆ ਹਾਂ। ਮਰੀਜ਼ਾਂ ਨਾਲ਼ ਆਏ ਬਹੁਤ ਲੋਕਾਂ ਨੇ ਮੈਨੂੰ ਸੰਭਾਲਿਆ ਹੈ, ਦਰਦ ਦੀ ਇੱਕ ਬਹੁਤ ਭਿਆਨਕ ਲਹਿਰ ਨੇ ਮੈਨੂੰ ਤਹਿਸ- ਨਹਿਸ ਕਰ ਦਿੱਤਾ ਹੈ! ਸਮਝਦਾ ਵੀ ਹਾਂ ਕਿ ਕੁਝ ਨਹੀਂ ਹੋ ਸਕਦਾ। ਆਪੇ ਨੂੰ ਮਜ਼ਬੂਤ ਕਰਕੇ, ਆਉਣ ਵਾਲ਼ੇ ਪੀੜਾਂ ਭਿੱਜੇ ਸਮੇਂ ਲਈ ਤਿਆਰ ਕਰਦਾ ਹਾਂ, ਪਰ ਇਹ ਇੰਨਾ ਸਹਿਜ ਵੀ ਤਾਂ ਨਹੀਂ ਹੈ। ਸੰਵੇਦਨਾ ਰੱਤਾ ਆਮ ਜਿਹਾ ਮਨੁੱਖ ਹਾਂ; ਰੱਬ ਨਹੀਂ...!!

.........

.......ਚਿੱਟੇ ਕੱਪੜਿਆਂ 'ਚ ਬੱਚਿਆਂ ਦੀਆਂ ਲੋਥਾਂ ਦੇਖ ਕੇ ਮੇਰੇ ਅੰਦਰੋਂ ਦਰਦ ਦਾ ਗਹਿਰਾ ਜਵਾਰਭਾਟਾ ਉੱਠਦਾ ਹੈ। ਉਹ ਸ਼ਾਂਤ ਪਏ ਨੇ...ਚੁੱਪ ਚੁੱਪ...ਜਿਵੇਂ ਐਤਵਾਰ ਦੀ ਛੁੱਟੀ ਨੂੰ ਅਰਾਮ ਕਰ ਰਹੇ ਹੋਣ। ਲੱਗਿਆ ਕਿ ਹੁਣੇ ਮੈਂ ਇਹਨਾਂ ਨੂੰ ਉਠਾਵਾਂਗਾ ਤੇ ਇਹ ਕਹਿਣਗੇ- " ਪਲੀਜ਼ ਪਾਪਾ, ਅੱਜ ਤਾਂ ਰੱਜ ਕੇ ਸੌਂ ਜਾਣ ਦਿਓ..! "

ਦਰਦ ਦਾ ਮੂੰਹਜ਼ੋਰ ਲਾਵਾ ਮੇਰੇ ਰੋਮ-ਰੋਮ ਨੂੰ ਮੁਰਦਾ ਕਰਨ ਲਈ ਉੱਛਲ ਕੁੱਦ ਕਰਦਾ ਹੈ। ਕਾਲਜਾ ਛਲਣੀ ਹੋ ਗਿਆ ਹੈ, ਦਿਲ ਕਰਦਾ ਹੁਣੇ ਹੀ ਕੁੱਝ ਖਾ ਕੇ ਮਰਜਾਂ ਪਰ ਹੁਣ ਰਹਿਆ ਵੀ ਕੀ ਹੈ ਬਾਕੀ....! ਤੇ ਮੈਂ ਖੜ੍ਹਾ-ਖੜ੍ਹਾ ਹੀ ਧਰਤੀ 'ਤੇ ਮਿੱਟੀ ਦੀ ਢੇਰੀ ਵਾਂਗ ਢਹਿ ਗਿਆ ਹਾਂ! ਮੇਰੀ ਸਾਰੀ ਸੱਤਿਆ ਮਰ ਗਈ ਹੈ। ਮੇਰਾ ਸਾਰਾ ਜਹਾਨ ਮਰ ਗਿਆ। ਅੱਖਾਂ ਅੱਗੇ ਧੁੰਦਲਕਾ ਛਾਅ ਗਿਆ।

.........…..

ਵੱਖਰੀ ਗੱਡੀ 'ਚ ਬੱਚਿਆਂ ਦੇ ਮੁਰਦਾ ਜਿਸਮ ਪਿੰਡ ਦੇ ਸਿਵਿਆਂ 'ਚ ਖ਼ਾਕ ਹੋਣ ਲਈ ਰਵਾਨਾ ਹੋ ਗਏ ਨੇ! ਮੇਰੇ ਕੁਝ ਹੋਰ ਟੀਕੇ ਪਤਾ ਨਹੀਂ ਕਿਉਂ ਲਗਾਏ ਜਾ ਰਹੇ ਨੇ। ਉਪਰੰਤ ਅਸੀਂ ਵੱਖਰੀ ਗੱਡੀ 'ਚ ਚੱਲ ਪਏ ਹਾਂ। ਸਿਖ਼ਰ ਦੁਪਹਿਰ ਦੀ ਅੰਤਾਂ ਦੀ ਗਰਮੀ ਅੱਗ ਵਾਂਗ ਸਭ ਕੁਝ ਲੂਹ ਰਹੀ ਹੈ, ਅੰਦਰ ਗ਼ਮ ਦੀ ਧੂਣੀ ਧੁਖ ਗਈ ਹੈ! ਅੰਦਰੋਂ-ਬਾਹਰੋਂ ਧੂੰਆਂ ਹੀ ਧੂੰਆਂ ਉੱਠ ਰਿਹਾ ਹੈ! ਜਿਸਨੇ ਕਲੇਜਾ ਫੂਕ ਕੇ ਰੱਖ ਦਿੱਤਾ ਹੈ।

...................ਜੋ ਕੁਝ ਹੋਣਾ ਹੈ ਉਹ ਤਾਂ ਹੋ ਹੀ ਗਿਆ ਹੈ। ਚਾਹੇ ਆਪਣੀ ਸੋਹਣੀ ਤੇ ਨੰਨ੍ਹੀ ਉੱਜੜੀ ਦੁਨੀਆ ਦੇ ਗਹਿਰੇ ਦਰਦ 'ਚ ਗਲ਼-ਗਲ਼ ਡੁੱਬਿਆ ਪਿਆ ਹਾਂ ਪਰ ਭਾਣੇ ਨੂੰ ਵੀ ਤਾਂ ਸਮਝਦਾ ਹਾਂ। ਰੋ-ਰੋ ਕੇ ਬੱਚਿਆਂ ਨੇ ਵਾਪਿਸ ਨਹੀਂ ਆਉਣਾ। ਦਿਲ 'ਤੇ ਪੱਥਰ ਰੱਖ ਕੇ ਸਹਿਜ ਹੋਣ ਲਈ ਯਤਨਸ਼ੀਲ ਹਾਂ, ਫ਼ਿਰ ਵੀ ਪਤਾ ਨਹੀਂ ਦਿਮਾਗ਼ 'ਚ ਕੀ-ਕੀ ਚੱਲੀ ਜਾ ਰਿਹਾ ਹੈ! !

ਨਰਸਰੀ ਕੋਲੋਂ ਲੰਘਣ ਲੱਗੇ ਦੇ ਬਾਪੂ ਯਾਦ ਆ ਗਿਆ; ਉਸਦੇ ਬੋਹੜ-ਪਿੱਪਲ਼, ਨਿੰਮ ਦੀ ਤ੍ਰਿਵੈਣੀ ਤੇ ਕੁਦਰਤ ਨਾਲ਼ ਜੁੜੇ ਉਪਦੇਸ਼ ਯਾਦ ਆ ਗਏ ਨੇ; ਰੁੱਖਾਂ ਲਈ ਲੜੀ ਜਾਂਦੀ ਉਸਦੀ ਲੜਾਈ ਯਾਦ ਆ ਗਈ; ਬਾਪੂ ਤੇ ਉਸਦੀ ਸੋਚ ਦਾ ਮੋਹ ਆਇਆ ਹੈ; ਦਿਲ 'ਚ ਹੌਲ ਪੈ ਗਿਆ।

ਗੱਡੀ ਨਰਸਰੀ ਕੋਲ਼ ਰੋਕ ਕੇ ਕੁਝ ਬੋਹੜ ਖ਼ਰੀਦੇ ਨੇ। ਬੱਚਿਆਂ ਦੇ ਸੰਸਕਾਰ ਤੋਂ ਪਹਿਲਾਂ ਇਹਨਾਂ ਦੀਆਂ ਨੰਨ੍ਹੀਆਂ ਲਾਸ਼ਾਂ ਦੇ ਹੱਥੀਂ ਲਗਵਾਉਣ ਦਾ ਇੱਕ ਸੁੰਦਰ ਖ਼ਿਆਲ ਆਇਆ ਹੈ; ਹਾਲਾਂਕਿ ਅਜਿਹੇ ਸਮੇਂ 'ਚ ਇਹ ਅਤਿ ਮੁਸ਼ਕਿਲ ਲੱਗਦਾ ਹੈ ਪਰ ਜਨ ਜਾਗ੍ਰਿਤੀ ਲਈ ਮੈਨੂੰ ਇਹ ਕੁਝ ਅੱਜ ਹੀ ਕਰਨਾ ਹੋਏਗਾ; ਕਿਸੇ ਨੂੰ ਤਾਂ ਪਹਿਲ ਕਰਨੀ ਹੀ ਹੋਏਗੀ....!

ਬੋਹੜ, ਪਿੱਪਲ਼ ਤੇ ਨਿੰਮ ਖ਼ਰੀਦ ਕੇ ਅੱਖਾਂ 'ਚੋਂ ਦਿਲ ਦਾ ਦਰਦ ਡੁੱਲ੍ਹ ਗਿਆ ਹੈ।

......

ਗੱਡੀ 'ਚ ਬਹੁਤ ਗਹਿਰੀ ਚੁੱਪ ਛਾਈ ਹੋਈ ਹੈ। ਅਜਿਹੇ 'ਚ ਕਿਸੇ ਕੋਲ਼ ਵੀ ਕਹਿਣ-ਸੁਣਨ ਨੂੰ ਕੁਝ ਨਹੀਂ ਹੈ। ਗੱਡੀ 'ਚ ਮੈਂ, ਮੇਰਾ ਸਾਢੂ, ਸਾਲ਼ਾ ਤੇ ਡਰਾਈਵਰ ਹੀ ਹਾਂ। ਸਾਡੇ ਨਾਲ਼ ਹੀ ਡਰਾਈਵਰ ਦਾ ਮੂੰਹ ਵੀ ਮਸੋਸਿਆ ਹੋਇਆ ਹੈ। ਗੱਡੀ 'ਚ ਗੰਭੀਰਤਾ ਭਰੇ ਮਾਤਮ ਦਾ ਸਾਮਰਾਜ ਹੈ।

ਸੂਰਜ ਸਿਖ਼ਰਾਂ 'ਤੇ ਹੈ, ਅੱਜ ਤਾਪਮਾਨ ਵੀ ਚਰਮਸੀਮਾ 'ਤੇ ਪਹੁੰਚਿਆ ਲੱਗਦਾ।

ਹਾਈਵੇ ਛੱਡ ਗੱਡੀ ਲਿੰਕ ਰੋਡ 'ਤੇ ਪੈ ਗਈ ਹੈ।

ਮੈਨੂੰ ਸਭ ਕੁਝ ਸੁੰਨਾ-ਸੁੰਨਾ ਤੇ ਵੀਰਾਨ ਲੱਗ ਰਿਹਾ ਹੈ। ਸਾਰੀ ਕਾਇਨਾਤ ਹੀ ਰੋਂਦੀ ਲੱਗੀ ਹੈ! ਪਤਾ ਨਹੀਂ ਪਤਨੀ ਦੀ ਕੀ ਹਾਲਤ ਹੋਵੇਗੀ; ਉਸਦਾ ਦਿਲ ਬਹੁਤ ਨਾਜ਼ੁਕ ਹੈ; ਮੇਰਾ ਦਿਲ ਵੀ ਤਾਂ ਪਤਲਾ ਹੀ ਹੈ, ਸੋਚ ਰਿਹਾਂ ਉਹ ਨਾਜ਼ੁਕ ਹਿੱਕ 'ਤੇ ਇਹ ਗ਼ਮ ਦੇ ਪੱਥਰ ਕਿਵੇਂ ਝੱਲੇਗੀ! ! ਅਸੀਂ ਤਾਂ ਮਸਾਂ ਹੀ ਆਪਣੇ ਫ਼ੁੱਲ ਇੰਨੀਆਂ ਔਖਾਂ ਨਾਲ਼ ਪਾਲ਼ੇ ਸਨ।

ਬੱਚੇ ਬਹੁਤ ਯਾਦ ਆ ਰਹੇ ਨੇ..ਉਹ ਸਦਾ ਹੀ ਰੁੱਖਾਂ, ਪਾਣੀ, ਕੁਦਰਤ ਦੀਆਂ ਗੱਲਾਂ ਕਰਦੇ ਰਹਿੰਦੇ ਸਨ! ਉਹਨਾਂ ਦਾ ਬਹੁਤ ਕੁੱਝ ਯਾਦ ਆ ਰਿਹਾ, ਜਿਸ ਨਾਲ਼ ਲੱਖਾਂ ਦਰਦਾਂ ਦੀਆਂ ਲੀਕਾਂ ਦਿਲ 'ਚ ਛੁਰੀਆਂ ਫੇਰ ਰਹੀਆਂ ਨੇ! ਆਲ਼ੇ-ਦੁਆਲ਼ੇ ਕਿੰਨੀਆਂ ਹੀ ਫੈਕਟਰੀਆਂ ਧੂੰਏਂ ਦੇ ਬੱਦਲ਼ ਉਡਾ ਰਹੀਆਂ ਮੈਨੂੰ ਇੰਝ ਲੱਗੀਆਂ ਨੇ ਜਿਵੇਂ ਇਹ ਸਾਡੀਆਂ ਸਭ ਦੀਆਂ ਅਦਿੱਖ ਕਾਤਲ ਨੇ ਤੇ ਗਹਿਰੇ ਧੂੰਏਂ ਨਾਲ਼ ਮੇਰਾ ਤੇ ਸਮਾਜ ਦਾ ਮੂੰਹ ਚਿੜਾ ਰਹੀਆਂ ਹੋਣ!

.........

ਹੰਝੂਆਂ ਭਿੱਜੀਆਂ ਅੱਖਾਂ ਨਾਲ਼ ਬਾਹਰ ਵੱਲ ਵੇਖਦਾ ਹਾਂ। ਅੱਧ ਜੇਠ ਮਹੀਨੇ ਨੂੰ ਅੱਗ ਲੱਗੀ ਪਈ ਹੈ। ਖੇਤ ਸੁੱਕੇ ਤੇ ਪਾਟੇ ਪਏ ਨੇ! ਸੜਕ ਕਿਨਾਰੇ ਕੋਈ ਰੁੱਖ ਨਹੀਂ ਦਿਸਦਾ! ਨਾ ਇੰਨੀ ਗਰਮੀ 'ਚ ਕੋਈ ਰਾਹਗੀਰ ਆ-ਜਾ ਰਿਹਾ ਹੈ! ਸੜਕ ਬਿਲਕੁੱਲ ਖ਼ਾਲੀ ਪਈ ਹੈ ਤੇ ਮੇਰਾ ਮਨ ਤੇ ਅੱਖਾਂ ਪੂਰੀ ਤਰ੍ਹਾਂ ਭਰੀਆਂ ਹੋਈਆਂ ਨੇ! ...

.............

-"ਚਿੱਰਰਰਰ...! ! " ਡਰਾਈਵਰ ਅਚਾਨਕ ਬਰੇਕ ਲਗਾਉਂਦਾ ਹੈ। ਸੜਕ ਵਿਚਾਲ਼ੇ ਸਕੂਲ ਦੇ ਕੁਝ ਬੱਚੇ ਗਰਮੀ ਦੇ ਭੁੰਨੇ ਖੜ੍ਹੇ ਨੇ। ਕਿਸੇ ਸਾਥੀ ਦੇ ਸਾਈਕਲ 'ਚ ਖ਼ਰਾਬੀ ਆ ਗਈ ਲੱਗਦੀ ਹੈ। ਬਿਨਾਂ ਕਿਸੇ ਰੁੱਖ ਦੀ ਛਾਂ ਤੋਂ ਓਹਨਾਂ ਦੀ ਹਾਲਤ ਅਤਿ ਤਰਸਯੋਗ ਹੋਈ ਪਈ ਹੈ! ਉਹ ਪਾਣੀ-ਪਾਣੀ ਕੂਕ ਰਹੇ ਨੇ! ਸਾਡੇ ਤੋਂ ਉਹਨਾਂ ਦੀ ਹਾਲਤ ਦੇਖੀ ਨਹੀਂ ਗਈ। ਅਸੀਂ ਆਪਣਾ ਸਾਰਾ ਹੀ ਪਾਣੀ ਉਹਨਾਂ ਨੂੰ ਦੇ ਕੇ ਅੱਗੇ ਚੱਲ ਪਏ ਹਾਂ। ਪਾਣੀ ਪੀ ਕੇ ਬੱਚਿਆਂ ਦੀ ਜਾਨ 'ਚ ਜਾਨ ਆਈ ਹੈ। ਅੱਗੇ ਇੱਕ ਗ਼ਰੀਬ ਪਤੀ-ਪਤਨੀ ਸੁੱਕੇ ਰੁੱਖ ਦੀ ਧੁੱਪ ਵਰਗੀ ਛਾਂ ਦੇ ਸਹਾਰੇ ਬੈਠੇ ਨੇ; ਸਾਈਕਲ ਕੋਲ਼ ਖੜ੍ਹਾ ਹੈ। ਲੱਗਦਾ ਹੈ ਇਹ ਵੀ ਪਾਣੀ ਦੇ ਪਿਆਸੇ ਨੇ; ਪਰ ਸਾਡੇ ਕੋਲ਼ ਹੁਣ ਪਾਣੀ ਦੀ ਇੱਕ ਵੀ ਬੂੰਦ ਨਹੀਂ। ਬਹੁਤ ਤਰਸ ਆਇਆ ਹੈ; ਰੱਬ ਖ਼ੈਰ ਕਰੇ, ਇਹ ਕਿਸੇ ਤਨ ਪੱਤਣ ਲੱਗਣ! ਖ਼ੌਰੇ ਵਿਚਾਰੇ ਕਿਸ ਮਜ਼ਬੂਰੀ 'ਚ ਸ਼ਹਿਰ ਜਾਂਦੇ ਹੋਣੇ ਨੇ! ! ਅੱਜ ਮਹਿਸੂਸ ਹੋਇਆ ਪਾਣੀ ਤੇ ਰੁੱਖਾਂ ਦੀ ਜ਼ਿੰਦਗੀ 'ਚ ਕੀ ਕੀਮਤ ਹੁੰਦੀ ਹੈ!

ਥੋੜ੍ਹਾ ਅੱਗੇ ਜਾ ਕੇ ਸਾਨੂੰ ਇੱਕ ਹੋਰ ਵੀ ਭਿਆਨਕ ਮੰਜ਼ਰ ਦੇਖਣ ਨੂੰ ਮਿਲਿਆ, ਜਿਸ ਨਾਲ਼ ਸਾਡੀ ਰੂਹ ਬੁਰੀ ਤਰ੍ਹਾਂ ਕੰਬ ਗਈ!

.......

ਰਸਤੇ 'ਚ ਇੱਕ ਕਾਰ ਰੁਕੀ ਖੜ੍ਹੀ ਹੈ! ਇੱਕ ਔਰਤ ਤੇ ਨਾਲ਼ ਦੋ ਨਿੱਕੇ-ਨਿੱਕੇ ਬੱਚੇ ਨੇ। ਕਾਰ 'ਚ ਕੋਈ ਖ਼ਰਾਬੀ ਹੋ ਗਈ ਲੱਗਦੀ ਹੈ! ਬਿਨ ਚੁੰਨੀ ਵਾਲ਼ੀ ਪੈਂਤੀ ਕੁ ਸਾਲਾ ਔਰਤ ਗੱਡੀ ਅੱਗੇ ਹੋ ਕੇ ਸਾਨੂੰ ਰੋਕਦੀ ਹੈ। ਬਹੁਤ ਡਰੀ ਲੱਗਦੀ ਹੈ, ਵੱਡੇ ਬੱਚੇ ਦੀਆਂ ਬਾਹਾਂ ਉਸਨੇ ਚੁੰਨੀ ਨਾਲ਼ ਘੁੱਟ ਕੇ ਬੰਨ੍ਹੀਆਂ ਹੋਈਆਂ ਨੇ! ਉਹ ਖ਼ੁਦ ਨੂੰ ਖੋਲ੍ਹਣ ਲਈ ਜੱਦੋ-ਜਹਿਦ ਕਰ ਰਿਹਾ ਹੈ। ਇਸ ਸਭ ਸਾਨੂੰ ਸਮਝ ਨਹੀਂ ਆਉਂਦੀ।

ਉਹ ਦੀਨ-ਹੀਨ ਹੋਈ ਸਾਡੇ ਤੋਂ ਪਾਣੀ ਮੰਗਦੀ ਹੈ। ਪਾਣੀ ਦੀ ਤਾਂ ਹੁਣ ਸਾਡੇ ਕੋਲ਼ ਇੱਕ ਵੀ ਬੂੰਦ ਨਹੀਂ; ਆਪਣੀ ਬੇਵਸੀ 'ਤੇ ਦੁੱਖ ਵੀ ਹੁੰਦਾ ਹੈ। ਧੁੱਪ ਨੇ ਇਹਨਾਂ ਨੂੰ ਮਰਨ ਵਾਲ਼ੇ ਕੀਤਾ ਹੋਇਆ ਹੈ! ਬੰਨ੍ਹੀਆਂ ਬਾਹਵਾਂ ਵਾਲ਼ਾ ਬੱਚਾ ਬੁਰੀ ਤਰਾਂ ਭੁੜਕ ਰਿਹਾ ਤੇ ਜਾਨ ਤੁੜਾ ਰਿਹਾ ਹੈ।

ਔਰਤ ਦੱਸਦੀ ਹੈ ਕਿ ਬੱਚੇ ਨੂੰ ਬੇਹੱਦ ਪਿਆਸ ਲੱਗੀ ਹੈ ਜੋ ਸਹਿ ਨਹੀਂ ਹੋ ਰਹੀ ਸੀ ਤੇ ਉਹ ਕਿਸੇ ਤਰ੍ਹਾਂ ਪੈਟਰੋਲ ਕੱਢ ਕੇ ਪਿਆਸ ਬੁਝਾਉਣ ਲਈ ਬਜ਼ਿੱਦ ਹੈ। ਬੱਚੇ ਨੂੰ ਸ਼ਾਇਦ ਨਹੀਂ ਪਤਾ ਕਿ

ਪੈਟਰੋਲ ਪਿਆਸ ਨਹੀਂ, ਜ਼ਿੰਦਗੀ ਹੀ ਬੁਝਾਉਂਦਾ ਹੈ! ਅੰਦਰ ਅੱਗ ਲਗਾ ਕੇ ਫੂਕ ਸੁੱਟੇਗਾ।

ਕੀ ਹੁਣ ਲੋਕ ਇੰਝ ਮਰਨਗੇ! ! ਇਹ ਹੋਣੀ ਹੋਵੇਗੀ ਸਾਡੀਆਂ ਨਸਲਾਂ-ਫਸਲਾਂ ਦੀ..! !

ਔਰਤ ਦੱਸਦੀ ਹੈ ਕਿ ਸਾਡੇ ਤੋਂ ਪਹਿਲਾਂ ਉਸਨੇ ਮੋਟਰਸਾਈਕਲ ਸਵਾਰਾਂ ਨੂੰ ਮੱਦਦ ਲਈ ਰੋਕਿਆ; ਉਹ ਔਰਤ ਦੇ ਗਹਿਣੇ, ਮੋਬਾਈਲ, ਪਰਸ ਤੇ ਪਾਣੀ ਦੀ ਬੋਤਲ ਵੀ ਖੋਹ ਕੇ ਫਰਾਰ ਹੋ ਗਏ! ਸੁਣ ਕੇ ਮਨੁੱਖਤਾ 'ਤੇ ਸ਼ਰਮ ਆਈ। ਕੀ ਹੁਣ ਪੰਜ ਦਰਿਆਵਾਂ ਦੀ ਧਰਤੀ ਦੇ ਅਣਖੀਲੇ ਗੱਭਰੂ ਇੰਨੇ ਗਿਰ ਜਾਣਗੇ ਕਿ ਪਾਣੀ ਦੀ ਬੋਤਲ ਤੱਕ ਵੀ ਖੋਹਣ ਲੱਗਣਗੇ?

ਗੰਭੀਰ ਗੱਲ ਇਹ ਹੈ ਕਿ ਉਸਦੇ ਕੋਈ ਵੀ ਫ਼ੋਨ ਨੰਬਰ ਯਾਦ ਨਹੀਂ; ਸਭ ਨੰਬਰ ਮੋਬਾਇਲ 'ਚ ਹੀ ਸੀ ਤੇ ਮੋਬਾਇਲ ਲੁੱਟ ਗਿਆ।

ਪੰਥ ਦੇ ਨਾਮ 'ਤੇ ਕੁੱਤੇ ਨੂੰ ਵੋਟਾਂ ਪਾਉਣ ਦੀ ਜ਼ਿੱਦ ਕਰਨ ਵਾਲੇ ਸਾਡੇ ਵਡੇਰਿਆਂ ਦੀ ਕੀ ਸ਼ਿੱਦਤ ਸੀ ਤੇ ਉਹਨਾਂ ਲੀਡਰਾਂ ਨੇ ਦੇਸ਼ ਨੂੰ ਕਿਸ ਹਾਲਤ 'ਚ ਲਿਆ ਸੁੱਟਿਆ! ! ਕੁੱਝ ਵੀ ਤਾਂ ਬਾਕੀ ਨ੍ਹੀਂ ਛੱਡਿਆ।

ਇਸ ਹੰਗਾਮੀ ਹਾਲਤ 'ਚ ਓਹਨਾਂ ਦੀ ਜਿੰਦ ਬਚਾਉਣੀ ਜ਼ਰੂਰੀ ਹੈ। ਅਸੀਂ ਉਹਨਾਂ ਨੂੰ ਗੱਡੀ 'ਚ ਬਿਠਾ ਲੈਂਦੇ ਹਾਂ; ਕਿਤੇ ਵੀ ਪਾਣੀ ਪਿਲਾ ਕੇ ਜਿੰਦ ਜਿਊਂਣ ਜੋਗੀ ਕਰਨੀ ਚਾਹੀਦੀ ਹੈ! ਅਸੀਂ ਗੱਡੀ ਬਹੁਤ ਤੇਜ਼ ਕਰ ਲੈਂਦੇ ਹਾਂ।

ਇੱਕ ਖੇਤ 'ਚ ਇੱਕ ਕਿਸਾਨ ਬੈਠਾ ਹੈ, ਉਸ ਕੋਲ਼ ਗੱਡੀ ਰੋਕਦੇ ਹਾਂ। ਉਹ ਬੈਠਾ ਪੱਕਿਆ ਕੱਦੂ ਖਾ ਰਿਹਾ ਹੈ। ਗੱਡੀ ਰੁਕਣ ਸਾਰ ਉਹ ਉੱਠ ਖੜ੍ਹਾ ਹੁੰਦਾ ਹੈ ਤੇ ਸਾਡੇ ਬੋਲਣ ਤੋਂ ਪਹਿਲਾਂ ਹੀ ਬੋਲ ਉੱਠਦੈ- "ਪਾਣੀ ਦੀ ਘੁੱਟ ਮਿਲੂ ਸਰਦਾਰੋ..ਕੱਦੂ ਖਾ ਕੇ ਪਿਆਸ ਮਿਟਾ ਰਿਹਾਂ, ਮੋਟਰ ਦਾ ਪਾਣੀ ਘਸਮੈਲ਼ਾ ਜਿਹਾ ਹੋਇਆ ਲੱਗਦਾ, ਜ਼ਹਿਰੀ ਜਿਹਾ; ਕਹਿੰਦੇ ਕਈ ਪਿੰਡਾਂ ਦਾ ਪਾਣੀ ਜ਼ਹਿਰੀ ਹੋ ਗਿਆ! ! ਮੈਂ ਪੀਤਾ ਨਹੀਂ, ਕਿਤੇ ਮਰ ਹੀ ਨਾ ਜਾਵਾਂ। ਹੁਣ ਜੇ ਪਾਣੀ ਪੀਂਦਾ ਹਾਂ ਤਾਂ ਵੀ ਮਰਦਾਂ ਤੇ ਜੇ ਨਹੀਂ ਪੀਂਦਾ ਤਾਂ ਵੀ ਮਰਦਾ ਹਾਂ! ".....

ਸੁਣ ਕੇ ਬਹੁਤ ਵੱਡਾ ਝਟਕਾ ਲੱਗਦਾ ਹੈ। ਕੱਦੂ ਕਦੋਂ ਤੱਕ ਪਿਆਸ ਬੁਝਾਏਗਾ! ! ਜੇ ਕੱਦੂ ਵੀ ਜ਼ਹਿਰੀ ਹੋਇਆ, ਫ਼ੇਰ..??

ਔਰਤ ਦਾ ਬੱਚਾ ਉਤਰਿਆ ਹੈ ਤੇ ਬਜ਼ੁਰਗ ਕੋਲੋਂ ਕੱਦੂ ਖੋਹ ਕੇ ਪਿਆਸ ਮਿਟਾਉਣ ਦਾ ਯਤਨ ਕਰਦਾ ਹੈ! ਕਿਸਾਨ ਦੋ ਕੱਦੂ ਹੋਰ ਦੇ ਦੇਂਦਾ ਹੈ, ਜਿਸ ਨਾਲ਼ ਔਰਤ ਤੇ ਬੱਚੇ ਦੀ ਪਿਆਸ ਮਿਟ ਜਾਵੇ!

ਕੱਦੂ ਨਾਲ਼ ਗਲ਼ ਤਰ ਕਰਕੇ ਔਰਤ ਦੀ ਜਾਨ 'ਚ ਜਾਨ ਆਈ ਹੈ। ਉਸਨੇ ਬਹੁਤ ਭਿਆਨਕ ਸੱਚ ਬੋਲਿਆ- "ਵੀਰੋ! ਪਿਆਸ ਨੇ ਮੇਰਾ ਇੰਨਾ ਬੁਰਾ ਹਾਲ ਕਰਤਾ ਸੀ, ਜੇ ਤੁਸੀਂ ਨਾ ਆਉਂਦੇ, ਮੈਂ ਆਪਣਾ ਪਿਸ਼ਾਬ ਹੀ ਪੀਣ ਵਾਲ਼ੀ ਸਾਂ..! "

ਉਸਦੀ ਬੇਬਾਕ ਗੱਲ ਸੁਣ ਕੇ ਸਾਡੀਆਂ ਰੂਹਾਂ ਸੁੰਨ ਹੋ ਗਈਆਂ! ਮੂੰਹ ਨੂੰ ਜਿੰਦਰੇ ਵੱਜ ਗਏ! ਛੋਟੇ ਬੱਚੇ ਨੇ ਚੁੱਪ ਤੋੜੀ-

-"ਅੰਮੀ ਮੈਂ ਤਾਂ ਥੋੜੇ ਤੋਂ ਚੋਰੀ ਆਪਣਾ ਪਿਸ਼ਾਬ ਪੀ ਵੀ ਲਿਆ, ਇੰਨਾ ਸਾਰਾ..! !"

ਆਪਣੇ ਬੱਚਿਆਂ ਦਾ ਗ਼ਮ ਤੇ ਪੰਜਾਬ ਦੀ ਹੋਣੀ ਦਾ ਗ਼ਮ ਰਲ਼ ਕੇ ਭੁੱਬ ਬਣ ਗਏ ਤੇ ਹਿਰਦਾ ਚੀਰ ਗਏ! ਪਲ-ਪਲ ਗ਼ਮਾਂ-ਫ਼ਿਕਰਾਂ ਦੇ ਪਹਾੜ ਸਿਰ 'ਤੇ ਡਿੱਗ ਰਹੇ ਨੇ।

ਅੱਗੇ ਇੱਕ ਨਹਿਰ ਕੋਲ਼ ਜਾ ਕੇ ਦੇਖਿਆ; ਪਾਣੀ ਹੋਰ ਹੀ ਤਰ੍ਹਾਂ ਦਾ ਲੱਗਿਆ। ਮੇਰੇ ਬੇਟੇ ਦੇ ਅੰਤਿਮ ਬੋਲ ਯਾਦ ਆਏ- "ਕੌਫ਼ੀ ਕਲਰ ਵਾਟਰ...! "ਮੈਂ ਚੀਖ ਉੱਠਿਆ- " ਨਹੀਂ... ਨਹੀਂ...! ਇਹ ਪਾਣੀ ਮੌਤ ਹੈ, ਨਹੀਂ ਪੀਣਾ..ਹੋਰ ਕੋਈ ਨਹੀਂ ਮਰਦਾ ਦੇਖ ਹੁੰਦਾ...! !

. .......

ਭਰਾ ਦਾ ਫ਼ੋਨ ਆਉਂਦਾ ਹੈ; ਉਹ ਬੱਚਿਆਂ ਦੀਆਂ ਲਾਸ਼ਾਂ ਲੈ ਕੇ ਪਿੰਡ ਪਹੁੰਚ ਚੁੱਕੇ ਨੇ। ਪਿੰਡ ਪਾਣੀ ਬਿਨ ਬਹੁਤ ਬੁਰਾ ਹਾਲ ਹੈ! ਘਰੇ ਬਹੁਤ ਇਕੱਠ ਹੈ। ਇੰਨੇ ਲੋਕਾਂ ਲਈ ਪਾਣੀ ਦਾ ਪ੍ਰਬੰਧ ਮੁੱਖ ਮਸਲਾ ਹੈ! ਉਹ ਦੱਸ ਰਿਹਾ ਹੈ ਕਿ ਸਰਪੰਚ ਨੇ ਕਿਸੇ ਲੀਡਰ ਦੀ ਸਿਫ਼ਾਰਸ਼ ਨਾਲ਼, ਇਸ ਸ਼ਰਤ 'ਤੇ ਕਿ ਚੋਣਾਂ 'ਚ ਅਸੀਂ ਘਰ ਦੀਆਂ ਵੋਟਾਂ ਉਸਨੂੰ ਦੇਵਾਂਗੇ, ਪੰਜਾਹ ਹਜ਼ਾਰ 'ਚ ਤਿੰਨ ਕੈਂਪਰ ਸ਼ਹਿਰੋਂ ਮੰਗਵਾ ਲਏ ਨੇ! ਬੱਚਿਆਂ ਨੂੰ ਬਿਨ ਇਸ਼ਨਾਨ ਕੀਤੇ ਸੰਸਕਾਰ ਕਰਨ ਬਾਰੇ ਪੁੱਛ ਰਿਹਾ ਹੈ! ਮੈਨੂੰ ਕੁਝ ਨਹੀਂ ਸੁਝ ਰਿਹਾ। ਕੀ ਕਰਨਾ ਕੀ ਨਹੀਂ?

ਮੈਂ ਮਰੀ ਆਵਾਜ਼ 'ਚ ਸਿਰਫ਼ ਇੰਨਾ ਹੀ ਆਖਦਾ ਹਾਂ- "ਜਿਵੇਂ ਥੋਨੂੰ ਠੀਕ ਲੱਗਦਾ ਕਰ 'ਲੋ..! " ਤੇ ਮੇਰੀਆਂ ਭੁੱਬਾਂ ਨਿੱਕਲ਼ ਜਾਂਦੀਆਂ ਨੇ! ਔਰਤ ਨੂੰ ਜਦ ਸਾਰੀ ਗੱਲ ਦਾ ਪਤਾ ਲੱਗਦਾ, ਉਹ ਰਾਹ 'ਚ ਹੀ ਉਤਰਨ ਲਈ ਜ਼ੋਰ ਪਾਉਣ ਲੱਗਦੀ ਹੈ।

ਅੱਗੇ ਇੱਕ ਵਿਸ਼ਾਲ ਕੋਠੀ ਆਉਂਦੀ ਹੈ।

ਅਸੀਂ ਉਹਨਾਂ ਨੂੰ ਘਰ ਅੱਗੇ ਉਤਾਰ ਕੇ ਪਿੰਡ ਵੱਲ ਵਧ ਜਾਂਦੇ ਹਾਂ!

ਮਨ 'ਚ ਭੁਚਾਲ ਆ ਜਾਂਦਾ ਹੈ! ਬਾਪੂ ਯਾਦ ਆਉਂਦਾ ਹੈ; ਬੱਚੇ, ਪਤਨੀ...ਅੱਖਾਂ 'ਚੋਂ ਹੰਝੂਆਂ ਦਾ ਸਮੁੰਦਰ ਵਹਿ ਤੁਰਦਾ ਹੈ।

ਇੱਕ ਸੁੱਕਾ ਬੋਹੜ ਦੇਖ ਕੇ ਗੱਡੀ 'ਚ ਰੱਖੇ ਬੋਹੜ ਯਾਦ ਆਉਂਦੇ ਨੇ।

ਕਦੇ ਇੱਥੇ ਕਈ ਬੋਹੜ ਹੁੰਦੇ ਸੀ, ਦਰਜਨਾਂ ਘੜੇ ਸਦਾ ਪਾਣੀ ਦੇ ਭਰੇ ਰਹਿੰਦੇ ਸੀ; ਲਿਖਿਆ ਹੁੰਦਾ ਸੀ-ਠੰਢਾ ਜਲ ਛਕੋ ਜੀ!

ਦਿਲ ਕਰਦਾ ਹੁਣ ਲਿਖਾਂ-ਜ਼ਹਿਰੀ ਪਾਣੀ ਪੀ ਕੇ ਕੁੱਤੇ ਦੀ ਮੌਤ ਮਰੋ ਜੀ..!

......

ਜ਼ਹਿਰੀਲੀ ਧਰਤੀ 'ਚ ਇਹ ਬੋਹੜ ਕਿਵੇਂ ਲੱਗਣਗੇ! ! ਸੰਸਕਾਰ ਤੋਂ ਪਹਿਲਾਂ ਬੱਚਿਆਂ ਦੇ ਹੱਥੀਂ ਇਹ ਬੋਹੜ ਲਗਾ ਵੀ ਦਿੱਤੇ ਪਰ ਜੜ੍ਹਾਂ 'ਚ ਕੀ ਪਾਵਾਂਗੇ; ਪਾਣੀ ਜ਼ਹਿਰੀਲਾ ਹੈ; ਪੀਣ ਲਈ ਵੀ ਪਾਣੀ ਦੀ ਕਿੱਲਤ ਹੈ। ਦਿਮਾਗ਼ 'ਚ ਖਿਆਲ ਆਉਂਦੈ; ਮੋਏ ਬੱਚਿਆਂ ਦਾ ਖ਼ੂਨ ਕੱਢ ਕੇ ਉਸ ਨਾਲ਼ ਸਿੰਜ ਦੇਵਾਂਗਾ। ਪਰ ਖ਼ੂਨ ਵੀ ਤਾਂ ਜ਼ਹਿਰੀਲਾ ਹੀ ਹੈ!

ਗੱਡੀ 'ਚ ਚੁੱਪ ਵਰਤੀ ਹੋਈ ਹੈ। ਮੇਰੇ ਅੰਦਰ ਭੁਚਾਲ ਉੱਠਿਆ ਹੋਇਆ ਹੈ। ਕਿੰਨੇ ਹੀ ਵਿਚਾਰਾਂ ਨਾਲ਼ ਇਸ ਤਰ੍ਹਾਂ ਲੜ ਰਿਹਾ ਹਾਂ ਜਿਵੇਂ ਬਾਪੂ ਰੁੱਖਾਂ ਦੇ ਪੱਤੇ ਤੋੜਨ ਵਾਲਿਆਂ ਨਾਲ਼ ਵੀ ਲੜ ਕੇ ਮਰਨ ਮਾਰਨ ਤੱਕ ਚਲਾ ਜਾਂਦਾ ਸੀ!

ਬਾਹਰ ਵੇਖਦਾ ਹਾਂ, ਤਿੱਖੜ ਧੁੱਪ 'ਚ ਰੋਡੀ ਸੜਕ 'ਤੇ ਧੁੰਦਲਾ-ਧੁੰਦਲਾ ਦਿਸ ਰਿਹੈ! ਦੂਰ-ਦੂਰ ਤੱਕ ਖੇਤਾਂ 'ਚ ਇਸ ਤਰ੍ਹਾਂ ਵੀਰਾਨੀ ਛਾਈ ਹੋਈ ਹੈ, ਜਿਵੇਂ ਅੱਜ ਮੇਰੀ ਦੁਨੀਆ ਉੱਜੜ ਕੇ ਤਬਾਹ ਹੋ ਗਈ ਹੈ। ਮੈਨੂੰ ਦੂਰ-ਦੂਰ ਤੱਕ ਜ਼ਹਿਰੀ ਪਾਣੀ ਪੀ ਕੇ ਮਰੇ ਲੋਕਾਂ ਦੀਆਂ ਲਾਸ਼ਾਂ ਹੀ ਲਾਸ਼ਾਂ, ਪਿੰਜਰ ਹੀ ਪਿੰਜਰ ਦਿਸਦੇ ਨੇ।

ਅੱਖਾਂ ਬੰਦ ਕਰਦਾ ਹਾਂ ਤਾਂ ਹਜ਼ਾਰਾਂ ਸਾਲ ਬਾਅਦ ਦਾ ਦ੍ਰਿਸ਼ ਉੱਭਰ ਆਉਂਦਾ ਹੈ! ਕਿਸੇ ਸਕੂਲ ਦੇ ਟੂਰ 'ਤੇ ਆਏ ਬਹੁਤ ਸਾਰੇ ਬੱਚੇ ਸਾਡੀ ਇਸ ਧਰਤ 'ਤੇ ਸੁੰਨ ਹੋਏ ਖੜ੍ਹੇ ਨੇ।

ਗਾਈਡ ਦੱਸਦਾ ਹੈ- "ਇਹ ਉਹ ਧਰਤੀ ਹੈ ਜਿੱਥੇ ਲੱਖਾਂ ਸਾਲ ਪਹਿਲਾਂ ਭਰਪੂਰ ਤੰਦਰੁਸਤ ਜੀਵਨ ਹੁੰਦਾ ਸੀ। ਪਾਣੀ ਤੇ ਬਾਣੀ ਦੇ ਨਿਰਮਲ ਦਰਿਆ ਵਹਿੰਦੇ ਪਏ ਸਨ। ਪਰ ਲੀਡਰਸ਼ਿਪ ਤੇ ਲੋਕਾਂ 'ਚ ਪੈਸੇ ਨੂੰ ਲੈ ਕੇ ਅੰਨ੍ਹੀ ਦੌੜ ਕਾਰਨ ਕੁਝ ਸੋਮੇ ਸੁੱਕ-ਮੁੱਕ ਗਏ; ਕੁਝ ਇਹਨਾਂ ਆਪ ਜ਼ਹਿਰੀਲੇ ਕਰ ਲਏ; ਇੰਝ ਬਹੁਤ ਜਲਦੀ ਨਾਲ਼ ਇੱਕ ਦਿਨ ਆਇਆ ਤੇ ਸਭ ਕੁਝ ਖ਼ਤਮ ਹੋ ਗਿਆ!

ਸ਼ੇਰਾਂ ਵਰਗੇ ਲੋਕ ਕੁੱਤਿਆਂ ਤੋਂ ਵੱਧ ਭੈੜੀ ਮੌਤ ਮਰੇ..

ਅੱਜ ਵੀ ਇਸ ਧਰਤ 'ਤੇ ਜ਼ਹਿਰ ਦਾ ਪੂਰਾ ਅਸਰ ਹੈ ਤੇ ਕੁਝ ਵੀ ਪੈਦਾ ਨਹੀਂ ਹੁੰਦਾ..ਹਜ਼ਾਰਾਂ ਸਾਲਾਂ ਬਾਅਦ ਵੀ ਉਹਨਾਂ ਬੇਪਰਵਾਹ ਲੋਕਾਂ ਦੇ ਪਿੰਜਰਾਂ 'ਚੋਂ ਉਸ ਜ਼ਹਿਰ ਦਾ ਅਸਰ ਖਤਮ ਨਹੀਂ ਹੋਇਆ। ਜੋ ਲੋਕ ਜਾਗਦੇ ਹੋਏ ਵੀ ਸੌਂ ਜਾਂਦੇ ਨੇ ਤੇ ਪਵਿੱਤਰ ਪਾਣੀਆਂ ਤੇ ਬਾਣੀਆਂ ਦੀ ਬੇਅਦਬੀ ਕਰਦੇ ਨੇ ਉਹਨਾਂ ਦਾ ਅੰਤ ਆਖ਼ਿਰ ਇਹੋ ਹੁੰਦਾ ਹੈ। "...

ਡਰ ਕੇ ਮੇਰੀ ਚੀਖ ਉੱਬਲਣ ਵਾਲ਼ੀ ਹੋ ਗਈ। ਅੱਖਾਂ ਖੋਲ੍ਹੀਆਂ; ਪਿੰਜਰਾਂ ਦਾ ਹਜ਼ਾਰਾਂ ਮੀਲ ਲੰਮਾ ਜੰਗਲ਼ ਉੱਗ ਆਇਆ।

*****

ਰੱਬ ਅੱਗੇ ਅਰਦਾਸ ਕਰਦਾ ਹਾਂ, ਬੱਚਿਆਂ ਨੂੰ ਸੰਸਕਾਰਨ ਵਾਲ਼ੀ ਕੁਝ ਲੱਕੜ ਗਿੱਲੀ ਹੋਵੇ ਤਾਂ ਜੋ ਉਹਨਾਂ ਦੇ ਮਿਰਤਕ ਸਰੀਰ ਲੱਕੜ ਦੇ ਪਾਣੀ ਨਾਲ਼ ਹੀ ਇਸ਼ਨਾਨ ਦਾ ਘਾਟਾ ਪੂਰਾ ਕਰ ਲੈਣ....।

ਪਰ ਫ਼ਿਰ ਖ਼ਿਆਲ ਆਉਂਦਾ ਹੈ , ਸ਼ਮਸ਼ਾਨ 'ਚ ਲੱਕੜੀ ਦੀ ਚਿਖ਼ਾ ਕਿੰਨਾ ਪ੍ਰਦੂਸ਼ਣ ਕਰੇਗੀ!

ਬੱਚਿਆਂ ਨੂੰ ਆਪਣੇ ਖੇਤ 'ਚ ਹੀ ਦਫ਼ਨ ਕਰ ਦਿਆਂ ਤੇ ਫ਼ਿਰ ਵੈਣ ਪਾਵਾਂ..- "ਕੁਦਰਤ ਤੇ ਕਿਰਤ ਤੋਂ ਮੂੰਹ ਮੋੜ ਕੇ ਅਸੀਂ ਆਪਣਾ ਸਭ ਕੁਝ ਜ਼ਹਿਰੀਲਾ ਕਰਕੇ ਗੁਆ ਲਿਆ ਓਏ ਲੋਕੋ..! !

ਅਧਮਰਿਆ ਜਿਹਾ ਮੈਂ ਨਵੇਂ ਫ਼ੈਸਲੇ ਬਾਰੇ ਦੱਸਣ ਲਈ ਭਰਾ ਦਾ ਨੰਬਰ ਡਾਇਲ ਕਰਨ ਲੱਗਾ ਹਾਂ!

ਕਾਲ-9877307649, ਵਾਟਸ-9465520406 ...

*****

ਜਸਵੀਰ ਸਿੰਘ ਦੀਦਾਰਗੜ੍ਹ ਇੱਕ ਨਵਾਂ ਉੱਭਰ ਰਿਹਾ ਕਹਾਣੀਕਾਰ ਹੈ ਜਿਸ ਨੇ 'ਪਵਣੁ ਗੁਰੂ ਪਾਣੀ ਪਿਤਾ', ਵਾਤਾਵਰਣ 'ਤੇ ਅਧਾਰਿਤ ਕਹਾਣੀਆਂ ਤੇ ਨਸ਼ਿਆਂ ਤੋਂ ਜਵਾਨੀ ਬਚਾਉਣ ਲਈ 'ਵੈਣ-ਯੁੱਗ' ਪਾਠਕਾਂ ਦੀ ਝੋਲ਼ੀ ਵਿੱਚ ਅਰਪਣ ਕੀਤੀਆਂ ਹਨ। ਉਹ ਅਗਲੀ ਕਹਾਣੀਆਂ ਦੀ ਕਿਤਾਬ ਵੀ ਜਲਦੀ ਹੀ ਪੇਸ਼ ਕਰੇਗਾ।





### ਅੰਗਰੇਜ਼ੀ ਵਿਗਿਆਨ ਗਲਪ ਕਹਾਣੀ

# ਸਮੇਂ ਦੇ ਖਿਡਾਰੀ

**ਗੈਰਥ ਡੀ. ਜੋਨਜ਼**

**ਅਨੁਵਾਦ- ਅਮਨਦੀਪ ਸਿੰਘ**

[ਇਹ ਕਹਾਣੀ ਇੱਕ ਰਿਐਲਿਟੀ ਟੀਵੀ ਲੜੀਵਾਰ ਸ਼ੋਅ ਦੀ ਆਡੀਸ਼ਨ ਬਾਰੇ ਹੈ, ਜਿੱਥੇ ਪ੍ਰਤੀਯੋਗੀ ਸਮਾਂ ਯਾਤਰਾਵਾਂ ਕਰਦੇ ਹਨ, ਬੁਝਾਰਤਾਂ ਬੁੱਝਦੇ ਹਨ ਤੇ ਖ਼ਜ਼ਾਨੇ ਲੱਭਦੇ ਹਨ। ਇਹ ਕਹਾਣੀ ਸ਼ੋਅ ਵਿੱਚ ਹਿੱਸਾ ਲੈਣ ਵਾਲ਼ੇ ਇੱਕ ਪ੍ਰਤੀਯੋਗੀ ਦੀ ਆਡੀਸ਼ਨ ਇੰਟਰਵਿਊ ਦੀ ਪ੍ਰਤੀਲਿਪੀ ਹੈ।]

UDAAN PUNJABI SF MAGAZINE

ਸਮੇਂ ਦੇ ਖਿਡਾਰੀ, ਲੜੀ 7, ਆਡੀਸ਼ਨ #185

"ਮੇਰਾ ਨਾਮ ਯਿਰਮਿਯਾਹ ਅਡੋਲਫਸ ਬਲੈਕ ਹੈ, ਮੈਂ 22 ਸਾਲਾਂ ਦਾ ਹਾਂ ਤੇ ਮੈਂ ਇੱਕ ਭੌਤਿਕ ਵਿਗਿਆਨ ਦਾ ਪੋਸਟ-ਗ੍ਰੈਜੂਏਟ ਵਿਦਿਆਰਥੀ ਹਾਂ।"

"ਤੁਸੀਂ ਸਮੇਂ ਦੇ ਖਿਡਾਰੀ ਵਿੱਚ ਇੱਕ ਚੰਗੇ ਪ੍ਰਤੀਯੋਗੀ ਕਿਉਂ ਹੋਵੋਗੇ?"

"ਕਿਉਂਕਿ ਮੈਂ ਹੀ ਇਸਦੀ ਕਾਢ ਕੱਢੀ ਹੈ।"

“ਠੀਕ ਹੈ, ਚੰਗਾ। ਸਾਨੂੰ ਅਸਲ ਵਿੱਚ ਇੱਕ ਮਜ਼ੇਦਾਰ ਕਿੱਸੇ ਦੀ ਲੋੜ ਹੈ, ਜਿਵੇਂ ਕਿ ਤੁਹਾਨੂੰ ਇਤਿਹਾਸ ਦਾ ਵਧੀਆ ਗਿਆਨ ਹੈ। ਕੀ ਤੁਸੀਂ ਅਜਿਹਾ ਕੁਝ ਜਾਣਦੇ ਹੋ?”

“ਇਹ ਮੇਰੀ ਕਹਾਣੀ ਹੈ। ਮੈਂ ਸਮਾਂ-ਯਾਤਰਾ (Time travel) ਦੀ ਖੋਜ ਕੀਤੀ ਸੀ।”

“ਠੀਕ ਹੈ, ਪਰ ਤੁਸੀਂ ਇਸਦੀ ਖੋਜ ਨਹੀਂ ਕੀਤੀ, ਕਿ ਕੀਤੀ ਸੀ? ਸਮਾਂ-ਯਾਤਰਾ ਤਾਂ ਤੁਹਾਡੇ ਜਨਮ ਤੋਂ ਪਹਿਲਾਂ ਵੀ ਸੀ। ਇਹ ਲੜੀਵਾਰ ਸੱਤ ਸਾਲਾਂ ਤੋਂ ਲਗਾਤਾਰ ਪ੍ਰਸਾਰਿਤ ਹੋ ਰਿਹਾ ਹੈ।"

"ਤੁਸੀਂ ਜਾਣ ਹੀ ਗਏ ਹੋ ਕਿ ਮੈਂ ਇੱਕ ਭੌਤਿਕ ਵਿਗਿਆਨ ਦਾ ਪੋਸਟ-ਗ੍ਰੈਜੂਏਟ ਵਿਦਿਆਰਥੀ ਹਾਂ, ਠੀਕ?"

“ਹਾਂ, ਤੁਸੀਂ ਦੱਸਿਆ ਹੈ। ਪਰ ਤੁਹਾਡਾ ਹਿਸਾਬ ਸਪੱਸ਼ਟ ਤੌਰ 'ਤੇ ਬਹੁਤ ਵਧੀਆ ਨਹੀਂ।"

“ਓ ਹੋ, ਠੀਕ ਹੈ। ਗੱਲ ਇਹ ਹੈ ਕਿ, ਮੈਂ ਸਮਾਂ-ਯੰਤਰਾਂ ਦੀ ਪੜ੍ਹਾਈ ਕਰ ਰਿਹਾ ਹਾਂ।"

"ਬਹੁਤ ਵਧੀਆ, ਇਹ ਸਿੱਧ ਕਰ ਸਕਦਾ ਹੈ ਕਿ ਤੁਸੀਂ ਇੱਕ ਚੰਗੇ ਉਮੀਦਵਾਰ ਕਿਉਂ ਹੋ! ਮਾਫ਼ ਕਰਨਾ, ਨਿਰਮਾਤਾ ਮੇਰੇ ਕੰਨ ਵਿੱਚ ਕੁਝ ਕਹਿ ਰਿਹਾ ਹੈ - (ਵਿੱਚੇ ਨਿਰਮਾਤਾ ਨਾਲ਼ ਗੱਲਬਾਤ) ਸਰ, ਠੀਕ ਹੈ, ਮੈਂ ਬੱਸ ਸਮੇਟ ਹੀ ਰਿਹਾ ਹਾਂ। - ਦੇਖੋ, ਯਿਰਮਿਯਾਹ, ਮੈਂ ਇੱਥੇ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਾਨੂੰ ਸਿਰਫ਼ ਤੁਹਾਡੀ ਅਵਾਜ਼ ਦੀ ਲੋੜ ਹੈ। ਉਹ ਮੈਨੂੰ ਦੱਸ ਰਹੇ ਹਨ ਕਿ ਤੁਹਾਡਾ ਸਮਾਂ ਖਤਮ ਹੋ ਗਿਆ ਹੈ।"

"ਸਮਾਂ-ਯਾਤਰਾ ਬਾਰੇ ਗੱਲ ਇਹ ਹੈ ਕਿ, ਤੁਸੀਂ ਸਮੇਂ ਦੀ ਯਾਤਰਾ ਕਰ ਸਕਦੇ ਹੋ।"

“ਸਹੀ ਹੈ, ਹਾਂ ਅਸੀਂ ਜਾਣਦੇ ਹਾਂ, ਇਹ ਲੜੀਵਾਰ ਸਮਾਂ-ਯਾਤਰਾ ਬਾਰੇ ਹੀ ਹੈ: ਸਮੇਂ ਦੀ ਯਾਤਰਾ ਕਰੋ, ਬੁਝਾਰਤਾਂ ਬੁੱਝੋ ਤੇ ਖਜ਼ਾਨੇ ਲੱਭੋ। ਮਾਫ਼ ਕਰਨਾ ਦੋਸਤ, ਸਮਾਂ ਖਤਮ ਹੋ ਗਿਆ ਹੈ।"

"ਸਮਾਂ ਕਦੇ ਖਤਮ ਨਹੀਂ ਹੁੰਦਾ।"

“ਬਹਿਸ ਕਰਨ ਦੀ ਕੋਈ ਲੋੜ ਨਹੀਂ ਹੈ। ਮੈਂ ਐਵੇਂ ਹੀ ਨਹੀਂ ਇੱਦਾਂ ਕਹਿ ਰਿਹਾ, ਮੈਂ ਅਜੇ ਦਰਜਨਾਂ ਹੋਰ ਆਡੀਸ਼ਨ ਕਰਨੀਆਂ ਹਨ।"

“ਮੈਂ ਤੁਹਾਨੂੰ ਦੱਸ ਰਿਹਾ ਹਾਂ, ਮੈਂ ਸਮਾਂ-ਯਾਤਰਾ ਦੀ ਖੋਜ ਕੀਤੀ ਸੀ। ਜਾਂ ਮੈਂ ਹੁਣ ਤੋਂ ਵੀਹ ਸਾਲ ਬਾਅਦ ਕਰਾਂਗਾ। ਪਰ ਕਿਸੇ ਨੇ ਇਸ ਨੂੰ ਮੇਰੇ ਤੋਂ ਚੋਰੀ ਕਰ ਲਿਆ ਤੇ ਉਹ ਇਸ ਨੂੰ ਆਪਣੀ ਜਵਾਨੀ ਵਿੱਚ ਵਾਪਸ ਲੈ ਗਿਆ, ਇਸ ਤਰ੍ਹਾਂ ਉਸਨੇ ਇਸਨੂੰ ਆਪਣੀ ਕਾਢ ਦੱਸਿਆ।”

"ਬਹੁਤ ਵਧੀਆ, ਦੇਖੋ, ਇਹ ਸਾਡੇ ਦਰਸ਼ਕਾਂ ਲਈ ਬਹੁਤ ਜ਼ਿਆਦਾ ਹੈ - (ਵਿੱਚੇ ਨਿਰਮਾਤਾ ਨਾਲ਼ ਗੱਲਬਾਤ) ਠੀਕ ਹੈ, ਮੈਂ ਜਲਦੀ ਹੀ ਖਤਮ ਕਰ ਰਿਹਾ ਹਾਂ! - ਉਹ ਪ੍ਰਤੀਯੋਗੀਆਂ ਨਾਲ ਜੁੜਨ ਲਈ ਇੱਕ ਚੰਗੀ ਤੇ ਸਿੱਧੀ ਕਹਾਣੀ ਚਾਹੁੰਦੇ ਹਨ।”

“ਮੈਨੂੰ ਦਰਸ਼ਕਾਂ ਵਿੱਚ ਕੋਈ ਦਿਲਚਸਪੀ ਨਹੀਂ ਹੈ। ਮੈਂ ਬੱਸ ਵਾਪਸ ਜਾਣਾ ਚਾਹੁੰਦਾ ਹਾਂ ਅਤੇ ਕਿਸੇ ਨੂੰ ਸਮਾਂ-ਯਾਤਰਾ ਦੀ ਪੂਰਵ-ਖੋਜ ਕਰਨ ਤੋਂ ਰੋਕਣਾ ਚਾਹੁੰਦਾ ਹਾਂ।”

"ਮੈਨੂੰ ਦਰਸ਼ਕਾਂ ਵਿੱਚ ਦਿਲਚਸਪੀ ਨਹੀਂ ਹੈ? ਇਹ ਨਹੀਂ ਚੱਲੇਗਾ..."

“ਮੇਰੇ ਵੱਡੇ ਸਵੈ ਨੇ ਮੈਨੂੰ ਇਸ ਬਾਰੇ ਦੱਸਿਆ ਹੈ। ਮੈਂ ਇਸਦੀ ਖੋਜ ਕਰਨ ਤੋਂ ਬਾਅਦ ਆਡੀਸ਼ਨ ਲਈ ਬਹੁਤ ਬੁੱਢਾ ਹੋਵਾਂਗਾ, ਇਸ ਲਈ ਮੈਨੂੰ ਹੁਣੇ ਹੀ ਇਸ ਲੜੀਵਾਰ ਵਿੱਚ ਦਾਖ਼ਲ ਹੋਣ ਲਈ ਤਿਆਰ ਕਰਨਾ ਪਿਆ।”

“ਇਹ ਗੱਲ ਨਹੀਂ ਬਣੀ। - (ਵਿੱਚੇ ਨਿਰਮਾਤਾ ਨਾਲ਼ ਗੱਲਬਾਤ) ਹਾਂ, ਠੀਕ ਹੈ, ਮੈਨੂੰ ਸਿਰਫ਼ ਇੱਕ ਮਿੰਟ ਦਿਓ? - ਤੁਹਾਨੂੰ ਇਸ ਲੜੀਵਾਰ ਵਿੱਚ ਸ਼ਾਮਲ ਹੋਣ ਦੀ ਲੋੜ ਕਿਉਂ ਹੈ?"

"ਕਿਉਂਕਿ ਮੈਂ ਕਿਸੇ ਵੀ ਸਮਾਂ-ਯਾਤਰਾ ਖੋਜ ਜਾਂ ਸਰਕਾਰੀ ਕੰਮ ਵਿੱਚ ਦਖਲ ਨਹੀਂ ਦੇ ਸਕਦਾ।"

"ਹਾਲਾਂਕਿ ਤੁਸੀਂ ਇੱਕ ਪੋਸਟ-ਗ੍ਰੈਜੂਏਟ ਸਮਾਂ-ਯੰਤਰ ਦੇ ਵਿਦਿਆਰਥੀ ਹੋ?"

“ਉਹ ਸੋਚਦੇ ਹਨ ਕਿ ਮੈਂ ਇੱਕ ਪਾਗਲ ਵਿਦਿਆਰਥੀ ਹਾਂ।”

“ਇਹ ਕੋਈ ਹੈਰਾਨੀ ਦੀ ਗੱਲ ਨਹੀਂ। ਮੈਂ ਸੋਚ ਰਿਹਾ ਹਾਂ ਕਿ ਅਸੀਂ ਇਸ ਕਹਾਣੀ ਨਾਲ਼ ਕੰਮ ਚਲਾ ਸਕਦੇ ਹਾਂ। ਮੈਨੂੰ ਤੁਸੀਂ ਪਸੰਦ ਹੋ ਤੇ ਮੈਨੂੰ ਲੱਗਦਾ ਹੈ ਕਿ ਲੋਕ ਵੀ ਤੁਹਾਨੂੰ ਪਸੰਦ ਕਰਨਗੇ।”

“ਇਹ ਕੋਈ ਕਹਾਣੀ ਨਹੀਂ ਹੈ। ਮੇਰਾ ਸਮਾਂ ਖਤਮ ਹੋ ਰਿਹਾ ਹੈ।”

"ਮੇਰਾ ਵੀ। - (ਵਿੱਚੇ ਨਿਰਮਾਤਾ ਨਾਲ਼ ਗੱਲਬਾਤ) ਹਾਂਜੀ ਦੱਸੋ!"

"ਮੈਂ ਮਰ ਰਿਹਾ ਹਾਂ। ਮੇਰਾ ਵੱਡਾ ਸਵੈ ਵੀ ਮਰ ਰਿਹਾ ਹੈ। ਉਹ ਹੁਣ ਬਹੁਤ ਬੁੱਢਾ ਹੋ ਗਿਆ ਹੈ। ਮੈਂ ਉਸਦੀ ਖਾਤਿਰ ਇਸ ਨੂੰ ਠੀਕ ਕਰਨਾ ਚਾਹੁੰਦਾ ਹਾਂ। ਮੇਰੇ ਲਈ ਵੀ।"

“ਉਹ ਇੰਨਾ ਬੁੱਢਾ ਕਿਵੇਂ ਹੈ? ਕੀ ਉਹ ਸਮਾਂ ਯਾਤਰਾ ਨਹੀਂ ਕਰ ਸਕਦਾ ਅਤੇ ਇਸ ਨੂੰ ਠੀਕ ਨਹੀਂ ਕਰ ਸਕਦਾ?"

"ਨਹੀਂ, ਉਹ ਅਤੀਤ ਵਿੱਚ ਫਸਿਆ ਹੋਇਆ ਸੀ। ਉਸ ਨੇ ਵੀਹ ਸਾਲ ਇਸਨੂੰ ਸਹੀ ਕਰਨ ਦੀ ਕੋਸ਼ਿਸ਼ ਵਿੱਚ ਬਿਤਾਏ। ਹੁਣ ਮੇਰੀ ਵਾਰੀ ਹੈ।"

"-(ਨਿਰਮਾਤਾ ਨਾਲ਼ ਗੱਲਬਾਤ) ਕੀ? ਕੀ, ਤੁਸੀਂ ਹੁਣ ਤੁਸੀਂ ਉਸਨੂੰ ਪਸੰਦ ਕਰਦੇ ਹੋ?- ਬੱਚੇ ਚੰਗੀ ਖ਼ਬਰ! ਉਹ ਤੁਹਾਨੂੰ ਹੁਣ ਪਸੰਦ ਕਰਦੇ ਹਨ। ਉਹ ਸੋਚਦੇ ਹਨ ਕਿ ਤੁਸੀਂ ਦਰਸ਼ਕਾਂ ਨੂੰ ਖਿੱਚਣ ਲਈ ਕਾਫ਼ੀ ਖਬਤੀ ਦਿੱਖ ਰਹੇ ਹੋ।"

"ਤਾਂ, ਇਹ ਗੱਲ ਹੈ?"

"ਠੀਕ ਹੈ, ਹੁਣ ਲਈ। ਸਾਡੇ ਕੋਲ ਅਜੇ ਵੀ ਬਹੁਤ ਸਾਰੇ ਆਡੀਸ਼ਨ ਕਰਨ ਲਈ ਹਨ, ਪਰ ਅਸੀਂ ਤੁਹਾਡੇ ਨਾਲ਼ ਜਲਦੀ ਹੀ ਸੰਪਰਕ ਕਰਾਂਗੇ।"

"ਕਦੋਂ?"

"ਕੀ ਇਸਦਾ ਕੋਈ ਫ਼ਰਕ ਪੈਂਦਾ ਹੈ? ਤੁਸੀਂ ਸਮਾਂ-ਯਾਤਰਾ ਕਰ ਰਹੇ ਹੋਵੋਗੇ।"

"ਹਾ! ਬਹੁਤ ਚੰਗਾ। ਮੈਂ ਜਾ ਕੇ ਆਪਣੇ ਸਵੈ ਨੂੰ ਦੱਸਾਂਗਾ।"

"ਧੰਨਵਾਦ। ਹਾਂ, ਸੱਜੇ ਪਾਸੇ ਦਾ ਦਰਵਾਜ਼ਾ। ਅਲਵਿਦਾ. -(ਨਿਰਮਾਤਾ ਨਾਲ਼ ਗੱਲਬਾਤ) ਹਾਂ, ਬਿਲਕੁਲ ਪਾਗਲ। - ਹਾਂ, ਉਹ ਬਹੁਤ ਵਧੀਆ ਹੋਵੇਗਾ। - ਕੀ ਤੁਸੀ ਗੰਭੀਰ ਹੋ? ਬੇਸ਼ਕ ਇਹ ਸੱਚ ਨਹੀਂ ਹੈ! - ਖੈਰ, ਜੇ ਉਹ ਅਸਲ ਵਿੱਚ ਹੈ, ਤਾਂ ਅਸੀਂ ਕਦੇ ਨਹੀਂ ਜਾਣ ਸਕਾਂਗੇ! - ਖ਼ੈਰ, ਕੀ ਅਸੀਂ ਤਵਾਰੀਖ਼ ਦੇ ਇਸ ਸ਼ਾਨਦਾਰ ਪੁਨਰ-ਲਿਖਣ ਵਿੱਚ ਗੁੰਮ ਨਹੀਂ ਹੋ ਜਾਵਾਂਗੇ? - ਮੈਨੂੰ ਕਿਵੇਂ ਪਤਾ ਹੋਣਾ ਚਾਹੀਦਾ ਹੈ ਕਿ ਅਜਿਹਾ ਵਾਪਰ ਸਕਦਾ ਹੈ? ਮੈਂ ਤਾਂ ਸਿਰਫ਼ ਇੱਥੇ ਕੰਮ ਕਰਦਾ ਹਾਂ। - ਹਾਂ, ਅਗਲਾ ਪ੍ਰਤੀਯੋਗੀ ਭੇਜ ਦਿਓ।"

*****



ਗੈਰਥ ਡੀ. ਜੋਨਜ਼ ਇੱਕ ਵਾਤਾਵਰਣ ਵਿਗਿਆਨੀ ਤੇ ਅੰਗਰੇਜ਼ੀ ਵਿਗਿਆਨ ਗਲਪ ਲੇਖਕ ਹੈ। ਉਸਦੀਆਂ ਹੁਣ ਤੱਕ 200 ਕਹਾਣੀਆਂ ਛਪ ਚੁੱਕੀਆਂ ਹਨ ਤੇ 32 ਭਾਸ਼ਾਵਾਂ ਵਿਚ ਅਨੁਵਾਦਿਤ ਹੋ ਚੁੱਕੀਆਂ ਹਨ। ਉਹ ਕਹਾਣੀਆਂ ਤੇ ਨਾਵਲਾਂ ਦੀ ਸਮੀਖਿਆ ਵੀ ਕਰਦਾ ਹੈ। ਉਹ ਹਾਰਲੋ, ਇੰਗਲੈਂਡ ਵਿਚ ਰਹਿੰਦਾ ਹੈ।

**ਵੈੱਬਸਾਈਟ**: http://www.garethdjones.co.uk/

# ਜਦੋਂ ਮੈਂ ਗਿਆਨੀ ਖਗੋਲ ਵਿਗਿਆਨੀ ਨੂੰ ਸੁਣਿਆ

## ਵਾਲਟ ਵ੍ਹਿਟਮੈਨ

**ਜਦੋਂ ਮੈਂ ਵਿਦਵਾਨ ਖਗੋਲ ਵਿਗਿਆਨੀ ਨੂੰ ਸੁਣਿਆ,**
**ਜਦੋਂ ਸਬੂਤ ਤੇ ਅੰਕੜੇ, ਮੇਰੇ ਸਾਹਮਣੇ ਕਾਲਮਾਂ ਵਿੱਚ ਵੰਡੇ ਗਏ,**
**ਜਦੋਂ ਮੈਨੂੰ ਚਾਰਟ ਅਤੇ ਚਿੱਤਰ ਦਿਖਾਏ ਗਏ,**
**ਉਹਨਾਂ ਨੂੰ ਜੋੜਨ, ਵੰਡਣ ਅਤੇ ਮਾਪਣ ਲਈ,**
**ਜਦੋਂ ਮੈਂ ਗਿਆਨੀ ਖਗੋਲ-ਵਿਗਿਆਨੀ ਨੂੰ ਲੈਕਚਰ-ਰੂਮ ਵਿੱਚ**
**ਤਾੜੀਆਂ ਦੀ ਗੜਗੜਾਹਟ ਵਿਚ ਸੁਣਿਆ,**
**ਜਲਦੀ ਹੀ ਉਹ ਸਭ ਕੁਝ ਮੇਰੀ ਸਮਝ ਤੋਂ ਬਾਹਰ ਹੋ ਗਿਆ,**
**ਮੈਂ ਥੱਕ ਗਿਆ ਤੇ ਬੋਰ ਹੋ ਗਿਆ,**
**ਜਦ ਤੱਕ ਮੈਂ ਉੱਠ ਨੀ ਗਿਆ ਤੇ ਉੱਥੋਂ ਸਰਕ ਨੀ ਗਿਆ,**
**ਤੇ ਬਾਹਰ ਟਹਿਲਣ ਲਈ ਟੁਰ ਨੀ ਪਿਆ,**
**ਰਹੱਸਮਈ ਨਮੀ ਭਰੀ ਰਾਤ ਦੀ ਹਵਾ ਵਿੱਚ ਸਾਹ ਲੈਣ ਲਈ,**
**ਤੇ ਪਲ ਦੇ ਪਲ,**
**ਖ਼ਾਮੋਸ਼ ਮੁਦਰਾ ਵਿਚ,**
**ਟਿਮ ਟਿਮ ਕਰਦੇ ਤਾਰਿਆਂ ਨੂੰ ਨਾ ਦੇਖ ਲਿਆ।**

**ਵਾਲਟ ਵ੍ਹਿਟਮੈਨ** (1819-1892) **ਉੱਨੀਵੀਂ ਸਦੀ ਦਾ ਇੱਕ ਵਿਸ਼ਵ-ਪ੍ਰਸਿੱਧ ਅਮਰੀਕਨ ਕਵੀ ਸੀ। ਉਸਦੀਆਂ ਖੁੱਲ੍ਹੀਆਂ ਕਵਿਤਾਵਾਂ ਵਿਚ ਯਥਾਰਥ ਤੇ ਪਾਰਦਰਸ਼ੀਵਾਦ** (Transcendentalism) **ਝਲਕਦਾ ਹੈ। ਉਸਨੇ ਕੋਈ ਉੱਚੀ ਡਿਗਰੀ ਨਹੀਂ ਲਈ ਤੇ ਆਪਣੇ ਆਪ ਪੜ੍ਹਿਆ-ਲਿਖਿਆ। ਇਸ ਤਰ੍ਹਾਂ ਲਗਦਾ ਹੈ ਕਿ ਉਹ ਕਲਾਸਰੂਮ ਸਿੱਖਿਆ ਦੇ ਬਦਲੇ ਜ਼ਿਆਦਾ ਅਨੁਭਵੀ ਸਿੱਖਿਆ ਵਿਚ ਵਿਸ਼ਵਾਸ਼ ਰੱਖਦਾ ਸੀ। ਇਸ ਕਵਿਤਾ ਵਿਚ ਵਾਲਟ ਵ੍ਹਿਟਮੈਨ ਵਿਅੰਗ ਕੱਸਦਾ ਹੋਇਆ ਕਹਿੰਦਾ ਹੈ ਕਿ ਵਿਦਵਾਨ ਖਗੋਲ ਵਿਗਿਆਨੀ ਦਾ ਸਬੂਤ ਤੇ ਅੰਕੜਿਆਂ ਨਾਲ਼ ਭਰਪੂਰ ਲੈਕਚਰ ਉਸਨੂੰ ਉੰਨਾ ਪ੍ਰੇਰਿਤ ਨਹੀਂ ਕਰ ਸਕਿਆ ਜਿੰਨਾ ਕਿ ਬਾਹਰ ਖੁੱਲ੍ਹੀ ਹਵਾ ਵਿਚ ਤਾਰਿਆਂ ਵੱਲ ਦੇਖਣਾ। ਇਹ ਕਵਿਤਾ ਪਹਿਲੀ ਵਾਰ 'ਘਾਹ ਦੀਆਂ ਪੱਤੀਆਂ' ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈ ਸੀ। ਅਨੁਵਾਦ: ਅਮਨਦੀਪ ਸਿੰਘ**



# ਮੌਤ ਦੀ ਭਵਿੱਖਬਾਣੀ

ਅਮਨਦੀਪ ਸਿੰਘ

ਨਰਿੰਦਰ ਨੇ ਕੰਪਿਊਟਰ ਸਕਰੀਨ ’ਤੇ ਇੱਕ ਵਾਰ ਫਿਰ ਦੇਖਿਆ। ਇੱਕ ਵਾਰ ਨਹੀਂ ਉਸ ਨੇ ਪਿਛਲੇ ਕੁਝ ਮਿੰਟਾਂ ਵਿੱਚ ਹਜ਼ਾਰ ਵਾਰ ਸਕਰੀਨ ’ਤੇ ਉੱਕਰੇ ਨੰਬਰਾਂ ਨੂੰ ਦੇਖਿਆ ਸੀ ਜਿਸ ’ਤੇ ਉਸ ਦੀ ਮੌਤ ਦਾ ਸਮਾਂ ਉੱਕਰਿਆ ਹੋਇਆ ਸੀ। ਉਸ ਦੇ ਦਿਲ ਵਿੱਚ ਡੋਬੂੰ ਪੈ ਰਹੇ ਸਨ ਤੇ ਉਸ ਨੂੰ ਇੰਝ ਲੱਗ ਰਿਹਾ ਸੀ ਕਿ ਉਹ ਕਿਸੇ ਡੂੰਘੇ ਕਾਲੇ ਖੂਹ ਵਿੱਚ ਡਿੱਗਦਾ ਜਾ ਰਿਹਾ ਹੈ ਤੇ ਮਰਨ ਤੋਂ ਪਹਿਲਾਂ ਹੀ ਮਰ ਰਿਹਾ ਹੈ। ਮੌਤ ਜੋ ਕਿ ਅਟੱਲ ਸਚਾਈ ਹੈ। ਹਰ ਇੱਕ ਸ਼ੈਅ, ਜਿਸ ਦਾ ਜਨਮ ਹੋਇਆ ਹੈ, ਨੇ ਅੰਤ ਮਿੱਟੀ ਵਿੱਚ ਸਮਾ ਜਾਣਾ ਹੈ। ਮਿੱਟੀ ਵਿੱਚੋਂ ਉਪਜਿਆ ਮਿੱਟੀ ਦਾ ਬਾਵਾ ਤੇ ਅੰਤ ਮਿੱਟੀ ਵਿੱਚ ਹੀ ਬਿਨਸ ਜਾਣ ਵਾਲਾ। ਅਸੀਂ ਸਭ ਸਿਤਾਰਿਆਂ ਦੀ ਧੂੜ ਦਾ ਹੀ ਅੰਸ਼ ਹਾਂ ਤੇ ਅੰਤ ਨੂੰ ਸਿਤਾਰਿਆਂ ਦੀ ਧੂੜ ਵਿੱਚ ਹੀ ਮਿਲ ਜਾਣਾ ਹੈ ਜਾਂ ਫਿਰ ਜਿਸ ਨੇ ਚੰਗੇ ਕਰਮ ਕੀਤੇ ਹਨ, ਉਹ ਇੱਕ ਸਿਤਾਰਾ ਬਣ ਕੇ ਚਮਕਦਾ ਰਹਿੰਦਾ ਹੈ, ਰਹਿੰਦੀ ਦੁਨੀਆ ਉਸ ਨੂੰ ਯਾਦ ਰੱਖਦੀ ਹੈ।

ਉਸ ਨੇ ਅਜਿਹਾ ਕੀ ਕੀਤਾ ਕਿ ਜਿਸ ਨਾਲ ਦੁਨੀਆ ਉਸ ਨੂੰ ਯਾਦ ਰੱਖੇ? ਉਲਟਾ ਆਪਣੇ ਕਿੱਤੇ ਦਾ ਗ਼ਲਤ ਉਪਯੋਗ ਕੀਤਾ। ਉਸ ਨੇ ਮਸਨੂਈ ਬੁੱਧੀ ਰਾਹੀਂ ਅਨੁਮਾਨ ਲਗਾਇਆ ਹੋਇਆ ਆਪਣੀ ਮੌਤ ਦਾ ਸਮਾਂ ਦੇਖ ਲਿਆ ਸੀ। ਮਸਨੂਈ ਬੁੱਧੀ ਇੰਨੀ ਸਮਰੱਥ ਹੋ ਚੁੱਕੀ ਸੀ ਕਿ ਕਿਸੇ ਦੀ ਵੀ ਮੌਤ ਦਾ 99% ਸਹੀ ਅਨੁਮਾਨ ਲਗਾ ਸਕਦੀ ਸੀ ਪਰ ਅਜਿਹਾ ਸਿਰਫ਼ ਪ੍ਰਯੋਗਾਤਮਕ ਤੌਰ ’ਤੇ ਕੀਤਾ ਜਾਂਦਾ ਸੀ ਜਾਂ ਫਿਰ ਸਮਾਜ ਦੇ ਕਿਸੇ ਵਰਗ ਦਾ ਸਾਂਝਾ ਅਨੁਮਾਨ ਲਗਾਉਣ ਲਈ ਤਾਂ ਜੋ ਸਿਹਤ ਵਿਭਾਗ ਲੋਕਾਂ ਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਜਾਗਰੂਕ ਕਰ ਸਕੇ। ਉਸ ਨੇ ਇਹ ਕੀ ਕੀਤਾ? ਮਸਨੂਈ ਬੁੱਧੀ ਨੂੰ ਹੈਕ ਕਰਕੇ ਉਸ ਦੇ ਨਿਯਮਾਂ ਨੂੰ ਤੋੜ ਕੇ ਆਪਣੀ ਹੀ ਮੌਤ ਦਾ ਅਨੁਮਾਨ ਲਗਾ ਲਿਆ ਸੀ। ਉਸ ਸੋਚ ਰਿਹਾ ਸੀ, “ਉਹ ਕਿਹੜੀ ਮਨਹੂਸ ਘੜੀ ਸੀ ਜਦੋਂ ਆਪਣੀ ਮੌਤ ਬਾਰੇ ਜਾਣਨ ਦਾ ਫ਼ਤੂਰ ਉਸ ਦੇ ਦਿਮਾਗ਼ ਵਿੱਚ ਚੜ੍ਹ ਗਿਆ ਸੀ।

...ਤੇ ਹੁਣ ਉਸ ਨੂੰ ਇਸ ਦਾ ਨਤੀਜਾ ਭੁਗਤਣਾ ਕਿਤੇ ਨਾ ਕਿਤੇ ਅੰਕੜਿਆਂ ਵਿੱਚ ਕੋਈ ਕਮੀ ਰਹਿ ਗਈ ਹੋਣੀ ਏ।"

ਉਸ ਨੇ ਕਈ ਵਾਰ ਚੈੱਕ ਕੀਤਾ। ਸਭ ਅੰਕੜੇ ਸਹੀ ਸਨ। ਉਸ ਦੀ ਸਿਹਤ ਦੇ ਰਿਕਾਰਡ, ਜੀਨੋਮ ਤੇ ਸ਼ਖ਼ਸੀਅਤ ਬਾਰੇ ਸਭ ਤੱਥ ਸਹੀ ਸਨ।

"ਜੇ ਸਭ ਅੰਕੜੇ ਸਹੀ ਸਨ ਤਾਂ ਫਿਰ ਉਸ ਦੀ ਮੌਤ ਦਾ ਸਮਾਂ ਵੀ ਸਹੀ ਹੀ ਹੋਵੇਗਾ! ਇਹ ਕੀ? ਕੀ ਉਹ ਸੱਚਮੁੱਚ ਹੀ ਇੱਕ ਸਾਲ ਨੂੰ ਮਰ ਜਾਵੇਗਾ? ਅਜੇ ਤਾਂ ਉਸ ਨੇ ਬਹੁਤ ਕੰਮ ਕਰਨੇ ਹਨ। ਉਸ ਦੇ ਪਰਿਵਾਰ ਦਾ ਕੀ ਹੋਵੇਗਾ? ਉਸ ਦੇ ਬੱਚੇ ਛੋਟੇ ਹਨ। ਉਸ ਕੋਲ ਇੰਨੀ ਦੌਲਤ ਵੀ ਨਹੀਂ ਕਿ ਉਸ ਦੇ ਮਰਨ ਤੋਂ ਬਾਅਦ ਉਹ ਆਰਾਮ ਨਾਲ ਸੁਖੀ ਜ਼ਿੰਦਗੀ ਬਤੀਤ ਕਰ ਸਕਣਗੇ।"

ਫਿਰ ਉਸ ਨੂੰ ਧਿਆਨ ਆਇਆ ਕਿ ਉਸ ਦਾ ਜੀਵਨ-ਬੀਮਾ ਤਾਂ ਹੈ ਹੀ ਤੇ ਉਸ ਦੀ ਕੰਪਨੀ ਵੱਲੋਂ ਗਰੁੱਪ ਬੀਮੇ ਵਿੱਚੋਂ ਵੀ ਕੁਝ ਪੈਸੇ ਮਿਲ ਜਾਣਗੇ। ਇਹ ਸੋਚ ਕੇ ਉਸ ਨੂੰ ਥੋੜ੍ਹੀ ਤਸੱਲੀ ਹੋਈ। ਫਿਰ ਉਸ ਦੇ ਦਿਮਾਗ਼ ਵਿੱਚ ਡਾਕਟਰੀ ਟੈਸਟ ਕਰਵਾਉਣ ਦਾ ਵਿਚਾਰ ਆਇਆ। ਉਹ ਡਾਕਟਰ ਕੋਲ ਪਹੁੰਚ ਗਿਆ। ਉਸ ਨੇ ਆਪਣੇ ਸਾਰੇ ਟੈਸਟ ਕਰਵਾਏ। ਸਭ ਸਹੀ ਸਨ। ਉਸ ਨੂੰ ਫੇਰ ਵੀ ਤਸੱਲੀ ਨਾ ਹੋਈ। ਉਹ ਦੂਜੇ ਡਾਕਟਰ ਕੋਲ ਗਿਆ। ਸਭ ਕੁਝ ਸਹੀ ਸੀ ਪਰ ਇਹ ਕੀ ਉਸ ਨੇ ਆਪਣੇ ਆਪ ਨੂੰ ਇੱਕ ਨਵਾਂ ਰੋਗ ਲਾ ਲਿਆ, ਚਿੰਤਾ ਰੋਗ। ਚਿੰਤਾ ਦੇ ਨਾਲ ਉਸ ਦਾ ਬਲੱਡ-ਪ੍ਰੈਸ਼ਰ ਵਧਣ ਲੱਗ ਪਿਆ। ਉਸ ਨੇ ਸੋਚਿਆ ਸੀ ਕਿ ਉਸ ਨੂੰ ਆਪਣੀ ਮੌਤ ਬਾਰੇ ਜਾਣ ਕੇ ਕੋਈ ਚਿੰਤਾ ਨਹੀਂ ਹੋਵੇਗੀ, ਕੋਈ ਡਰ ਨਹੀਂ ਲੱਗੇਗਾ ਪਰ ਅਜਿਹਾ ਨਹੀਂ ਹੋਇਆ। ਚਿੰਤਾ ਤੇ ਡਰ ਉਸ ਦੇ ਦਿਲੋਂ-ਦਿਮਾਗ਼ ਵਿੱਚ ਘਰ ਕਰ ਕੇ ਬੈਠ ਗਏ। ਹਰ ਵਕਤ ਉਸ ਨੂੰ ਆਪਣੀ ਮੌਤ ਦਾ ਡਰ ਹੀ ਸਤਾਈ ਜਾਂਦਾ ਸੀ। ਉਸ ਦਾ ਮਨ ਕੀਤਾ ਕਿ ਆਪਣੇ ਆਪ ਨੂੰ ਕਿਸੇ ਸੁਰੱਖਿਅਤ ਕਮਰੇ ਵਿੱਚ ਬੰਦ ਕਰ ਲਵੇ।

ਫਿਰ ਉਸ ਨੇ ਅਜਿਹਾ ਹੀ ਕੀਤਾ। ਆਪਣੇ ਆਪ ਨੂੰ ਘਰ ਵਿੱਚ ਅਲੱਗ ਕਰ ਲਿਆ। ਉਸ ਦੀ ਪਤਨੀ ਤੇ ਬੱਚੇ ਇਕਦਮ ਬਹੁਤ ਘਬਰਾ ਗਏ। ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨਾਲ ਇਕਦਮ ਇਹ ਕੀ ਭਾਣਾ ਵਾਪਰ ਗਿਆ? ਡਾਕਟਰਾਂ ਦਾ ਵਿਚਾਰ ਸੀ ਕਿ ਉਸ ਨੂੰ ਡਿਪਰੈਸ਼ਨ ਹੋ ਗਿਆ ਹੈ। ਉਹ ਸਿਰਫ਼ ਦਵਾਈਆਂ ਦੇ ਸਕਦੇ ਸਨ ਜਾਂ ਕਾਊਂਸਲਿੰਗ ਕਰ ਸਕਦੇ ਸਨ ਪਰ ਨਰਿੰਦਰ ਕੁਝ ਵੀ ਕਰਨ ਨੂੰ ਤਿਆਰ ਨਹੀਂ ਸੀ। ਦਿਨੋਂ-ਦਿਨ ਉਸ ਦੀ ਹਾਲਤ ਖ਼ਰਾਬ ਹੁੰਦੀ ਜਾ ਰਹੀ ਸੀ। ਬਿਸਤਰੇ 'ਤੇ ਲੰਮਾ ਪਿਆ ਉਹ ਸਿਫ਼ਰ ਵੱਲ ਅਪਲਕ ਦੇਖਦਾ ਰਹਿੰਦਾ ਸੀ ਤੇ ਆਪਣੀ ਮੌਤ ਦੇ ਦਿਨ ਦਾ ਇੰਤਜ਼ਾਰ ਕਰਦਾ ਰਹਿੰਦਾ ਸੀ।

ਇੱਕ ਦਿਨ ਇੰਝ ਸਿਫ਼ਰ ਵੱਲ ਦੇਖਦਿਆਂ ਉਸ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਤੇ ਉਸ ਦੇ ਸਾਹ ਰੁਕ ਗਏ। ਬਲੱਡ-ਪ੍ਰੈਸ਼ਰ ਵਧਣ ਕਰਕੇ ਉਸ ਨੂੰ ਸਟ੍ਰੋਕ ਹੋ ਗਿਆ ਸੀ। ਮਸਨੂਈ ਬੁੱਧੀ ਨੇ ਉਸ ਦੀ ਮੌਤ ਦਾ ਇੱਕ ਸਾਲ ਬਾਅਦ ਅਨੁਮਾਨ ਲਾਇਆ ਸੀ ਪਰ ਉਹ ਤਿੰਨ ਮਹੀਨੇ ਦੇ ਅੰਦਰ ਹੀ ਪੂਰਾ ਹੋ ਗਿਆ।

*****



ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ।

## ਖ਼ਬਰਾਂ ਦੇ ਵਿਚ "ਉਡਾਣ"





# ਸਮੁਦਾਇ ਪਰਸਿਥਤੀ - ਵਿਗਿਆਨ ਦੇ ਮੁਢੱਲੇ ਪੜਾਅ

ਡਾ ਜਸਬੀਰ ਸਿੰਘ ਸਰਨਾ

ਸਮੁਦਾਇ ਪਰਸਿਥਤੀ- ਵਿਗਿਆਨ ਨੂੰ ਅੰਗਰੇਜ਼ੀ ਭਾਸ਼ਾ ਵਿੱਚ Community ecology ਆਖਦੇ ਹਨ। ਅਸੀਂ ਜਾਣਦੇ ਹਾਂ ਕਿ ਇਕ ਸਮੁਦਾਇ ਸਾਰੇ ਵਰਗਾਂ ਦਾ ਸਮੂਹ ਹੀ ਤਾਂ ਹੈ ਜੋ ਇਕ ਵੱਖਰੀ ਪਰਸਿਥਤੀ ਇਕਾਈ ਨੂੰ ਮੂਰਤੀਮਾਨ ਕਰਦਾ ਹੈ। ਇਸ ਇਕਾਈ ਦੀ ਪ੍ਰੀਭਾਸ਼ਾ ਬਨਸਪਤੀ-ਸਮੂਹ (Flora), ਪ੍ਰਾਣੀ ਸਮੂਹ (Fauna ) ਜਾਂ ਦੋਵਾਂ ਤੇ ਨਿਰਭਰ ਕਰਦੀ ਹੈ। ਸਮੁਦਾਇ ਇਕਾਈਆਂ ਬਹੁਤ ਛੋਟੀਆਂ ਹੁੰਦੀਆਂ ਹਨ ਜਿਵੇਂ ਰੀੜ ਰਹਿਤ (ਪ੍ਰਾਣੀ) ਸਮੁਦਾਇ ਅਤੇ ਉੱਲੀ (Fungi), ਸੜ੍ਹੀ ਹੋਈ ਲੱਕੜ (Log)। ਕਿਸੇ ਵੀ ਸਮੁਦਾਇ ਦੀ ਸੀਮਿਤਾ ਉਸ ਦੇ ਵੱਧ ਜਾਂ ਘੱਟ ਇੱਕਸਾਰ ਜਾਤੀਆਂ  ਦੀ ਰਚਨਾ ਬਣਤਰ ਤੇ ਨਿਰਭਰ ਕਰਦੀ ਹੈ। ਇੱਕ ਵੱਖਰੀ ਸਮੁਦਾਇ ਦਾ ਹੋਣਾ ਹਰ ਇਕ ਵੱਖਰੇ ਆਵਾਸ (Habitat), ਵਾਤਾਵਰਣ ਦੀ ਇਕਾਈ  ਦਾ ਵੱਡਾ ਹਿੱਸਾ ਹੈ ਅਤੇ ਅਸਲੋਂ ਸਮੁਦਾਇ ਦੀ ਬਣਤਰ ਅਤੇ ਆਚਰਣ, ਇਕ ਵਧੀਆ ਜਿਹੇ ਵਾਤਾਵਰਣ ਦਾ ਸੂਚਕ ਹੀ ਤਾਂ ਹੈ। ਇਕੋ ਅਵਾਸ ਵਿਚ ਅਨੇਕਾਂ ਪਰਸਪਰ  ਸੰਬੰਧਾਂ ਰਾਹੀਂ ਪੌਦੇ ਅਤੇ ਪਸ਼ੂ, ਜੀਵਾਣੂ ਅਤੇ ਫੰਗੀ ਸਾਰੇ ਇਕੱਠੇ ਨਮੂਦਾਰ ਹੁੰਦੇ ਹਨ। ਇਹ ਸਾਰੇ ਮਿਲਜੁਲ ਕੇ ਜੀਵ-ਸਮੁਦਾਇ (Biotic Community) ਨੂੰ ਮੂਰਤੀਮਾਨ ਕਰਦੇ ਹਨ। ਸਮੁਦਾਇ ਆਮ ਤੌਰ ਤੇ ਵਿਸ਼ੇਸ਼, ਵੱਡਾ ਜਾਂ ਛੋਟਾ ਹੁੰਦਾ ਹੈ। ਵੱਡੀਆਂ ਸਮੁਦਾਇ ਉਹ ਹੁੰਦੀਆਂ ਹਨ ਜੋ ਆਵਾਸ ਨਾਲ ਮਿਲ ਕੇ ਘੱਟ ਜਾਂ ਵੱਧ ਪੂਰਣ ਈਕੋ ਸਿਸਟਮ ਬਣਾਉਂਦੀਆਂ ਹਨ। ਛੋਟੀਆਂ ਸਮੁਦਾਇ ਨੂੰ ਆਮ ਤੋਰ ਤੇ ਸਭਾਵਾਂ ਆਖਿਆ ਜਾਂਦਾ ਹੈ ਅਤੇ ਵੱਡੀਆਂ ਸਮੁਦਾਇ ਵਿਚਕਾਰ ਕੁਲ ਜੋੜ ਦਾ ਮੱਧ ਆਖਿਆ ਜਾਂਦਾ ਹੈ। ਜਿਥੋਂ ਤੱਕ ਸ਼ਕਤੀ ਦੀ ਖਪਤ ਦਾ ਸੰਬੰਧ ਹੈ ਇਨ੍ਹਾਂ ਨੂੰ ਪੂਰੀ ਤਰ੍ਹਾਂ ਸੁਤੰਤਰ ਇਕਾਈ ਨਹੀਂ ਆਖਿਆ ਜਾ ਸਕਦਾ।

ਜੈਵਿਕ (Biotic) ਸਮੁਦਾਇ ਦੇ ਆਵਾਸ (Habitat) ਸਮੇਤ ਸਿਸਟਮ ਨੂੰ ਈਕੋ ਸਿਸਟਮ ਆਖਿਆ ਜਾਂਦਾ ਹੈ। ਈਕੋ ਸਿਸਟਮ ਸ਼ਬਦ ਭਾਵੇਂ ਕਈ ਢਿੱਲੀਆਂ ਇਕਾਈਆਂ ਦੇ ਵੱਖ ਵੱਖ ਪ੍ਰਪੇਖਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ ਪਰ ਇਹ ਸੀਮਿਤ ਹੋ ਕੇ ਨਿੱਖੜਵਾ ਮੇਲ ਹਵਾ, ਭੋਂ ਅਤੇ ਪਾਣੀ ਦੀ ਹਾਲਤ ਨਾਲ ਮਿਲਕੇ  ਬਨਸਪਤੀ, ਪਸ਼ੂ ਅਤੇ ਜੀਵਾਣੂ ਜ਼ਿੰਦਗੀ ਨਾਲ ਮੇਲ ਖਾ ਕੇ ਕੰਮਾਂ ਦੀ ਏਕਤਾ ਨੂੰ ਮੂਰਤੀਮਾਨ ਕਰਦੀ ਹੈ।


## ਸਮੁਦਾਇ ਵਿਚ ਜਾਤੀਆਂ ਦੀ ਪ੍ਰਮੁੱਖਤਾ

ਜਦੋਂ ਬਹੁਤ ਸਾਰੀਆਂ ਜਾਤੀਆਂ ਇਕੱਠੀਆਂ  ਹੋ ਕੇ ਸਮੁਦਾਇ ਸਿਰਜਦੀਆਂ ਹਨ ਤਾਂ ਹਰ ਇਕ ਜਾਤੀ ਆਪਣੇ ਵੱਖਰੇ ਸਥਾਨ (Niche) ਵਿੱਚ ਰਹਿ ਕੇ ਆਪਣੇ ਸਮੁਦਾਇ ਵਿਚ ਅੰਦਰੂਨੀ ਗਤੀ - ਵਿਗਿਆਨ ਭੂਮਿਕਾ ਨਿਭਾਉਂਦੀ ਹੈ। ਪ੍ਰਮੁੱਖਤਾ ਅਸਲੋਂ ਜੀਵਾਂ ਸੰਬੰਧਤ ਕਾਬੂ ਕਰਨਾ ਹੈ ਜੋ

ਜੀਵਾਂ ਦੀ ਰਚਨਾ ਦਾ ਸਮੁਦਾਇ ਹੋ ਨਿਬੜਦੀ ਹੈ। ਜੀਵ ਜੋ ਇਸ ਜ਼ਰੂਰੀ ਕਾਬੂ ਪੁਣੇ ਵਿਚ ਰਹਿੰਦੇ ਹਨ ਉਹ ਪ੍ਰਬਲ ਅਖਵਾਉਂਦੇ ਹਨ। ਪੌਦੇ ਆਮ ਤੋਰ 'ਤੇ ਭੂਮੀ ਸਮੁਦਾਇ ਵਿਚ ਪ੍ਰਬਲ ਹੁੰਦੇ ਹਨ ਬਨਿਸਬਤ ਪਸ਼ੂਆਂ ਦੇ। ਜਲਜੀਵੀ (Aquatic) ਸਮੁਦਾਇ ਵਿਚ ਪਸ਼ੂ ਅਹਿਮ ਭੂਮਿਕਾ ਨਿਭਾਉਂਦੇ ਹਨ।

ਪ੍ਰਬਲਤਾ ਆਮ ਤੋਰ ਤੇ ਵਧੇਰੇ ਕਰਕੇ ਜੀਵ ਆਵਾਸ ਦੀ ਪ੍ਰਤਿਕ੍ਰਿਆ ਵਿਚ ਪ੍ਰਫੁੱਲਿਤ ਹੁੰਦੀ ਹੈ। ਪ੍ਰਬਲ ਜਲਵਾਯੂ ਜਾਂ ਵਾਤਾਵਰਣ ਨਾਲ ਮੋਢੇ ਨਾਲ ਮੋਢਾ ਜੋੜਦੇ ਹਨ ਅਤੇ ਦੂਜੇ ਜੀਵਾਂ ਲਈ ਸਮੁਦਾਇ ਵਿਚ ਵੀ ਅਸਰ ਕਰਦੇ ਹਨ। ਇਹ ਅਸਰ ਬਿਜਲੀ, ਨਿੰਮੀ ਧਰਤੀ ਅਤੇ ਹੋਰ ਹਾਲਤਾਂ ਵਿਚ ਵੀ ਹੁੰਦਾ ਹੈ। ਕੇਵਲ ਉਹ ਜੀਵ ਹੀ ਸਮੁਦਾਇ ਦੇ ਮਕਬੂਲ ਵਿਆਪਕ ਜੀਵ ਹੁੰਦੇ ਹਨ ਜੋ ਪ੍ਰਾਣ ਧਾਰੀਆਂ ਦਾ ਵੱਡਾ ਪਦਾਰਥ ਹੈ ਜੋ ਪਸ਼ੂਆਂ ਲਈ ਅੰਨ, ਰੇਣ ਬਸੇਰਾ ਦਾ ਵੱਡਾ ਆਹਾਰ ਹੈ।

ਜੰਗਲੀ ਸਮੁਦਾਇ ਵਿਚ ਪੌਦੇ ਪ੍ਰਬਲ (dominos) ਹੁੰਦੇ ਹਨ ਉਹ ਪ੍ਰਕਾਸ਼ ਦੀ ਤੀਬਰਤਾ ਨੂੰ ਘਟਾਉਂਦੇ ਅਤੇ ਸਾਪੇਖੀ-ਨਮੀ (Relative Humidity) ਨੂੰ ਵਧਾਉਂਦੇ ਹਨ। ਮੀਂਹ ਨੂੰ ਪੈਣ ਤੋਂ ਰੋਕਦੇ ਹਨ। ਬਹੁਤੇ ਅਜ਼ਾਰੇਦਾਰੀ ਨਮੀ ਅਤੇ ਜ਼ਮੀਨ ਵਿਚ ਪੋਸ਼ਟਿਕ ਹਵਾ ਦੀ ਰਫਤਾਰ ਨੂੰ ਘੱਟ ਕਰਦੀ ਹੈ ਅਤੇ ਪਸ਼ੂਆਂ ਲਈ ਆਸਰਾ ਅਤੇ ਅੰਨ ਮੁੱਹਈਆ ਕਰਦੀ ਹੈ। ਪੌਦੇ ਵੀ ਕੁਝ ਅਜਿਹਾ ਹੀ ਪਰ ਕੁਝ ਘੱਟ ਰੋਲ ਅਦਾ ਕਰਦੇ ਹਨ। ਕਦੀ ਕਦੀ ਜੀਵ ਇੱਕ ਦੂਜੇ ਤੇ ਸਿੱਧਾ ਪ੍ਰਭਾਵ ਛੱਡ ਕੇ ਪ੍ਰਬਲ ਦੀ ਪ੍ਰਦਰਸ਼ਨੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਜਿਵੇਂ ਅਲੂਣੇ ਪਾਣੀ ਵਾਲੇ ਤਲਾਂ ਵਿੱਚ ਕਾਰਪ (ਇੱਕ ਕਿਸਮ ਦੀ ਮੱਛੀ) ਅਤੇ ਸਕੱਕਰ (ਚੂਸਣ ਵਾਲੇ ਜੀਵ) ਦੀ ਮਿਸਾਲ ਦਿੱਤੀ ਜਾ ਸਕਦੀ ਹੈ।




## ਅਸਰ-ਰਸੂਖ/ਪ੍ਰਭਾਵ

ਅਸਰ-ਰਸੂਖ ਤੋਂ ਭਾਵ ਹੈ ਬਹੁਲਤਾ (ਭਰਮਾਰ), ਸਿਹਤ ਅਤੇ ਦੂਜੇ ਜੀਵਾਂ ਦੀ ਸਰਗਰਮੀ ਦਾ ਸਿੱਟਾ। ਪਰ ਇਸ ਸਾਰੇ ਵਿਚ ਜੀਵਾਂ ਨੂੰ ਸਿੱਧੇ ਤੋਰ ਤੇ ਸਮੁਦਾਇ ਵਿਚ ਮਨਫੀ ਨਹੀਂ ਕੀਤਾ ਜਾ ਸਕਦਾ। ਪ੍ਰਭਾਵ ਆਮ ਤੋਰ ਤੇ ਪ੍ਰਦਰਸ਼ਨੀ ਰਾਹੀ ਹੀ ਮੂਰਤੀਮਾਨ ਹੁੰਦਾ ਹੈ ਅਤੇ ਕਿਸੇ ਸਮੇਂ ਪ੍ਰਤਿਕਿਰਿਆ ਰਾਹੀਂ ਵੀ ਕਈ ਕੀਟ-ਪਤੰਗੇ ਪੋਦਿਆਂ ਨੂੰ ਨਸ਼ਟ ਵੀ ਕਰ ਛੱਡਦੇ ਹਨ। ਮਿਸਾਲ ਦੇ ਤੋਰ ਤੇ ਲੂੰਬੜੀਆਂ ਦੇ ਝੁੰਡ ਸਰਦੀਆਂ ਵਿਚ ਹਿਰਨਾਂ ਦੀ ਜਨਸੰਖਿਆਂ ਨੂੰ ਘਟਾ ਛੱਡਦੇ ਹਨ। ਗਾਲ੍ਹੜਾਂ (ਗਲਿਹਿਰੀਆਂ) ਅਖਰੋਟਾਂ ਨੂੰ ਜ਼ਮੀਨ ਵਿਚ ਦੱਬ ਛੱਡਦੀਆਂ ਹਨ ਅਤੇ ਇਸ ਤਰ੍ਹਾਂ ਭਰੂਣ ਜਨਣ ਵਿਚ ਮਦਦ ਕਰਦੀਆਂ ਹਨ। ਜ਼ਹਿਰੀਲੇ ਪੌਦੇ ਕਈ ਵਾਰੀ ਦੂਜੇ ਪੋਦਿਆਂ ਦੀ ਜ਼ਿੰਦਗੀ ਨਸ਼ਟ ਕਰ ਦਿੰਦੇ ਹਨ। ਕਈ ਵਾਰੀ ਪਸ਼ੂ ਜ਼ਮੀਨ ਵਿਚ ਖੁੱਡ ਆਦਿ ਕਰ ਛੱਡਦੇ ਹਨ ਜੋ ਹਵਾ ਪਾਣੀ ਅਸਾਨੀ ਨਾਲ ਅੰਦਰ ਚਲੀ ਜਾਵੇ ਇਸ ਤਰ੍ਹਾਂ ਪੌਦਿਆਂ ਨੂੰ ਕਾਫੀ ਮਦਦ ਮਿਲਦੀ ਹੈ। ਮੌਤ ਤੋਂ ਬਾਅਦ ਸਾਰੇ ਜੀਵ (ਆਰਗੇਨਿਜ਼ਮ) ਆਵਾਸ ਦੇ ਜੀਵ-ਪਦਾਰਥ ਵਿਚ ਵਾਧਾ ਕਰਦੇ ਹਨ। ਇਹ ਅਤੇ ਦੂਜੇ ਕਾਰਜ ਸਮੁਦਾਇ ਵਿਚ ਪ੍ਰਭਾਵ ਛੱਡਦੇ ਹਨ। ਇੰਝ ਅਸਰ ਰਸੂਖ ਲਈ ਅਤਿ ਜ਼ਰੂਰੀ ਇੱਕੋ ਸੁਭਾਅ ਅਤੇ ਪ੍ਰਮੁੱਖਤਾ ਵਿਸ਼ੇਸ਼ ਹਨ।

## ਉਤਪਾਦਕਤਾ

ਉਤਪਾਦਕਤਾ ਨੂੰ ਅੰਗਰੇਜ਼ੀ ਵਿਚ Productivity ਆਖਦੇ ਹਨ। ਸਮੁਦਾਇ ਦਾ ਇਕ ਲੱਛਣ ਜੋ ਅਜੋਕੀ ਪਰਸਿਥਤੀ-ਵਿਗਿਆਨ ਦੀ ਖੋਜ ਵਿਚ ਬਹੁਤ ਜ਼ਰੂਰੀ ਹੈ ਉਹ ਉਤਪਾਦਕਿਤਾ ਹੈ। ਵਿੱਕਤੀ ਦਾ ਨੰਬਰ ਜਾਂ ਸਮੁਦਾਇ ਬਾਇਓ ਮਾਸ (Biomass) ਕਿਸੇ ਵੀ ਸਮੇਂ ਦੀ ਖੜ੍ਹੀ-ਫਸਲ ਆਖੀ ਜਾਂਦੀ ਹੈ।ਵਰ੍ਹੇ ਦੇ ਸ਼ੁਰੂ ਵਿਚ ਖੜ੍ਹੀ ਫਸਲ ਆਮ ਤੌਰ ਤੇ ਛੋਟੀ ਹੁੰਦੀ ਹੈ ਅਤੇ ਜਿਵੇਂ ਹੀ ਮੁੜ ਉਤਪਾਦਨ ਅਤੇ ਵਿਕਾਸ ਹੁੰਦਾ ਹੈ ਤੱਦ ਜੀਵ-ਪਦਾਰਥ ਵਿਚ ਵੀ ਇਕਦਮ ਵਾਧਾ ਹੋਣ ਲੱਗਦਾ ਹੈ ਅਤੇ ਇਸ ਤਰ੍ਹਾਂ ਸਮੁਦਾਇ ਦਾ ਬਾਇਓ ਮਾਸ ਬਣਦਾ ਹੈ। ਜੀਵ-ਪਦਾਰਥ ਦੀ ਉਤਪਾਦਨਾ, ਸਮੇਂ ਦੀ ਪ੍ਰਤੀ ਇਕਾਈ ਅਤੇ ਖੇਤਰਫਲ ਉਤਪਾਦਿਕਤਾ ਆਖੀ ਜਾਂਦੀ ਹੈ।

ਉਤਪਾਦਿਕਤਾ ਅਸਲੋਂ ਇਕ ਦਰ ਹੈ ਅਤੇ ਆਮ ਤੋਰ ਤੇ ਵਰ੍ਹਿਆਂ ਦੇ ਅਧਾਰ ਤੇ ਨਿਰਭਰ ਕਰਦਾ ਹੈ ਪਰ ਇਸ ਨੂੰ ਅਸੀਂ ਮਹੀਨੇਵਾਰ, ਹਫਤੇਵਾਰ ਜਾਂ ਰੋਜ਼ਾਨਾਂ ਉਤਪਾਦਨਾਂ ਵਜੋਂ ਵੀ ਨਾਪ ਸਕਦੇ ਹਾਂ। ਵੱਖ ਵੱਖ ਜੀਵਾਂ ਦੀ ਉਤਪਾਦਿਕਤਾ ਵੱਖ ਵੱਖ ਕਿਸਮਾਂ ਦੇ ਜੀਵਾਂ ਤੇ ਨਿਰਭਰ ਕਰਦੀ ਹੈ।

## ਜਾਨਸ਼ੀਨੀ ਜਾਂ ਉੱਤਰਾਧਿਕਾਰ

ਜਾਨਸ਼ੀਨੀ ਸਮੁਦਾਇ ਘੱਟ ਜਾਂ ਵੱਧ ਅਦਲਾ ਬਦਲੀ ਤਬਦੀਲੀ ਦੀ ਪ੍ਰਕ੍ਰਿਆ ਵਿਚ ਹੁੰਦੇ ਹਨ। ਇਹ ਤਬਦੀਲੀਆਂ ਜੀਵਾਂ ਦੀ ਆਪਸੀ ਪ੍ਰਤੀਕ੍ਰਿਆ ਅਤੇ ਪ੍ਰਦਰਸ਼ਨੀਆਂ ਦਾ ਹਿੱਸਾ ਮੰਨੀਆਂ ਗਈਆਂ ਹਨ ਅਤੇ ਬਾਹਰਲੀਆਂ ਤਾਕਤਾਂ ਜਿਵੇਂ ਸਰੀਰ ਕ੍ਰਿਆ ਤਬਦੀਲੀ, ਮੋਸਮੀ ਤਬਦੀਲੀ ਅਤੇ ਜੀਵ-ਵਿਕਾਸ ਦੀ ਤਬਦੀਲੀਆਂ ਅਹਿਮ ਅਤੇ ਵਿਸ਼ੇਸ਼ ਭੂਮਿਕਾਂ ਨਿਭਾਉਂਦੀਆਂ ਹਨ। ਆਵਾਸ ਆਮ ਤੋਰ ਤੇ ਸਮੁਦਾਇ ਤੇ ਅਸਰ ਕਰਦੀ ਹੈ ਅਤੇ ਜਿਵੇਂ ਹੀ ਆਵਾਸ ਵਿਚ ਤਬਦੀਲੀ ਆਉਂਦੀ ਹੈ ਨਵੇਂ ਜੀਵ (Species) ਧਾਵਾ ਬੋਲ ਕੇ ਸਥਾਪਿਤ ਹੋ ਜਾਂਦੇ ਹਨ ਅਤੇ ਪੁਰਾਣੇ ਜੀਵ ਗਾਇਬ ਹੋ ਜਾਂਦੇ ਹਨ । ਇਹ ਤਬਦੀਲੀਆਂ ਖਾਸ ਤੋਰ ਤੇ ਪ੍ਰਬਲ ਜੀਵਾਂ ਵਿਚ ਵੇਖੀਆਂ ਗਈਆਂ ਹਨ। ਇਹ ਜੀਵ ਰਚਨਾ ਅਤੇ ਢਾਂਚੇ, ਸਮੁਦਾਇ ਦੀ ਆਮ ਤੋਰ ਤੇ ਰੋਕਥਾਮ ਦੀ ਮੀਰੀ ਗੁਣ ਮੰਨੇ ਗਏ ਹਨ। ਇਕ ਸਮੁਦਾਇ ਜਾਂ ਈਕੋ ਸਿਸਟਮ ਦੀ ਦੂਜੇ ਵਿਚ ਬਦਲਾਈ ਨੂੰ ਉਤਰਾਧਿਕਾਰੀ ਜਾਂ ਜਾਨਸ਼ੀਨੀ ਆਖਿਆ ਜਾਂਦਾ ਹੈ ਅਤੇ ਜਾਨਸ਼ੀਨੀ ਲਗਾਤਾਰ ਚਲਦੀ ਰਹਿੰਦੀ ਹੈ ਜਦੋਂ ਤੱਕ ਸਿਖਰ ਜਾਂ ਅੰਤਮ ਪੜਾਅ ਨਹੀਂ ਅੱਪੜਦਾ।

## ਹਾਈਡ੍ਰੋ-ਸੀਰ (Hydrosere)

ਹਾਈਡ੍ਰੋ-ਸੀਰ ਵਿਚ ਤਲਾ/ਛੱਪੜ (Pond) , ਦਲਦਲ (Mashes), ਜਿਲਣ (Swamp) ਬਾਗ (ਭੋਗ) ਆਉਂਦੇ ਹਨ। ਤਲਾ ਨਦੀਆਂ ਦੀ ਤੀਜੇ ਦਰਜੇ ਦੀ ਇਕ ਆਮ ਪਿਰਤ ਹੈ ਜੋ ਛੋਟੀਆਂ, ਘੱਟ ਡੂੰਘੇ ਹੁੰਦੇ ਹਨ ਅਤੇ ਜੜ੍ਹਾਂ ਵਾਲੀਆਂ ਸਬਜ਼ੀਆਂ ਤਹਿ ਤੱਕ ਨਜ਼ਰੀ ਪੈਦੀਆਂ ਹਨ। ਆਮ ਤੋਰ ਤੇ ਪਹਿਲੇ ਅਤੇ ਦੂਜੇ ਦਰਜੇ ਦੀਆਂ ਤਲਾਂ ਅਤੇ ਨਦੀਆਂ ਵਿਚ ਪ੍ਰਮੁੱਖ ਤੋਰ ਤੇ ਕੋਈ ਖਾਸ ਵੱਖਰੇਵਾਂ ਨਜ਼ਰੀ ਨਹੀਂ ਪੈਂਦਾ। ਹੌਲੀ ਵਗਦੇ ਦਰਿਆ ਅਸਲੋਂ ਲੰਮੇ ਤਲਾ ਹੀ ਤਾਂ ਹਨ ਜਿੰਨ੍ਹਾਂ ਵਿਚ ਜੀਵ ਜੰਤੂ ਇਕੋ ਜਿਹੇ ਹੁੰਦੇ ਹਨ। ਤਲਾ ਵਿਚ ਕਿਉਂਕਿ ਪਾਣੀ ਦੀ ਹਰਕਤ ਬਹੁਤ ਘੱਟ ਹੁੰਦੀ ਹੈ। ਇਸ ਲਈ ਪਾਣੀ ਦੀ ਸਤਹ ਕਈ ਜੀਵਾਂ ਲਈ ਇਕ ਛੋਟਾ ਜ਼ਰੂਰੀ ਆਵਾਸ (Micro Habitat) ਹੋ ਨਿਬੜਦੀ ਹੈ। ਪਾਣੀ ਦਾ ਤਾਪਮਾਨ ਵੀ ਤਕਰੀਬਨ ਇਕੋ ਜਿਹਾ ਹੁੰਦਾ ਹੈ। ਗਰਮ ਮੋਸਮ ਵਿਚ ਜਦੋਂ ਧੁੱਪ ਬਹੁਤੀ ਹੁੰਦੀ ਹੈ, ਤਲਾ ਨੂੰ ਹਵਾ ਵੀ ਸਾਰਿਆਂ ਪਾਸਿਆਂ ਤੋਂ ਘੇਰ ਲੈਂਦੀ ਹੈ ਅਤੇ ਇੰਝ ਤਾਪਮਾਨ ਹੀ ਨਹੀਂ ਸਗੋਂ ਆਕਸੀਜਨ ਦੀ ਮਿਕਦਾਰ ਵੀ ਘੱਟ ਹੋ ਕੇ ਵਿਸ਼ੇਸ਼ ਤਹਿਬੰਦੀ ਨਜ਼ਰ ਆਉਣ ਲੱਗ ਪੈਂਦੀ ਹੈ। ਇਹ ਖੋਜ ਵਿਗਿਆਨੀ ਵੈਲਿਨ ਨੇ 1955 ਵਿਚ ਸਾਹਮਣੇ ਲਿਆਂਦੀ। ਮੌਸਮੀ ਅੰਤਰ ਕਾਰਨ ਰੋਜ਼ਮਰਾ ਦੇ ਤਾਪਮਾਨ ਵਿਚ ਫਰਕ ਆਉਂਦਾ ਹੈ ਕਿਉਂਕਿ ਪਾਣੀ ਦੀ ਮਾਤਰਾ ਵੀ ਘੱਟ ਹੁੰਦੀ ਹੈ। ਰੋਸ਼ਨੀ ਆਸਾਨੀ ਨਾਲ ਹਰ ਸਤਹ ਤੱਕ ਪੁੱਜ ਕੇ ਬਨਸਪਤੀ ਦੇ ਵਿਕਾਸ ਵਿਚ ਵਾਧਾ ਕਰਦੀ ਹੈ।

ਹਾਈਡ੍ਰੋ-ਸੀਰ ਵਿਚ ਪੌਦਾ-ਸੀਰ ਅਤੇ ਪਸ਼ੂ- ਸੀਰ ਆਉਂਦੇ ਹਨ। ਪਲਾਟ ਹਾਈਡ੍ਰੋ-ਸੀਰ ਜਾਂ ਤਲਾਹ ਸੀਰ ਵਿਚ ਜੋ ਵਿਸ਼ੇਸ਼ਤਾਈਆਂ ਆਉਂਦੀਆਂ ਹਨ ਉਨ੍ਹਾਂ ਵਿੱਚ ਹੇਠਲੀ ਬਨਸਪਤੀ (Submerged Vegetation) ਪੌਂਡ ਲਿਲੀ, ਤਲਾ-ਵੀਡ, ਸਮਾਰਟ ਵੀਡ, ਡੱਕ-ਵੀਡ ਅਤੇ ਪਾਣੀ ਹਾਇਆਸਿੰਥ ਜ਼ਿਕਰ ਯੋਗ ਹਨ। ਪਹਿਲੇ ਚਾਰ ਪੌਦੇ ਤਾਂ ਲੰਮੀਆਂ ਜੜ੍ਹਾਂ ਰਾਹੀਂ ਮਿੱਟੀ ਵਿਚੋਂ ਉਗਦੇ ਹਨ ਜੋ ਦੋ ਜਾਂ ਤਿੰਨ ਮੀਟਰ ਲੰਮੇ ਹੁੰਦੇ ਹਨ ਅਤੇ ਪੱਤੇ ਪਾਣੀ ਦੇ ਉੱਪਰ ਬੇੜੀਆਂ ਵਾਂਗ ਤੁਰਦੇ ਹਨ। ਡੱਕ-ਵੀਡ ਅਤੇ ਪਾਣੀ-ਹਾਇਆਸਿੰਥ ਅਣਜੁੜਵੇਂ ਰਹਿ ਕੇ ਪਾਣੀ ਤੇ ਤੈਰਦੇ ਹਨ ਜੋ ਕਈ ਵੇਰਾਂ ਸਾਰੇ ਸਥਾਨ/ਇਲਾਕੇ ਨੂੰ ਘੇਰ ਲੈਂਦੇ ਹਨ।

ਹੰਗਾਮੀ ਬਨਸਪਤੀ ਵਿਚ ਜੋ ਜਾਤੀਆਂ ਪ੍ਰਬਲ ਹੁੰਦੀਆਂ ਹਨ ਉਨ੍ਹਾਂ ਵਿਚ ਕੈਟ-ਟੇਲ, ਰੀਡ, ਜੰਗਲੀ ਕ੍ਰੋਨਾ ਅਤੇ ਸਾ-ਘਾਹ ਵਿਸ਼ੇਸ਼ ਹਨ। ਇਹ ਪੌਦੇ ਤਕਰੀਬਨ ਇਕ ਮੀਟਰ ਤੋਂ ਪਾਣੀ ਖਿੱਚ ਕੇ ਤਹਿ ਤੱਕ ਜਾਂਦੇ ਹਨ। ਦਲਦਲ ਝਾੜੀ (Swamp Shrubs) ਵਿਚ ਬਟਨ-ਬੁਰਸ਼, ਐਲਡਰ, ਡਾਗ ਵੁੱਡ, ਦਲਦਲ ਰੋਜ਼ ਅਤੇ ਕਈ ਹੋਰ ਸ਼ਰੱਬੀ ਵਿਲੋ ਅਤੇ ਕਾਟਨ ਵੁੱਡ ਵੀ ਸ਼ਾਮਿਲ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਦਲਦਲ ਫਾਰਸ਼ਟ ਵਿਚ ਲਾਲ ਅਤੇ ਸਿਲਵਰ ਮੇਪਿਲਜ਼, ਏਲਮ ਐਸ, ਦਲਦਲ ਐਕ, ਪਿੰਨ ਲੱਕ ਆਦਿ ਆਉਂਦੇ ਹਨ। ਪਸ਼ੂ-ਸ਼ੀਰ ਵਿਚ ਜੋ - ਪ੍ਰਾਣੀ ਮਾਰਸ਼ ਅਤੇ ਤਾਲਾਬਾਂ ਵਿਚ ਰਹਿੰਦੇ ਹਨ ਉਹ ਵੱਖਰੇ ਕਿਸਮ ਦੇ ਪਮੰਡ ਮਾਰਸ਼ ਬਾਇਸੀਜ਼ ਨੂੰ ਉਜਾਗਰ ਕਰਦੇ ਹਨ। ਬਹੁਤੀਆਂ ਪ੍ਰਾਣੀ ਜਾਤੀਆਂ ਪਲਾਂਟ-ਸੀਰ ਦੇ ਸਮੁਦਾਇ ਤੱਕ ਸੀਮਿਤ ਰਹਿੰਦੀਆਂ ਹਨ ਜਦੋਂ ਕਿ ਕਈ ਅਨੇਕਾਂ ਸਟੇਜਾਂ ਤੇ ਬਹੁਤਾਤ ਅਤੇ ਹੱਲਚੱਲ ਤੱਕ ਮਹਿਦੂਦ ਰਹਿ ਜਾਂਦੀਆਂ ਹਨ। ਮੱਛੀ ਮਿਸਾਲ ਦੇ ਤੋਰ ਤੇ ਖੁੱਲ੍ਹੇ ਪਾਣੀ ਵਿਚ ਆਹਾਰ ਕਰਦੀ ਹੈ ਜਦੋਂ ਕਿ ਸਪਾਨ ਮੱਛੀ (ਅੰਡ-ਸਮੂਹ) ਡੂੰਘੇ ਪਾਣੀਆਂ ਦੀ ਬਨਸਪਤੀ ਤੇ ਨਿਰਭਰ ਕਰਦੀ ਹੈ। ਅਜਿਹੀਆਂ ਹੀ ਅਨੇਕ ਕਿਸਮ ਦੀ ਬਨਸਪਤੀ 'ਤੇ ਨਿਰਭਰ ਕਰਦੀਆਂ ਹਨ । ਅਜਿਹੀਆਂ ਹੀ ਅਨੇਕ ਕਿਸਮ ਦੀਆਂ ਤਬਦੀਲੀਆਂ ਡੂੰਘੇ ਪਾਣੀਆਂ ਵਿਚ ਨਮੂਦਾਰ ਹੁੰਦੀਆਂ ਰਹਿੰਦੀਆਂ ਹਨ।

ਬੋਗ (BOG) ਉੱਤਰ ਖਿੱਤਿਆਂ ਦੇ ਹਾਈਡ੍ਰੋ-ਸੀਰ ਵਿਚ ਨਮੂਦਾਰ ਹੁੰਦੇ ਹਨ ਜਦੋਂ ਕਿ ਮਾਰਸ਼ ਅਤੇ ਦਲਦਲ ਜੋ ਯੋਗ ਤੋਂ ਬਿਲਕੁਲ

ਅੱਡ ਹੁੰਦੇ ਹਨ, ਦੱਖਣੀ ਖਿੱਤਿਆ ਵਿਚ ਪਾਏ ਜਾਂਦੇ ਹਨ। ਬੋਗ ਅਮੁੱਮਨ ਕੋਨਾਧਾਰੀ (Coniferous) ਜੰਗਲੀ ਸਿਖਰ ਨੂੰ ਸੁਰਜੀਤ ਕਰਦੇ ਹਨ। ਕੋਨਾਧਾਰੀ ਉਹ ਹੁੰਦੇ ਹਨ ਜਿਸ ਦੇ ਪੱਤੇ ਸਾਰਾ ਸਾਲ ਨਹੀਂ ਡਿੱਗਦੇ। ਦਲਦਲ (Swamps ) ਪੱਤਝੱੜੀ ਜੰਗਲੀ ਸਿੱਖਰ ਦੱਖਣੀ ਆਖੇ ਜਾਂਦੇ ਹਨ। ਇਨ੍ਹਾਂ ਦੇ ਪੱਤੇ ਹਰ ਸਾਲ ਡਿੱਗਦੇ ਹਨ। ਬੋਗ (ਭੋਗ) ਵੱਡੀਆਂ ਨਦੀ ਨਾਲਿਆਂ ਦੇ ਖਿੱਤੇ ਵਿਚ ਜਨਮ ਲੈਂਦੇ ਹਨ ਜਿਥੇ ਜ਼ਮੀਨ ਥੋੜੀ ਹੋਵੇ ਅਤੇ ਘੱਟ ਜਾਂ ਥੋੜ੍ਹੇ ਪਾਣੀ ਦਾ ਨਿਕਾਸ ਹੋਵੇ। ਪਾਣੀ ਦੇ ਇਨ੍ਹਾਂ ਖੁਲ੍ਹੇ ਆਕਾਰ ਵਿਚ ਇੰਨ੍ਹਾਂ ਬੋਗਜ਼ ਵਿਚ ਆਕਸੀਜਨ ਦੀ ਮਾਤਰਾ ਵੀ ਘੱਟ ਹੁੰਦੀ ਹੈ। ਬੋਗਜ਼ ਵਾਲੇ ਪਾਣੀਆਂ ਦਾ ਰੰਗ ਭੂਰਾ-ਖਾਕੀ (ਬਦਾਮੀ) ਨਾਇਟ੍ਰੋਜਨ ਦੀ ਮਾਤਰਾ ਘੱਟ, ਤਾਪਮਾਨ ਵੀ ਘੱਟ, ਪੀ ਐਚ ਵੀ ਘੱਟ ਅਤੇ ਲੂਣੀ ਮਾਤਰਾ ਘੋਲਣ ਦੀ ਸ਼ਕਤੀ ਵੀ ਇਸਦੇ ਪਾਣੀ ਵਿਚ ਘੱਟ ਹੁੰਦੀ ਹੈ। ਇਸ ਤਰ੍ਹਾਂ ਪਲਾਂਟ ਬੋਗ ਸ਼ੀਰ ਅਤੇ ਪਸ਼ੂ ਬੋਗ ਸ਼ੀਰ ਦੇ ਸਟੇਜ ਵੀ ਆਉਂਦੇ ਹਨ ਜੋ ਬਹੁਤ ਹੀ ਸੁਖਮ ਕਿਸਮ ਦੇ ਵਿਗਿਆਨ ਨੂੰ ਉਜਾਗਰ ਕਰਦੇ ਰਹਿੰਦੇ ਹਨ।

ਡਾ: ਜਸਬੀਰ ਸਿੰਘ ਸਰਨਾ ਜੀ ਕਸ਼ਮੀਰ ਵੱਸਦੇ, ਅਜ਼ਾਦ ਇਤਿਹਾਸਕਾਰ, ਕਵੀ ਪੱਤਰਕਾਰ ਤੇ ਇੱਕ ਪ੍ਰਸਿੱਧ ਲੇਖਕ ਹਨ। ਉਹਨਾਂ ਦੀਆਂ ਹੁਣ ਤੱਕ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ 56 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।




## ਪੰਜਾਬੀ ਭਾਸ਼ਾ ਦਾ ਸੰਖੇਪ ਇਤਿਹਾਸ - ਇੱਕ ਨਵਾਂ ਪਰਿਪੇਖ

### ਜਸਪਾਲ ਸਿੰਘ ਅਨੁਵਾਦ: ਅਮਨਦੀਪ ਸਿੰਘ

ਭਾਸ਼ਾ (ਬੋਲੀ) ਕਿਸੇ ਵੀ ਭੁਗੋਲਿਕ ਖਿੱਤੇ ਦੇ ਪੁਖ਼ਤਾ ਸਮਾਜ ਦੇ ਸੰਚਾਰ ਦਾ ਸਾਧਨ (ਮਾਧਿਅਮ) ਹੁੰਦੀ ਹੈ, ਤੇ ਉੱਥੋਂ ਦੇ ਲੋਕਾਂ ਦੇ ਸਮਾਜਿਕ ਮਿਲਵਰਤੋਂ ਨੂੰ ਪ੍ਰਵਾਨ ਚੜ੍ਹਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਭਾਸ਼ਾ ਮਨੁੱਖ ਦੇ ਕੁੱਝ ਖ਼ਾਸ ਅੰਗਾਂ ਦੇ ਵਿਕਾਸ ਦੌਰਾਨ ਹੀ ਮਨੁੱਖੀ ਵਿਕਾਸ ਦੇ ਇੱਕ ਪੜਾਅ ਤੇ ਵਿਕਸਿਤ ਹੋਈ। ਪ੍ਰਾਗੈਤਿਹਾਸਿਕ (Prehistoric) ਕਾਲ ਵਿੱਚ ਇੱਕ ਵੰਸ਼ ਦੇ ਕਬੀਲਿਆਂ ਤੇ ਸਮਾਜ ਨੇ ਆਪਣੀ ਇੱਕ ਸਾਂਝੀ ਭਾਸ਼ਾ ਵਿਕਸਿਤ ਕੀਤੀ। ਜਿਸ ਤਰ੍ਹਾਂ ਉਹ ਹੋਰ ਜਗ੍ਹਾ ਫੈਲਦੇ ਗਏ ਤੇ ਹੋਰ ਕਬੀਲਿਆਂ, ਜਾਤੀਆਂ ਤੇ ਸਮਾਜ ਨਾਲ਼ ਮਿਲਵਰਤੋਂ ਵਧਾਉਂਦੇ ਗਏ, ਦੂਜੀਆਂ ਭਾਸ਼ਾਵਾਂ ਤੋਂ ਸ਼ਬਦ ਉਧਾਰੇ ਲੈ ਕੇ, ਇੱਕ ਇਲਾਕੇ ਜਾਂ ਪ੍ਰਦੇਸ਼ ਦੀ ਭਾਸ਼ਾ ਹੋਂਦ ਵਿੱਚ ਆਉਂਦੀ ਗਈ। ਸਾਰੀਆਂ ਭਾਸ਼ਾਵਾਂ ਤਕਰੀਬਨ ਇਸੇ ਤਰ੍ਹਾਂ ਹੀ ਵਿਕਸਿਤ ਹੋਈਆਂ।

ਪੰਜਾਬ, ਪੰਜ ਦਰਿਆਵਾਂ ਦੀ ਧਰਤੀ ਸਦਾ ਤੋਂ ਵਿਦੇਸ਼ੀਆਂ ਦਾ ਰਾਹ ਰਹੀ ਹੈ, ਕਈ ਇੱਥੇ ਵੱਸ ਗਏ ਤੇ ਕਈ ਇੱਥੋਂ ਗੁਜ਼ਰਦੇ ਰਹੇ। ਅੱਜ-ਕੱਲ੍ਹ ਦੀਆਂ ਅਨੁਵੰਸ਼ਿਕ (Genetics) ਖੋਜਾਂ ਤੋਂ ਪਤਾ ਲਗਦਾ ਹੈ ਕਿ ਪੰਜਾਬ ਵਿੱਚੋਂ ਵੱਖ-ਵੱਖ ਤਰ੍ਹਾਂ ਦੇ ਲੋਕ ਲੰਘੇ, ਪਰ ਕਈ ਇੱਥੇ ਪੱਕੇ ਵੱਸ ਗਏ। ਇਸ ਤਰ੍ਹਾਂ ਉਹ ਲੋਕ - ਹਮਲਾਵਰ, ਪਰਵਾਸੀ, ਤੇ ਯਾਤਰੀ ਆਪਣੀ ਬੋਲੀ, ਸਭਿਆਚਾਰ ਤੇ ਜੀਵਨ ਦੀ ਅਮਿੱਟ ਛਾਪ ਛੱਡਦੇ ਗਏ। ਪੰਜਾਬੀ ਭਾਸ਼ਾ ਜੋ ਕਿ ਦਸ ਕ੍ਰੋੜ ਤੋਂ ਵੀ ਵੱਧ ਲੋਕਾਂ ਦੀ ਮਾਂ-ਬੋਲੀ ਹੈ,ਸਹਸ ਵਰ੍ਹਿਆਂ ਵਿੱਚ ਵਿਕਸਿਤ ਹੋਈ, ਤੇ ਇਹ ਇੱਕ ਮਿਸ਼ਰਿਤ ਭਾਸ਼ਾ ਹੈ, ਜਿਸ ਵਿੱਚ ਸੰਤਾਲੀ, ਖਾਸੀ, ਦ੍ਰਵਿੜ, ਰੋਮਾ, ਇੰਡੋ-ਯੂਰਪੀਅਨ, ਪ੍ਰਾਕ੍ਰਿਤ, ਸੰਸਕ੍ਰਿਤ, ਪਾਲੀ, ਮੁੰਦਾਰੀ ਆਦਿ ਭਾਸ਼ਾਵਾਂ ਤੋਂ ਸ਼ਬਦ ਤੇ ਧੁਨੀਆਂ ਸ਼ਾਮਿਲ ਹਨ। ਇਸ ਤਰ੍ਹਾਂ ਅਜੋਕੀ ਪੰਜਾਬੀ ਪੁਰਾਤਨ ਸਮੇਂ ਤੋਂ ਇੱਕ ਲੰਬੇ ਵਿਕਾਸ ਬਾਅਦ ਹੋਂਦ ਵਿੱਚ ਆਈ। ਭਾਸ਼ਾ-ਵਿਗਿਆਨੀ ਇਨ੍ਹਾਂ ਸ਼ਬਦਾਂ ਤੇ ਧੁਨੀਆਂ ਦੇ ਸਰੋਤਾਂ ਦਾ ਅਧਿਐਨ ਕਰ ਰਹੇ ਹਨ, ਤੇ ਇਹ ਦਾਅਵਾ ਕਰਦੇ ਹਨ ਕਿ ਪੰਜਾਬੀਆਂ ਦੇ ਪੂਰਵਜ਼ ਔਸਟ੍ਰੋ-ਏਸ਼ਿਆਈ ਸਨ, ਜਿਨ੍ਹਾਂ ਨੇ ਕੰਬੋਡੀਆ ਤੋਂ ਲੈ ਕੇ ਸਿੰਧੂ ਤੇ ਮੈਸੋਪਟਾਮੀਆ ਤੱਕ ਸੱਭਿਅਤਾਵਾਂ ਉਸਾਰੀਆਂ। ਸੁਮੇਰ ਤੋਂ ਮਿਲ਼ੇ ਪੁਰਾਤਵਿਕ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਮੋਹਿੰਜਦਾੜੋ ਤੇ ਹੜੱਪਾ ਦੇ ਨਿਰਮਾਤਾ ਮੈਲੁਹਾ ਲੋਕ ਸਨ। ਇਸ ਕਰਕੇ ਇਹ ਪ੍ਰਸਤਾਵ ਰੱਖਿਆ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਦੀ ਪੂਰਵਵਰਤੀ ਭਾਸ਼ਾ **ਮੈਲੁਹਾ ਭਾਸ਼ਾ** ਮੰਨੀ ਜਾਵੇ। ਪਿਛਲੇ ਹਜ਼ਾਰ ਸਾਲ ਦੌਰਾਨ ਪੰਜਾਬੀ ਨੇ ਆਪਣੇ ਵਿੱਚ ਬ੍ਰਜ ਭਾਸ਼ਾ, ਖੜੀ ਬੋਲੀ, ਅਰਬੀ, ਫ਼ਾਰਸੀ, ਤੁਰਕੀ, ਅੰਗਰੇਜ਼ੀ, ਫਰਾਂਸੀਸੀ, ਪੁਰਤਗਾਲੀ ਆਦਿ ਭਾਸ਼ਾਵਾਂ ਤੋਂ ਸ਼ਬਦ ਸਮੋਏ ਹਨ।

ਲਿਪੀਆਂ ਕਾਫ਼ੀ ਦੇਰ ਬਾਅਦ ਵਿਕਸਿਤ ਹੋਈਆਂ। ਅੱਜ ਵੀ ਹਜ਼ਾਰਾਂ ਭਾਸ਼ਾਵਾਂ ਬਿਨਾ ਲਿਪੀ ਦੇ ਹੋਂਦ ਵਿੱਚ ਹਨ - ਕਾਫ਼ੀ ਲੰਬੇ ਸਮੇਂ ਤੱਕ ਜ਼ੁਬਾਨੀ ਪਰੰਪਰਾ ਚੱਲਦੀ ਰਹੀ। ਕਈ ਵਿਦਵਾਨ ਇਹ ਮੰਨਦੇ ਹਨ ਕਿ ਪੰਜਾਬੀ ਵੀ ਕਈ ਲਿਪੀਆਂ ਵਿੱਚ ਲਿਖੀ ਜਾਂਦੀ ਰਹੀ ਹੈ। ਅੱਜ-ਕੱਲ੍ਹ ਪੰਜਾਬੀ ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ ਤੇ ਰੋਮਨ ਲਿਪੀ ਵਿੱਚ ਲਿਖੀ ਜਾਂਦੀ ਹੈ। ਇਨ੍ਹਾਂ ਲਿਪੀਆਂ ਦਾ ਆਪਣਾ ਵੱਖਰਾ ਇਤਿਹਾਸ ਹੈ। ਇੱਕ-ਦੁੱਕਾ ਮੁੱਢਲਾ ਪੰਜਾਬੀ ਸਾਹਿਤ ਗੋਰਖਨਾਥ ਦੀ ਸਿਫ਼ਤ ਵਿੱਚ ਲਿਖਿਆ ਮਿਲ਼ਦਾ ਹੈ, ਪਰ ਬਾਬਾ ਫ਼ਰੀਦ ਜੀ ਹੀ ਪੰਜਾਬੀ ਸਾਹਿਤ ਦੇ ਪਿਤਾਮਾ ਹਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਸੂਫ਼ੀ ਕਾਵਿ ਦੀ ਰਚਨਾ ਕੀਤੀ। ਪਿਛਲੇ 800 ਸਾਲਾਂ ਤੋਂ, ਵੱਖ-ਵੱਖ ਵੰਨਗੀਆਂ ਤੇ ਸ਼ੈਲੀਆਂ ਵਿੱਚ ਲਿਖਿਤ ਪੰਜਾਬੀ ਸਾਹਿਤ ਨੇ ਵਿਸ਼ਵ ਸਾਹਿਤ ਨੂੰ ਅਮੀਰ ਕੀਤਾ ਹੈ, ਤੇ ਲੋਕਾਂ ਦੇ ਗਿਆਨ ਵਿੱਚ ਵਾਧਾ ਕੀਤਾ ਹੈ। ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿੱਚ ਵੱਸਦੇ ਹਨ, ਤੇ ਆਪਣੇ ਨਾਲ਼ ਪੰਜਾਬੀ ਨੂੰ ਵੀ ਜੀਵਤ ਰੱਖ ਰਹੇ ਹਨ। ਵਿਸ਼ਵ ਦੇ ਕਾਫ਼ੀ ਸ਼ਹਿਰਾਂ ਵਿੱਚ, ਸੜਕਾਂ ਦੇ ਸੰਕੇਤਿਕ ਨਿਸ਼ਾਨ ਪੰਜਾਬੀ ਵਿੱਚ ਵੇਖੇ ਜਾ ਸਕਦੇ ਹਨ। ਇਸ ਕਰਕੇ ਕਈ ਲੋਕ ਉਸਨੂੰ ਤੀਸਰਾ ਪੰਜਾਬ ਵੀ ਕਹਿੰਦੇ ਹਨ।




# ਪੁਸਤਕ/ਮੈਗ਼ਜ਼ੀਨ ਰੀਵਿਊ: ਕਹਾਣੀ ਪੰਜਾਬ

**ਅੰਕ**: 104 ਸਾਲ: **ਅਪ੍ਰੈਲ** 2024 - ਮਾਰਚ 2025
**ਸੰਪਾਦਕ**: ਕਰਾਂਤੀਪਾਲ
**ਰੀਵਿਊਕਰਤਾ**: ਅਮਨਦੀਪ ਸਿੰਘ
**ਪ੍ਰਕਾਸ਼ਕ**: ਜਨਤਕ ਪ੍ਰੈੱਸ, ਪੱਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ – 110006
**ਮੁੱਲ**: 400 ਰੁਪਏ
**ਮਿਲਣ ਦਾ ਪਤਾ**: 'ਕਹਾਣੀ ਪੰਜਾਬ', 'ਰਾਮ ਸਰੂਪ ਅਣਖੀ ਹਾਊਸ', ਗਲੀ ਨੰ. 11, ਕੱਚਾ ਕਾਲਜ ਰੋਡ, ਬਰਨਾਲਾ, ਪੰਜਾਬ – 148101
**ਈ-ਮੇਲ**: krantipal@hotmail.com

ਇਹ ਬਹੁਤ ਖ਼ੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਰਾਮ ਸਰੂਪ ਅਣਖੀ ਜੀ ਦੁਆਰਾ ਸ਼ੁਰੂ ਕੀਤੇ ਗਏ ਪੰਜਾਬੀ ਦੇ ਮਸ਼ਹੂਰ ਤੇ ਪ੍ਰਤਿਸ਼ਠਾਵਾਨ ਰਸਾਲੇ 'ਕਹਾਣੀ ਪੰਜਾਬ' ਦਾ ਇਸ ਸਾਲ ਦੇ ਅੰਕ ਵਿਚ ਵਿਗਿਆਨ ਗਲਪ ਕਥਾ-ਕਹਾਣੀਆਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਸ਼ਲਾਘਾਯੋਗ ਉੱਦਮ ਲਈ 'ਕਹਾਣੀ ਪੰਜਾਬ' ਦੇ ਸੰਪਾਦਕ ਸ੍ਰੀ ਕਰਾਂਤੀਪਾਲ, ਸਹਿ-ਸੰਪਾਦਕ ਜਸਵਿੰਦਰ ਕੌਰ ਵੀਨੂੰ ਤੇ ਸਮੁੱਚੀ ਟੀਮ ਧੰਨਵਾਦ ਤੇ ਵਧਾਈ ਦੇ ਪਾਤਰ ਹਨ। 'ਕਹਾਣੀ ਪੰਜਾਬ' ਦੇ ਸੰਪਾਦਕ ਸ੍ਰੀ ਕਰਾਂਤੀਪਾਲ ਅਨੁਸਾਰ ਪੰਜਾਬੀ ਵਿਚ ਵਿਗਿਆਨ ਗਲਪ ਬਹੁਤ ਘੱਟ ਲਿਖਿਆ ਗਿਆ ਹੈ ਤੇ ਅਨੁਵਾਦਿਤ ਵਿਗਿਆਨ ਗਲਪ ਨੂੰ ਵੀ ਬਹੁਤਾ ਗੌਲ਼ਿਆ ਨਹੀਂ ਗਿਆ ਤੇ ਇੰਝ ਲਗਦਾ ਹੈ ਕਿ ਪੰਜਾਬੀ ਪਾਠਕਾਂ ਵਿਚ ਵੀ ਵਿਗਿਆਨ ਕਥਾਵਾਂ ਪੜ੍ਹਨ ਦੀ ਭੁੱਖ ਅਜੇ ਨਹੀਂ ਜਾਗੀ। 'ਕਹਾਣੀ ਪੰਜਾਬ' ਦੇ ਇਸ ਅੰਕ ਵਿਚ ਪੰਜ ਵਿਗਿਆਨ ਕਥਾਵਾਂ: 'ਮਸ਼ੀਨੀ ਅੱਥਰੂ', 'ਤੇਰ੍ਹਵੀਂ ਸੰਤਾਨ', 'ਸੁਨਹਿਰੀ ਤਾਰਾ', 'ਪਾਣੀ ਪਿਤਾ' ਤੇ ਸੂਰਜ ਮੰਡਲ ਤੋਂ ਵਿਸ਼ਾਲ' ਵੰਨਗੀ ਦੇ ਤੌਰ ਤੇ ਸ਼ਾਮਿਲ ਕੀਤੀਆਂ ਗਈਆਂ ਹਨ। ਇਹਨਾਂ ਵਿੱਚੋਂ ਚਾਰ ਕਹਾਣੀਆਂ "ਉਡਾਣ" ਦੇ ਵੱਖ-ਵੱਖ ਅੰਕਾਂ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। "ਉਡਾਣ" ਮੈਗ਼ਜ਼ੀਨ ਦਾ ਮੁੱਖ ਉਦੇਸ਼ ਪੰਜਾਬੀ ਪਾਠਕਾਂ ਨੂੰ ਵਿਗਿਆਨ ਗਲਪ ਤੇ ਰਚਨਾਵਾਂ ਪੜ੍ਹਨ ਲਈ ਉਤਸ਼ਾਹਿਤ ਕਰਨ ਹੈ ਤਾਂ ਜੋ ਉਹਨਾਂ ਅੰਦਰ ਵਿਗਿਆਨ ਦੇ ਅਮੀਰ, ਵਿਭਿੰਨ, ਵਿਸ਼ਾਲ ਤੇ ਨਿਡਰ ਸੰਸਾਰ ਪ੍ਰਤੀ ਉਤਸੁਕਤਾ ਉਤਪੰਨ ਹੋਵੇ ਅਤੇ ਵਿਗਿਆਨ ਦੀ ਤਰੱਕੀ, ਫ਼ਾਇਦੇ, ਨੁਕਸਾਨ, ਬ੍ਰਹਿਮੰਡਕ ਭਾਈਚਾਰੇ ਦਾ ਸੰਦੇਸ਼, ਤੇ ਸਭ ਤੋਂ ਉੱਤੇ ਤਰਕਸ਼ੀਲ ਸੋਚ ਹਰ ਹਿਰਦੇ ਅੰਦਰ ਵਸ ਸਕੇ।

ਲਾਹੌਰ ਵਿਖੇ ਰਹਿੰਦੇ ਤੇ ਪਾਕਿਸਤਾਨ ਸੁਪਰੀਮ ਕੋਰਟ ਦੇ ਵਕੀਲ ਤੇ ਪੰਜਾਬੀ ਲੇਖਕ ਮਖ਼ਦੂਮ ਟੀਪੂ ਸਲਮਾਨ ਦੀ ਕਹਾਣੀ 'ਮਸ਼ੀਨੀ ਅੱਥਰੂ', ਅਕਬਰ ਦੀ ਰੋਬੋਟ ਪਤਨੀ ਬਾਰਬੀ ਦੇ ਅੰਤਰਮਨ ਦੇ ਪਿਆਰ ਤੇ ਸੰਵੇਦਨਾ ਨੂੰ ਜਾਹਰ ਕਰਦੀ ਹੈ। ਆਪਣੀ ਲੜਾਕੂ ਪਤਨੀ ਤੋਂ ਤੰਗ ਹੋ ਕੇ ਅੱਡ ਹੋਇਆ ਅਕਬਰ ਰੋਬੋਟ ਪਤਨੀ ਲੈ ਆਉਂਦਾ ਹੈ ਜੋ ਕਿ ਉਸਦੀ ਹਰ ਗੱਲ ਮੰਨਦੀ ਹੈ, ਉਸਦੀ ਚੰਗੀ ਦੇਖਭਾਲ਼ ਤੇ ਸੇਵਾ ਕਰਦੀ ਹੈ, ਹਮੇਸ਼ਾਂ ਪਿਆਰ ਨਾਲ਼ ਪੇਸ਼ ਆਉਂਦੀ ਹੈ ਤੇ ਕਦੇ ਵੀ ਉਸ ਨਾਲ਼ ਨਹੀਂ ਲੜਦੀ! ਪਰ ਜਦੋਂ ਉਹ ਦੁਬਾਰਾ ਆਪਣੀ ਪਹਿਲੀ ਪਤਨੀ ਆਬਿਦਾ ਨਾਲ਼ ਰਹਿਣਾ ਚਾਹੁੰਦਾ ਹੈ ਤਾਂ ਰੋਬੋਟ ਪਤਨੀ ਬਾਰਬੀ ਫੇਰ ਵੀ ਉਸਨੂੰ ਉਤਸ਼ਾਹਿਤ ਕਰਦੀ ਹੈ। ਪਰ ਅਕਬਰ ਮਨੁੱਖੀ ਪਤਨੀ ਆਬਿਦਾ ਵਾਂਗ ਆਪਣੀ ਰੋਬੋਟ ਪਤਨੀ ਦੇ ਅੰਤਰਮਨ ਨੂੰ ਵੀ ਨਹੀਂ ਸਮਝਦਾ...! ਹਾਲਾਂਕਿ ਇੱਕ ਰੋਬੋਟ ਦਾ ਸੰਵੇਦਨਸ਼ੀਲ ਹੋਣਾ ਅਜੇ ਸੰਭਵ ਨਹੀਂ, ਪਰ ਜਿਸ ਤਰ੍ਹਾਂ ਮਸਨੂਈ ਬੁੱਧੀ (AI) ਨਿੱਤ-ਨਵੀਆਂ ਪੁਲਾਂਘਾ ਪੁੱਟ ਰਹੀ ਹੈ ਉਹ ਦਿਨ ਦੂਰ ਨਹੀਂ ਜਦੋਂ ਭਵਿੱਖ ਵਿਚ ਮਸ਼ੀਨਾਂ ਵੀ ਸੰਵੇਦਨਸ਼ੀਲ ਹੋ ਸਕਦੀਆਂ ਹਨ!

ਅੱਜ-ਕੱਲ੍ਹ ਕਨੇਡਾ ਵੱਸਦੇ ਪੰਜਾਬੀ ਦੇ ਪ੍ਰਸਿੱਧ ਵਿਗਿਆਨ ਗਲਪ ਲੇਖਕ ਡਾ. ਡੀ. ਪੀ. ਸਿੰਘ ਦੀ ਕਹਾਣੀ 'ਸੁਨਹਿਰੀ ਤਾਰਾ', ਦੇਸ਼ ਦੀ ਪਹਿਲੀ ਮਹਿਲਾ ਪੁਲਾੜ ਯਾਤਰੀ ਕਲਪਨਾ ਦੀ ਕਹਾਣੀ ਹੈ। ਡਾ. ਡੀ. ਪੀ. ਸਿੰਘ ਦਾ ਨਾਮ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਉਹਨਾਂ ਵਲੋਂ ਪੰਜਾਬੀ ਵਿਚ ਵਿਗਿਆਨ ਗਲਪ ਤੇ ਹੋਰ ਰਚਨਾਵਾਂ ਲਈ ਕੀਤੇ ਗਏ ਸਿਰੜ ਨੂੰ ਸਲਾਮ ਹੈ! ਉਹਨਾਂ ਨੇ ਬਹੁਤ ਹੀ ਸੰਜੀਦਾ ਤਰੀਕੇ ਨਾਲ਼ ਕਲਪਨਾ ਦੀ ਕਹਾਣੀ ਦਾ ਬਿਰਤਾਂਤ ਉਸਦੇ ਪਿਤਾ ਜੀ ਰਾਂਹੀ ਬਿਆਨ ਕੀਤਾ ਹੈ। ਉਹ ਟਿਮਟਿਮਾਉਂਦੇ ਤਾਰਿਆਂ ਵਾਲ਼ੇ ਅੰਬਰ ਦੇ ਵਿਚ ਪੁਲਾੜੀ ਵਾਹਣ ਨੂੰ ਦੇਖਦੇ ਹੋਏ ਕਲਪਨਾ ਦੇ ਬਚਪਨ ਨੂੰ ਯਾਦ ਕਰਦੇ ਹਨ ਕਿ ਕਿਵੇਂ ਬਚਪਨ ਤੋਂ ਹੀ ਕਲਪਨਾ ਦਾ ਅੰਬਰ ਵਿਚ ਉਡਾਰੀਆਂ ਭਰਨ ਦਾ ਸੁਪਨਾ ਸੀ, ਜੋ ਉਸਨੇ ਆਪਣੀ ਅਣਥੱਕ ਮਿਹਨਤ ਨਾਲ਼ ਸਰਅੰਜਾਮ ਕੀਤਾ ਸੀ। ਪਰ, ਅਫ਼ਸੋਸ ਕਿ ਪੁਲਾੜ ਸ਼ਟਲ ਪ੍ਰਿਥਵੀ ਦੇ ਵਾਯੂਮੰਡਲ ਵਿਚ ਵਾਪਸੀ ਦੌਰਾਨ ਦੁਰਘਟਨਾਗ੍ਰਸਤ ਹੋ ਗਈ ਅਤੇ ਕਲਪਨਾ ਸਮੇਤ ਸਾਰੇ ਪੁਲਾੜ ਯਾਤਰੀ ਲਿਵ ਵਿਚ

ਵਿਲੀਨ ਹੋ ਗਏ। ਪਰ ਕਪਲਨਾ ਦੇ ਪਿਤਾ ਜੀ ਰਤਾ ਵੀ ਨਹੀਂ ਘਬਰਾਉਂਦੇ ਸਗੋਂ ਮਾਣ ਮਹਿਸੂਸ ਕਰਦੇ ਹਨ ਕਿ ਉਹਨਾਂ ਦੀ ਬੇਟੀ ਹਨੇਰੇ ਅੰਬਰ ਦਾ ਸੁਨਹਿਰੀ ਤਾਰਾ ਬਣ ਗਈ! ਇਹ ਕਹਾਣੀ ਪੜ੍ਹ ਕੇ ਹਰ ਇੱਕ ਭਾਰਤ ਵਾਸੀ ਦਾ ਸਿਰ ਵੀ ਫ਼ਖਰ ਨਾਲ਼ ਹੋਰ ਉੱਚਾ ਹੋ ਜਾਂਦਾ ਹੈ!

ਨਵੇਂ ਉੱਭਰ ਰਹੇ ਨੌਜਵਾਨ ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਦੀ ਕਹਾਣੀ 'ਪਾਣੀ-ਪਿਤਾ' ਵਿਚ ਲੇਖਕ ਪੰਜਾਬ ਵਿਚ ਦਿਨੋ-ਦਿਨ ਖਤਮ ਤੇ ਗੰਧਲੇ ਹੋ ਰਹੇ ਪਾਣੀ ਕਰਕੇ ਕਸ਼ਟ ਭੋਗ ਰਹੇ ਲੋਕਾਂ ਦੀ ਦਾਸਤਾਨ ਬਿਆਨ ਕਰਦਾ ਹੈ। ਕਿਵੇਂ ਮਨੁੱਖ ਦੀ ਲਾਪਰਵਾਹੀ ਤੇ ਪਾਣੀ ਦੀ ਦੁਰਵਰਤੋਂ ਕਰਕੇ ਪਾਣੀ ਖਤਮ ਹੋ ਜਾਂਦਾ ਹੈ ਤੇ ਲੋਕ ਕਿਵੇਂ ਪਾਣੀ ਦੀ ਬੂੰਦ-ਬੂੰਦ ਲਈ ਤਰਸਦੇ ਹਨ। ਪਹਿਲਾਂ ਕਿਸੇ ਨੇ ਵੀ ਵਾਤਾਵਰਣ ਪ੍ਰੇਮੀਆਂ ਦੀ ਗੱਲ ਨਹੀਂ ਸੁਣੀ ਤੇ ਕੁਦਰਤੀ ਸੋਮਿਆਂ ਤੇ ਪਾਣੀ ਨੂੰ ਬਚਾਉਣ ਦਾ ਕੋਈ ਹੀਲਾ ਨਹੀਂ ਕੀਤਾ। ਹੁਣ ਲੋਕ ਇੱਕ ਬੂੰਦ ਪਾਣੀ ਵਾਸਤੇ ਇੱਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ ਹਨ! ਦੁਖੀ ਮਾਪੇ ਆਪਣੇ ਬੱਚਿਆਂ ਨੂੰ ਪਾਣੀ ਲਈ ਤੜਪਦੇ ਨਹੀਂ ਦੇਖ ਸਕਦੇ ਪਰ ਬੱਚੇ ਜ਼ਹਿਰੀਲਾ ਪਾਣੀ ਪੀਣਾ ਨਹੀਂ ਚਾਹੁੰਦੇ! ਇਹ ਕਹਾਣੀ ਸਾਨੂੰ ਪ੍ਰੇਰਣਾ ਦਿੰਦੀ ਹੈ ਕਿ ਅਜੇ ਵੀ ਸੰਭਲਣ ਸਮਾਂ ਹੈ ਜੇ ਅਸੀਂ ਰੁੱਖ ਲਗਾ ਕੇ ਵਾਤਾਵਰਣ ਨੂੰ ਸਵੱਛ ਕਰਨ ਵਿਚ ਯੋਗਦਾਨ ਪਾਈਏ, ਪਾਣੀ ਦੀ ਦੁਰਵਰਤੋਂ ਰੋਕੀਏ ਤੇ ਸਭ ਤੋਂ ਉੱਪਰ ਗੁਰਬਾਣੀ ਦੇ ਫ਼ੁਰਮਾਨ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਨੂੰ ਸਮਝੀਏ ਤੇ ਵਰਤੋਂ ਵਿਚ ਲਿਆਈਏ, ਸਿਰਫ ਸੁਣ ਕੇ ਅਣਸੁਣਿਆ ਨਾ ਕਰੀਏ!

ਅਮਰੀਕਾ ਵੱਸਦੇ ਬਾਇਓਟੈੱਕ ਵਿਗਿਆਨੀ ਤੇ ਲੇਖਕ ਅਮਰਜੀਤ ਕੌਰ ਪੰਨੂ ਦੀ ਕਹਾਣੀ 'ਤੇਰ੍ਹਵੀਂ ਸੰਤਾਨ' ਵਿਗਿਆਨ ਦੇ ਨਵੇਂ ਤੇ ਨਿਡਰ ਸੰਸਾਰ ਬਾਰੇ ਬਿਆਨ ਕਰਦੀ ਹੈ ਜਿੱਥੇ ਮਨੁੱਖੀ ਕਲੋਨਿੰਗ ਆਮ ਗੱਲ ਹੈ, ਤੇ ਉਸਦੀ ਫ਼ਸਲ ਸੋਇਆਂ ਵਾਂਗ ਵਧਦੀ ਹੈ ਜਿਸਨੂੰ ਜਿੰਨਾ ਕੱਟਿਆ ਜਾਵੇ ਉਹ ਉੱਨੀ ਹੀ ਦੁੱਗਣੀ ਹੁੰਦੀ ਹੈ। ਪਰ ਸਰਮਾਏਦਾਰ ਕੰਪਨੀਆਂ ਦੇ ਲਾਲਚ ਤੇ ਅਣਗਹਿਲੀ ਕਰਕੇ ਉਹਨਾਂ ਵਿਚ ਵੀ ਘਾਤਕ ਬਦਲਾਅ (ਮਿਉਟੇਸ਼ਨ) ਆਉਣ ਲਗਦੇ ਹਨ ਤੇ ਉਹਨਾਂ ਦੇ ਚਿਹਰੇ-ਮੁਹਰੇ ਤੇ ਹੱਥ-ਪੈਰ ਟੇਢੇ-ਮੇਢੇ ਹੋਣ ਲਗਦੇ ਹਨ। ਡਾ: ਸੂਜ਼ੀ ਦੀ ਕੰਪਨੀ ਤੇ ਦੂਜੀਆਂ ਕੰਪਨੀਆਂ ਉਸਦਾ ਤੋੜ ਲੱਭਣ ਲਈ ਤਤਪਰ ਹਨ ਪਰ ਉਹ ਹੈਰਾਨ ਹੋ ਜਾਂਦੇ ਹਨ ਕਿ ਕਿਵੇਂ ਆਪਸ ਵਿਚ ਲੜਦਾ-ਮਰਦਾ ਮਨੁੱਖੀ ਜਨੂੰਨ ਤੇ ਸਵਾਰਥ ਇਤਿਹਾਸ ਵਿੱਚ ਇੱਕ ਖ਼ੂਨੀ ਸਦੀ ਸਿਰਜ ਦਿੰਦਾ ਹੈ ਜਦੋਂ ਰੇਡੀਓ ਐਕਟੀਵਿਟੀ ਨਾਲ ਮਿਉਟੇਟ ਹੋ ਕੇ ਇੱਕ ਨਵੇਂ ਵਾਇਰਸ ਦੇ ਹੋਂਦ ਵਿਚ ਆਉਣ ਕਾਰਨ ਮਨੁੱਖੀ ਔਰਤਾਂ ਬਾਂਝ ਹੋਣ ਲੱਗਦੀਆਂ ਹਨ ਤੇ ਮਰਦ ਨਾਮਰਦ! ..ਤੇ ਉਸ ਤੋਂ ਬਾਅਦ ਤਾਂ ਫਿਰ ਕਲੋਨ ਰਾਜ ਸ਼ੁਰੂ ਹੋ ਜਾਂਦਾ ਹੈ। ਉਸਦੀਆਂ ਅੱਲਗ-ਅਲੱਗ ਕਿਸਮਾਂ ਤੇ ਸੰਤਾਨਾਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਮੇਰੇ ਦੁਆਰਾ ਰਚਿਤ ਪੰਜਾਬੀ ਦੀ ਪਹਿਲੀ ਵਿਗਿਆਨ ਗਲਪ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆ ਦੀ ਦਾਸਤਾਨ' ਵਿੱਚੋਂ ਇੱਕ ਮੇਰੀ ਆਪਣੀ ਮਨਪਸੰਦ ਕਹਾਣੀ 'ਸੂਰਜ ਮੰਡਲ ਤੋਂ ਵਿਸ਼ਾਲ' ਵੀ ਸ਼ਾਮਿਲ ਹੈ ਜਿਸ ਵਿੱਚ ਮਨੁੱਖਤਾ ਮੰਗਲ ਗ੍ਰਹਿ ਤੇ ਜਾ ਡੇਰਾ ਲਾਉਂਦੀ ਹੈ ਤੇ ਇੱਕ ਸ਼ਹਿਰ ਵਸਾਉਣ ਵਿਚ ਕਾਮਯਾਬ ਹੋ ਜਾਂਦੀ ਹੈ। ਪਰ ਉਸ ਸ਼ਹਿਰ ਨੂੰ ਮੰਗਲ ਗ੍ਰਹਿ 'ਤੇ ਆਉਣ ਵਾਲ਼ੇ ਸੰਭਾਵੀ ਖ਼ਤਰਿਆਂ ਤੋਂ ਬਚਾਉਂਣ ਦੀ ਵੀ ਲੋੜ ਹੈ, ਜਿਸ ਕੰਮ ਲਈ ਪ੍ਰਿਥਵੀ ਤੋਂ ਰਣਤੇਜ ਨੂੰ ਕਮਾਂਡਰ ਨਿਯੁਕਤ ਕਰਕੇ ਭੇਜਿਆ ਜਾਂਦਾ ਹੈ। ...ਤੇ ਇੱਕ ਦਿਨ ਅਜਿਹਾ ਸਮਾਂ ਵੀ ਆ ਜਾਂਦਾ ਹੈ ਜਦੋਂ ਸੱਚਮੁੱਚ ਮੰਗਲ ਗ੍ਰਹਿ 'ਤੇ ਘੁੱਗ ਵੱਸਦੇ ਸ਼ਹਿਰ 'ਤੇ ਇੱਕ ਸੰਭਾਵੀ ਖ਼ਤਰਾ ਆ ਜਾਂਦਾ ਹੈ, ਜੋ ਕਿ ਨਾ ਪ੍ਰਿਥਵੀ ਦੇ ਕਿਸੇ ਦੇਸ਼ ਜਾਂ ਮਨੁੱਖਾਂ ਵਲੋਂ ਹੁੰਦਾ ਹੈ ਤੇ ਨਾ ਹੀ ਕਿਸੇ ਬਾਹਰੀ ਗ੍ਰਹਿ ਵਲੋਂ, ਸਗੋਂ ਇੱਕ ਕੁਦਰਤੀ ਆਫ਼ਤ ਹੁੰਦੀ ਹੈ, ਅਤੇ ਜਿਸ ਤੋਂ ਮੰਗਲ ਗ੍ਰਹਿ ਨੂੰ ਬਚਾਉਣ ਲਈ ਰਣਤੇਜ ਆਪਣੀ ਜਾਨ ਦੀ ਬਾਜ਼ੀ ਲਗਾ ਦਿੰਦਾ ਹੈ!

ਇਸਤੋਂ ਇਲਾਵਾ 'ਕਹਾਣੀ ਪੰਜਾਬ' ਪੰਜਾਬ ਵਿਚ ਹੋਰ ਵੀ ਬਹੁਤ ਵਧੀਆ ਤੇ ਰੌਚਿਕ ਸਾਹਿਤਕ ਸਮਗਰੀ ਸ਼ਾਮਿਲ ਹੈ, ਜਿਸ ਵਿਚ ਅਮਰਜੀਤ ਸਿੰਘ ਮਾਨ ਤੇ ਹਰਪਾਲ ਸਿੰਘ ਪੰਨੂ ਲਿਖਤ ਸੀਰਤ ਨਿਗਾਰੀ (ਰੇਖਾ ਚਿੱਤਰ), ਵਰਿਆਮ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਡਾ. ਹਰਮਿੰਦਰ ਸਿੰਘ ਬੇਦੀ ਦੀਆਂ ਯਾਦਾਂ, ਵਿਰਾਸਤ ਸਿਰਲੇਖ ਹੇਠ ਮੁਲਖ ਸਿੰਘ ਦੁਆਰਾ ਅਨੁਵਾਦ ਕੀਤੀ ਗਈ ਲਿਖਤੁਮ ਅਸਗ਼ਰ ਵਜਾਹਤ ਦੀਆਂ ਛੋਟੀਆਂ-ਛੋਟੀਆਂ ਰਚਨਾਵਾਂ, ਜਸਪਾਲ ਸਿੰਘ ਸਿੱਧੂ, ਦੀਪ ਜਗਦੀਪ ਸਿੰਘ ਦੇ ਸੰਵਾਦ ਤੇ ਵੀਨੂੰ ਦੁਆਰਾ ਅਨੁਵਾਦਿਤ ਬੰਗਾਲੀ ਲੇਖਕ ਰਾਮਨਾਥ ਰਾਏ ਦਾ ਨਾਵਲੈਟ 'ਮਾਣਯੋਗ ਮੁਖ ਮੰਤਰੀ' ਸ਼ਾਮਿਲ ਹੈ।

ਪੰਜਾਬੀ ਤੇ ਵਿਗਿਆਨ ਨਾਲ਼ ਪਿਆਰ ਕਰਨ ਵਾਲ਼ੇ ਸਾਰੇ ਪਾਠਕਾਂ ਨੂੰ ਇਹ ਮੈਗਜ਼ੀਨ ਜ਼ਰੂਰ ਪੜ੍ਹਨਾ ਚਾਹੀਦਾ ਹੈ। ਜਿੱਥੇ ਇਸ ਵਿਚਲੀਆਂ ਕਹਾਣੀਆਂ ਪਾਠਕ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆਂ ਉਸਨੂੰ ਵਿਗਿਆਨ ਦੀ ਅਦੁੱਤੀ ਦੁਨੀਆਂ ਵਿਚ ਲੈ ਜਾਂਦੀਆਂ ਹਨ ਉੱਥੇ ਉਸਨੂੰ ਵਿਗਿਆਨ ਦੇ ਚੰਗੇ ਤੇ ਮਾੜੇ ਪ੍ਰਭਾਵਾਂ ਵਾਰੇ ਵੀ ਸੋਚਣ ਲਈ ਮਜ਼ਬੂਰ ਕਰ ਦਿੰਦਿਆਂ ਹਨ। ਉਮੀਦ ਹੈ ਇਹ ਕਹਾਣੀਆਂ ਪੜ੍ਹ ਕੇ ਪਾਠਕਾਂ ਦੇ ਮਨ ਵਿਚ ਪੰਜਾਬੀ ਵਿਗਿਆਨ ਗਲਪ ਪੜ੍ਹਨ ਦੀ ਉਤਸੁਕਤਾ ਜਾਗਰੂਕ ਹੋਏਗੀ!



# ਉਡਾਣ

## ਪੰਜਾਬੀ ਵਿਗਿਆਨ ਗਲਪ ਮੈਗ਼ਜ਼ੀਨ

### ਬੱਚਿਆਂ ਦਾ ਕੋਨਾ

# ਗ਼ਰਦਿਸ਼

**ਅਮਨਦੀਪ ਸਿੰਘ**

ਅੱਜ ਵਿਗਿਆਨ ਦੇ ਪੀਰੀਅਡ ਵਿਚ ਸਿਰਫ ਇਕੱਲੇ ਅਧਿਆਪਕ ਸਾਹਿਬ ਹੀ ਨਹੀਂ ਸਗੋਂ ਉਹਨਾਂ ਨਾਲ਼ ਇੱਕ ਖ਼ਾਸ ਮਹਿਮਾਨ ਵੀ ਆਏ ਸਨ।

ਵਿਗਿਆਨ ਅਧਿਆਪਕ ਸੁਨੀਲ ਅਰੋੜਾ ਨੇ ਬੱਚਿਆਂ ਨੂੰ ਸੰਬੋਧਿਤ ਕਰਦਿਆਂ ਕਿਹਾ - 'ਬੱਚਿਓ, ਅੱਜ ਦਾ ਦਿਨ ਬਹੁਤ ਹੀ ਖ਼ਾਸ ਹੈ ਕਿਉਂਕਿ ਅੱਜ ਸਾਡੇ ਦਰਮਿਆਨ ਪ੍ਰੋਫ਼ੈਸਰ ਚੰਦਰ ਸ਼ੇਖਰ ਜੀ ਆਏ ਹਨ ਜੋ ਕਿ ਅਮਰਿਕਾ ਵਿਖੇ ਨਾਸਾ ਵਿਚ ਇੱਕ ਵਿਗਿਆਨਕ ਹਨ। ਅੱਜ ਇਹ ਆਪ ਜੀ ਨਾਲ਼ ਵਿਗਿਆਨ ਦੀਆਂ ਗੱਲਾਂ ਕਰਨਗੇ ਤੇ ਤੁਹਾਡੇ ਸਵਾਲਾਂ ਦੇ ਜਵਾਬ ਵੀ ਦੇਣਗੇ।'

ਸਾਰੇ ਬੱਚਿਆਂ ਨੇ ਖੜ੍ਹੇ ਹੋ ਕਿ ਤਾੜੀਆਂ ਮਾਰ ਕੇ ਸ਼੍ਰੀਮਾਨ ਚੰਦਰ ਸ਼ੇਖਰ ਦਾ ਸੁਆਗਤ ਕੀਤਾ।


'ਪਿਆਰੇ ਬੱਚਿਓ, ਅੱਜ ਮੈਂ ਤੁਹਾਡੇ ਨਾਲ਼ ਬ੍ਰਹਿਮੰਡ, ਸਿਤਾਰਿਆਂ ਤੇ ਗ੍ਰਹਿਆਂ ਦੀ ਗ਼ਰਦਿਸ਼ ਬਾਰੇ ਨਵੀਂ ਜਾਣਕਾਰੀ ਸਾਂਝੀ ਕਰਾਂਗਾ। ਪਰ ਉਸਤੋਂ ਪਹਿਲਾਂ ਮੈਂ ਤੁਹਾਨੂੰ ਇੱਕ ਸਵਾਲ ਪੁੱਛਦਾ ਹਾਂ। ਕੀ ਪ੍ਰਿਥਵੀ ਤੇ ਹੋਰ ਗ੍ਰਹਿ ਸੂਰਜ ਦੇ ਗਿਰਦ ਘੁੰਮਦੇ ਹਨ ਜਾਂ ਕਿ ਸੂਰਜ ਤੇ ਹੋਰ ਗ੍ਰਹਿ ਪ੍ਰਿਥਵੀ ਦੇ ਗਿਰਦ ਘੁੰਮਦੇ ਹਨ?'

ਸਾਰੇ ਬੱਚੇ ਹੈਰਾਨ ਰਹਿ ਗਏ ਕਿ ਇਹ ਤਾਂ ਬਹੁਤ ਹੀ ਸੌਖਾ ਪ੍ਰਸ਼ਨ ਹੈ।

'ਸਭ ਲੋਕ ਜਾਣਦੇ ਹਨ ਕਿ ਪ੍ਰਿਥਵੀ ਤੇ ਹੋਰ ਗ੍ਰਹਿ ਸੂਰਜ ਦੇ ਗਿਰਦ ਚੱਕਰ ਕੱਟਦੇ ਹਨ।' ਮੋਨੂੰ ਨੇ ਬੜੇ ਨਿਸ਼ਚੇ ਨਾਲ਼ ਉੱਤਰ ਦਿੱਤਾ।

'ਇਹ ਠੀਕ ਉੱਤਰ ਹੈ।' ਪ੍ਰੋਫ਼ੈਸਰ ਚੰਦਰ ਸ਼ੇਖਰ ਨੇ ਕਿਹਾ - 'ਪਰ ਇਹ ਪੂਰਾ ਸੱਚ ਨਹੀਂ ਹੈ। ਬ੍ਰਹਿਮੰਡ ਵਿਚ ਗ੍ਰਹਿ ਤੇ ਸਿਤਾਰੇ ਅਸਲ ਵਿਚ ਆਪਣੇ ਇੱਕ ਸਾਂਝੇ ਪੁੰਜ ਦੇ ਕੇਂਦਰ ਗਿਰਦ ਘੁੰਮਦੇ ਹਨ, ਜਿਸਨੂੰ ਬੈਰੀਸੈਂਟਰ (Barycenter) ਕਹਿੰਦੇ ਹਨ। ਹਰ ਇੱਕ ਵਸਤੂ ਦਾ ਇੱਕ ਪੁੰਜ ਜਾਂ ਗੁਰੂਤਾਕਰਸ਼ਣ ਕੇਂਦਰ ਹੁੰਦਾ ਹੈ। ਉਹਨਾਂ ਨੇ ਇੱਕ ਫੁੱਟਾ ਕੱਢਿਆ ਤੇ ਬੱਚਿਆਂ ਨੂੰ ਦੱਸਿਆ - 'ਇਸ ਫੁੱਟੇ ਦਾ ਗੁਰੂਤਾਕਰਸ਼ਣ ਕੇਂਦਰ ਇਸਦੇ ਵਿਚਕਾਰ ਹੈ।'

ਫੇਰ ਉਹਨਾਂ ਨੇ ਇੱਕ ਹਥੌੜੀ ਕੱਢ ਕੇ ਦਿਖਾਈ ਤੇ ਬੱਚਿਆਂ ਨੂੰ ਪੁੱਛਿਆ - 'ਭਲਾ ਦੱਸੋ ਇਸਦਾ ਗੁਰੂਤਾਕਰਸ਼ਣ ਕੇਂਦਰ ਕਿੱਥੇ ਹੈ?'





ਸਾਰੇ ਬੱਚੇ ਹੈਰਾਨ ਤੇ ਚੁੱਪ ਸਨ।

ਰਾਜੂ ਨੇ ਝਿਜਕਦਿਆਂ ਕਿਹਾ - 'ਹਥੌੜੀ ਦੇ ਕੇਂਦਰ ਵਿਚ ਹੀ ਹੋਵੇਗਾ?'

'ਕੋਈ ਹੋਰ?' ਪ੍ਰੋਫ਼ੈਸਰ ਸਾਹਿਬ ਬੋਲੇ।

ਸਭ ਬੱਚੇ ਚੁੱਪ ਸਨ।




'ਬੱਚਿਓ, ਇਸ ਹਥੌੜੀ ਦਾ ਗੁਰੂਤਾਕਰਸ਼ਣ ਕੇਂਦਰ ਹਥੌੜੀ ਦੇ ਸਿਰ ਦੇ ਵਿਚਕਾਰ ਹੈ ਕਿਉਂਕਿ ਉਸਦਾ ਪੁੰਜ ਜ਼ਿਆਦਾ ਹੈ ਤੇ ਉਹ ਇਸਦੇ ਇੱਕ ਪਾਸੇ ਹੈ। ਜਿਸ ਤਰ੍ਹਾਂ ਜਦੋਂ ਤੁਸੀਂ ਸੀ-ਸਾ ਉੱਤੇ ਖੇਡਦੇ ਹੋ ਤਾਂ ਉਸਦਾ ਬੈਰੀਸੈਂਟਰ ਜਾਂ ਗੁਰੂਤਾਕਰਸ਼ਣ ਕੇਂਦਰ ਉੱਥੇ ਹੋਵੇਗਾ ਜਿੱਥੇ ਦੋਵੇਂ ਬੱਚਿਆਂ ਦਾ ਔਸਤਨ ਭਾਰ ਹੋਵੇਗਾ। ਤੁਸੀਂ ਸਭ ਜਾਣਦੇ ਹੋ ਕਿ ਜੇ ਇੱਕ ਪਾਸੇ ਭਾਰਾ ਬੱਚਾ ਤੇ ਦੂਜੇ ਪਾਸੇ ਹਲਕਾ ਬੱਚਾ ਬੈਠੇ ਤਾਂ ਸੀ-ਸਾ ਕਿੱਧਰ ਝੁਕੇਗਾ?'

ਸਾਰੇ ਬੱਚੇ ਉਸਦਾ ਤਸੱਵੁਰ ਕਰਕੇ ਹੱਸਣ ਲੱਗੇ।


'ਆਓ ਹੁਣ ਜਾਣੀਏ ਕਿ ਸੌਰਮੰਡਲ ਦਾ ਬੈਰੀਸੈਂਟਰ ਕਿੱਥੇ ਹੈ? ਕਿਉਂਕਿ ਸੂਰਜ ਦਾ ਪੁੰਜ ਪ੍ਰਿਥਵੀ ਤੋਂ ਲੱਖਾਂ ਗੁਣਾ ਜ਼ਿਆਦਾ ਹੈ ਤੇ ਪ੍ਰਿਥਵੀ ਉਸਦੇ ਮੁਕਾਬਲੇ ਬਹੁਤ ਛੋਟੀ ਹੈ। ਇਸਦਾ ਮਤਲਬ ਇਹ ਹੋਇਆ ਕਿ ਸੂਰਜ ਤੇ ਪ੍ਰਿਥਵੀ ਦਾ ਬੈਰੀਸੈਂਟਰ ਹਥੌੜੀ ਦੇ ਸਿਰ ਵਾਂਗ ਸੂਰਜ ਦੇ ਕੇਂਦਰ ਦੇ ਕੋਲ਼ ਹੈ। ਇਸੇ ਕਰਕੇ ਪ੍ਰਿਥਵੀ ਸੂਰਜ ਦੇ ਗਿਰਦ ਗ਼ਰਦਿਸ਼ ਕਰਦੀ ਹੈ। ਪਰ, ਬ੍ਰਹਿਸਪਤੀ ਜਿਸਦਾ ਪੁੰਜ ਪ੍ਰਿਥਵੀ ਤੋਂ 318 ਗੁਣਾ ਜ਼ਿਆਦਾ ਹੈ। ਇਸ ਕਰਕੇ ਬ੍ਰਹਿਸਪਤੀ ਤੇ ਸੂਰਜ ਦੋਵਾਂ ਦਾ ਬੈਰੀਸੈਂਟਰ ਸੂਰਜ ਤੋਂ ਥੋੜ੍ਹਾ ਜਿਹਾ ਬਾਹਰ ਹੈ!' ਪ੍ਰੋਫ਼ੈਸਰ ਚੰਦਰ ਸ਼ੇਖਰ ਕਹਿ ਰਹੇ ਸਨ, 'ਸੌਰ ਮੰਡਲ ਦਾ ਆਪਣਾ ਵੀ ਬੈਰੀਸੈਂਟਰ ਹੈ ਜੋ ਕਿ ਸੂਰਜ, ਸਾਰੇ ਗ੍ਰਹਿਆਂ, ਉਪਗ੍ਰਹਿਆਂ, ਅਕਾਸ਼ੀਪਿੰਡਾਂ ਤੇ ਹੋਰ ਸਭ ਚੀਜ਼ਾਂ ਦੇ ਸਾਂਝੇ ਪੁੰਜ ਦਾ ਕੇਂਦਰ ਹਾਂ। ਸੂਰਜ, ਪ੍ਰਿਥਵੀ ਤੇ ਹੋਰ ਸਭ ਗ੍ਰਹਿ ਉਸ ਸਾਂਝੇ ਬੈਰੀਸੈਂਟਰ ਦੇ ਦੁਆਲ਼ੇ ਗ਼ਰਦਿਸ਼ ਕਰਦੇ ਹਨ।'

ਸਭ ਬੱਚੇ ਅੱਜ ਬਹੁਤ ਖ਼ੁਸ਼ ਸਨ ਕਿਉਂਕਿ ਅੱਜ ਉਹਨਾਂ ਨੂੰ ਵਿਗਿਆਨ ਦੇ ਪੀਰੀਅਡ ਵਿਚ ਬਹੁਤ ਹੀ ਖ਼ਾਸ ਤੇ ਵਿਲੱਖਣ ਜਾਣਕਾਰੀ ਪ੍ਰਾਪਤ ਹੋਈ!

ਉਸਤੋਂ ਬਾਅਦ ਪ੍ਰੋਫ਼ੈਸਰ ਚੰਦਰ ਸ਼ੇਖਰ ਬੱਚਿਆਂ ਨਾਲ਼ ਕਾਫ਼ੀ ਦੇ ਗੱਲਬਾਤ ਕਰਦੇ ਰਹੇ ਤੇ ਉਹਨਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਉਹਨਾਂ ਨੇ ਨਾਸਾ ਦਾ ਮਿਸ਼ਨ ਵੀ ਦੱਸਿਆ,'ਅਮਰੀਕਾ ਦੀ ਨਾਸਾ ਸੰਸਥਾ ਹਵਾ ਤੇ ਪੁਲਾੜ ਵਿਚ ਅਣਜਾਣ ਰਹੱਸਾਂ ਨੂੰ ਖੋਜਦੀ ਹੈ, ਲੋਕਾਂ ਦੇ ਭਲੇ ਲਈ ਨਵੀਆਂ ਕਾਢਾਂ ਕੱਢਦੀ ਹੈ ਅਤੇ ਆਪਣੀਆਂ ਖੋਜਾਂ ਨਾਲ਼ ਕੁਲ ਦੁਨੀਆਂ ਨੂੰ ਪ੍ਰੇਰਣਾ ਦਿੰਦੀ ਹੈ!'

ਫੇਰ ਉਹਨਾਂ ਨੇ ਨਾਸਾ ਸਪੇਸਪਲੇਸ ਦਾ ਮਿਸ਼ਨ ਵੀ ਦੱਸਿਆ, '1998 ਵਿਚ ਸ਼ੁਰੂ ਕੀਤੀ ਗਈ ਸਪੇਸਪਲੇਸ ਦਾ ਮਿਸ਼ਨ 9-12 ਸਾਲ ਦੇ ਬੱਚਿਆਂ ਲਈ ਪੁਲਾੜ ਤੇ ਧਰਤੀ ਵਿਗਿਆਨ ਬਾਰੇ ਸਿੱਖਿਆ ਨੂੰ ਮਜ਼ੇਦਾਰ ਖੇਡਾਂ, ਪ੍ਰਯੋਗਿਕ ਗਤੀਵਿਧੀਆਂ ਅਤੇ ਛੋਟੇ ਵੀਡੀਓ ਦੇ ਮਾਧਿਅਮ ਰਾਹੀਂ ਸੌਖਾ ਤੇ ਰੁਝਾਉ ਬਣਾਉਣਾ ਹੈ।'

ਉਹਨਾਂ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ,'ਜੇ ਤੁਸੀਂ ਮਨ ਲਗਾ ਕੇ ਵਿਗਿਆਨ ਦੀ ਪੜ੍ਹਾਈ ਕਰੋਗੇ ਤਾਂ ਤੁਸੀਂ ਵੀ ਨਾਸਾ ਵਰਗੀਆਂ ਸੰਸਥਾਵਾਂ ਵਿਚ ਕੰਮ ਕਰ ਸਕਦੇ ਹੋ ਤੇ ਮਨੁੱਖਤਾ ਦੇ ਭਲੇ ਲਈ ਨਵੀਆਂ ਖੋਜਾਂ ਵਿਚ ਯੋਗਦਾਨ ਪਾ ਸਕਦੇ ਹੋ।' https://spaceplace.nasa.gov/barycenter/





# ਇਕ ਨਵਾਂ ਸੂਰਜ

ਡਾ. ਦੇਵਿੰਦਰ ਪਾਲ ਸਿੰਘ

ਪਹੁ-ਫੁਟਾਲਾ ਹੁੰਦਿਆਂ ਹੀ ਚਿੜ੍ਹੀਆਂ ਦੀ ਚਹਿਚਹਾਹਟ ਸੱਭ ਪਾਸੇ ਫੈਲ ਗਈ।

ਇਸ ਰੌਲੇ-ਰਪੇ ਨੇ ਅੰਮ੍ਰਿਤ ਨੂੰ ਜਗਾ ਦਿੱਤਾ। ਅੱਧ-ਖੁਲੀਆਂ ਅੱਖਾਂ ਰਾਹੀਂ ਉਸ ਦੇਖਿਆ; ਖਿੜਕੀ ਰਾਹੀਂ ਲਾਲ ਰੌਸ਼ਨੀ ਕਮਰੇ ਅੰਦਰ ਭਰਦੀ ਜਾ ਰਹੀ ਸੀ। ਅੱਖਾਂ ਮਲਦਿਆਂ ਉਸਨੇ ਆਲੇ ਦੁਆਲੇ ਝਾਤ ਮਾਰੀ।

ਅਜਬ ਦ੍ਰਿਸ਼ ਸੀ ਇਹ। ਕਮਰੇ ਦੀਆਂ ਕੰਧਾਂ, ਛੱਤ ਤੇ ਫ਼ਰਸ਼ ਲਾਲ ਰੰਗ ਨਾਲ ਰੰਗੇ ਨਜ਼ਰ ਆ ਰਹੇ ਸਨ। ਹੋਰ ਤਾਂ ਹੋਰ ਉਸ ਦੇ ਬਿਸਤਰਾ, ਸਿਰਹਾਣਾ ਅਤੇ ਸਿਰਹਾਣੇ

ਕੋਲ ਪਈ ਬਾਰਬੀ (ਗੁੱਡੀ) ਤੇ ਟੈਡੀ (ਭਾਲੂ) ਵੀ ਲਾਲ ਹੀ ਨਜ਼ਰ ਆ ਰਹੇ ਸਨ।......ਤੇ ਇਹ ਕੀ? ਉਸ ਦੇ ਸਟੱਡੀ ਟੇਬਲ, ਕੁਰਸੀ ਤੇ ਛੱਤ ਵਾਲੇ ਪੱਖੇ ਉੱਤੇ ਵੀ ਕਿਸੇ ਨੇ ਰਾਤੋ ਰਾਤ ਲਾਲ ਪੇਂਟ ਕਰ ਦਿੱਤਾ ਸੀ।

'ਕੀ ਉਹ ਸੁਪਨਾ ਤਾਂ ਨਹੀਂ ਦੇਖ ਰਹੀ?' ਉਸ ਸੋਚਿਆ। ਉਸ ਨੇ ਜਲਦੀ ਜਲਦੀ 'ਟਿਊਬ ਲਾਇਟ' ਆਨ ਲਈ ਸਵਿਚ ਦੱਬ ਦਿੱਤਾ। ਪਰ ਇਹ ਵੀ ਤਾਂ ਲਾਲ ਰੌਸ਼ਨੀ ਹੀ ਖਿਲਾਰ ਰਹੀ ਸੀ। ਉਹ ਘਬਰਾ ਗਈ। ਡਰ ਤੇ ਘਬਰਾਹਟ ਕਾਰਣ ਬਿਸਤਰੇ 'ਚੋਂ ਫਟਾਫਟ ਛਾਲ ਮਾਰ ਉਹ ਮੰਮੀ ਦੇ ਕਮਰੇ ਵੱਲ ਨੂੰ ਦੌੜ ਪਈ।

ਅੰਮ੍ਰਿਤ ਦੇ ਕਮਰੇ ਵਿਚਲੀ ਹਲਚਲ ਤੋਂ ਮੰਮੀ ਨੂੰ ਪਤਾ ਲੱਗ ਚੁੱਕਾ ਸੀ ਕਿ ਅੰਮ੍ਰਿਤ ਜਾਗ ਗਈ ਹੈ ਤੇ ਉਹ ਉਸ ਦੇ ਕਮਰੇ ਵੱਲ ਹੀ ਆ ਰਹੀ ਸੀ। ਤੇਜ਼ੀ ਨਾਲ ਨੱਠੀ ਆ ਰਹੀ ਅੰਮ੍ਰਿਤ, ਮੰਮੀ ਨਾਲ ਜਾ ਟਕਰਾਈ।

'ਬੇਟਾ! ਕੀ ਗੱਲ ਹੈ?' ਮੰਮੀ ਨੇ ਅੰਮ੍ਰਿਤ ਨੂੰ ਗਲਵਕੜੀ ਵਿਚ ਲੈਂਦਿਆਂ ਪੁੱਛਿਆ।

'ਮੰਮੀ!.......ਮੰਮੀ!.......ਮੈਨੂੰ ਸੱਭ ਕੁਝ ਲਾਲ ਲਾਲ ਕਿਉਂ ਨਜ਼ਰ ਆ ਰਿਹਾ ਹੈ?' ਮਾਰੇ ਘਬਰਾਹਟ ਦੇ ਅੰਮ੍ਰਿਤ ਦੇ ਬੋਲ ਨਹੀਂ ਸਨ ਨਿਕਲ ਰਹੇ।

ਤਦ ਹੀ ਉਸ ਮੰਮੀ ਵੱਲ ਦੇਖਿਆ ਤੇ ਡਾਢੀ ਪ੍ਰੇਸ਼ਾਨ ਹੋ ਗਈ। ਉਹ ਜਾਣਦੀ ਦੀ ਕਿ ਮੰਮੀ ਨੂੰ ਤਾਂ ਲਾਲ ਰੰਗ ਪਸੰਦ ਨਹੀਂ ਹੈ ਪਰ ਇਹ ਕੀ? ਅੱਜ ਤਾਂ ਮੰਮੀ ਨੇ ਲਾਲ ਰੰਗ ਦੀ ਨਾਇਟੀ ਪਹਿਨੀ ਹੋਈ ਸੀ। ਹੋਰ ਤਾਂ ਹੋਰ ਮੰਮੀ ਦਾ ਰੰਗ ਵੀ ਗੂੜ੍ਹਾ ਲਾਲ ਹੀ ਨਜ਼ਰ ਆ ਰਿਹਾ ਸੀ। ਸ਼ੁਕਰ ਹੈ ਉਸ ਦੇ ਵਾਲ ਪਹਿਲਾਂ ਵਾਂਗ ਕਾਲੇ ਹੀ ਸਨ। ਅਜੀਬ

ਹਾਲਤ ਦੇਖ ਅੰਮ੍ਰਿਤ ਦਾ ਤਾਂ ਰੋਣਾ ਹੀ ਨਿਕਲ ਗਿਆ।

'ਬੇਟਾ! ਘਬਰਾ ਨਾ।' ਮੰਮੀ ਨੇ ਅੰਮ੍ਰਿਤ ਨੂੰ ਹਿੱਕ ਨਾਲ ਘੁੱਟਦਿਆਂ ਕਿਹਾ। 'ਅੱਜ ਸੱਭ ਨੂੰ ਹਰ ਸ਼ੈਅ ਲਾਲ ਹੀ ਨਜ਼ਰ ਆ ਰਹੀ ਹੈ। ਹੁਣੇ ਹੁਣੇ ਟੀ.ਵੀ. 'ਤੇ ਖ਼ਬਰ ਆਈ ਹੈ ਕਿ ਦੁਨੀਆਂ ਭਰ ਵਿਚ ਹੀ ਅਜਿਹੇ ਹਾਲਾਤ ਹਨ। ਪਰ ਡਰਨ ਵਾਲੀ ਕੋਈ ਗੱਲ ਨਹੀਂ। ਆਸ ਹੈ ਸੱਭ ਕੁਝ ਜਲਦੀ ਹੀ ਠੀਕ ਹੋ ਜਾਵੇਗਾ।'

ਮੰਮੀ ਦੀ ਪਿਆਰ ਭਰੀ ਗਲਵਕੜੀ ਤੇ ਧਰਵਾਸ ਭਰੇ ਬੋਲਾਂ ਨੇ ਅੰਮ੍ਰਿਤ ਦੀ ਘਬਰਾਹਟ ਹੁਣ ਘੱਟ ਕਰ ਦਿੱਤੀ ਸੀ। ਉਹ ਥੋੜ੍ਹੇ ਹੌਂਸਲੇ ਨਾਲ ਇਧਰ ਉਧਰ ਦੇਖਣ ਲੱਗੀ।

ਤਦ ਹੀ ਉਸ ਦੀ ਨਜ਼ਰ ਕੁਝ ਦੂਰ ਖੜੇ ਅਜਬ ਕਤੂਰੇ 'ਤੇ ਪਈ ਜਿਸ ਦੀ ਲਾਲ ਜੱਤ ਉੱਤੇ ਕਾਲੇ ਧੱਬੇ ਨਜ਼ਰ ਆ ਰਹੇ ਸਨ।

'ਮੰਮੀ! ਮੰਮੀ! ਉਹ ਦੇਖੋ।' ਅੰਮ੍ਰਿਤ ਨੇ ਉਸ ਵੱਲ ਇਸ਼ਾਰਾ ਕਰਦਿਆਂ ਕਿਹਾ।

'ਇਹ ਤਾਂ ਆਪਣਾ ਜੈਕੀ ਹੈ।' ਮੰਮੀ ਹੱਸ ਕੇ ਬੋਲੀ। 'ਹੋਰ ਚੀਜ਼ਾਂ ਵਾਂਗ ਇਹ ਵੀ ਲਾਲ ਹੋ ਗਿਆ ਹੈ।....... ਚੱਲ ਛੱਡ, ਹੁਣ ਤੂੰ ਮੂੰਹ-ਹੱਥ ਧੋ ਲੈ, ਤਦ ਤਕ ਮੈਂ ਤੇਰੇ ਲਈ ਨਾਸ਼ਤਾ ਤਿਆਰ ਕਰਦੀ ਹਾਂ।' ਕਹਿੰਦਿਆਂ ਮੰਮੀ ਰਸੋਈ ਵੱਲ ਚਲੀ ਗਈ।

ਬਾਥਰੂਮ 'ਚ ਪਹੁੰਚ ਅੰਮ੍ਰਿਤ ਨੇ ਦੇਖਿਆ; ਉਸ ਦੇ ਬਾਥਰੂਮ ਦਾ ਬਦਾਮੀ ਰੰਗਾ ਵਾਸ਼-ਬੇਸਿਨ ਅੱਜ ਗੂੜ੍ਹਾ ਲਾਲ ਨਜ਼ਰ ਆ ਰਿਹਾ ਸੀ ਤੇ ਸਲੇਟੀ ਰੰਗੀ ਪਾਣੀ ਵਾਲੀ ਟੂਟੀ ਗੂੜ੍ਹੀ ਕਾਲੀ। ਜਿਵੇਂ ਹੀ ਉਸ ਟੂਟੀ ਖੋਲ੍ਹੀ, ਉਸ ਵਿਚੋਂ ਗੁਲਾਬੀ ਪਾਣੀ ਦੀ ਧਾਰ ਵਗ ਤੁਰੀ।

ਗੁਲਾਬੀ ਪਾਣੀ ਨਾਲ ਮੂੰਹ ਧੋਣਾ ਉਸ ਨੂੰ ਅਜੀਬ ਲੱਗ ਰਿਹਾ ਸੀ। 'ਜਿਵੇਂ ਕੋਈ ਰੂਹ-ਅਫ਼ਜਾ (ਸ਼ਰਬਤ) ਨਾਲ ਮੂੰਹ ਧੋ ਰਿਹਾ ਹੋਵੇ।' ਸੋਚ ਉਹ ਹੱਸ ਪਈ।

ਹੁਣ ਤਕ ਉਸ ਦਾ ਡਰ ਕਾਫ਼ੀ ਲੱਥ ਚੁੱਕਾ ਸੀ ਤੇ ਇਸ ਨਵੀਂ ਹਾਲਤ ਦਾ ਥੋੜ੍ਹਾ ਥੋੜ੍ਹਾ ਮਜ਼ਾ ਵੀ ਆਉਣ ਲੱਗ ਪਿਆ ਸੀ। ਉਸ ਨੇ ਬਾਥਰੂਮ ਦੀ ਖਿੜਕੀ 'ਚੋਂ ਬਾਹਰ ਝਾਂਕਿਆ।

ਗੁਲਾਬੀ ਅੰਬਰ ਵਿਚ, ਸੁਰਖ਼ ਲਾਲ ਸੂਰਜ ਚਾਰੋ ਪਾਸੇ ਲਾਲ ਧੁੱਪ ਖਿਲਾਰ ਰਿਹਾ ਸੀ।

ਘਰ ਸਾਹਮਣਲੀ ਸੜਕ ਉੱਤੇ ਮੌਜੂਦ ਰੁੱਖ ਕਾਲੇ ਸਿਆਹ ਨਜ਼ਰ ਆ ਰਹੇ ਸਨ। ਇਨ੍ਹਾਂ ਰੁੱਖਾਂ ਉੱਤੇ ਬੈਠੇ ਪੰਛੀ ਤਾਂ ਦਿਖਾਈ ਹੀ ਨਹੀਂ ਸਨ ਦੇ ਰਹੇ। 'ਲੱਗਦਾ ਹੈ ਕਿ ਪੱਤਿਆਂ ਦੇ ਕਾਲੇ ਰੰਗ ਵਾਂਗ ਹੀ ਪੰਛੀਆਂ ਦਾ ਰੰਗ ਵੀ ਕਾਲਾ ਹੀ ਹੋ ਗਿਆ ਹੈ। ਸ਼ਾਇਦ ਇਸੇ ਲਈ

ਉਹ ਨਜ਼ਰ ਨਹੀਂ ਆ ਰਹੇ।' ਅੰਮ੍ਰਿਤ ਦੀ ਸੋਚ ਸੀ।

ਸਾਹਮਣਲੇ ਘਰ ਦੀ ਛੱਤ ਉੱਤੇ ਮੌਜੂਦ ਕਾਲੇ ਐਂਟੀਨੇ ਉੱਤੇ ਬੈਠੇ ਕਾਲੇ ਕਾਂ ਆਮ ਵਾਂਗ ਹੀ ਕਾਂ ਕਾਂ ਕਰ ਰਹੇ ਸਨ। ਗੁਲਾਬੀ ਅੰਬਰ ਦੀ ਪਿਛੋਕੜ ਵਾਲੇ ਕਾਲੇ ਘਰਾਂ, ਕਾਲੇ ਰੁੱਖਾਂ ਅਤੇ ਕਾਲੇ ਪੰਛੀਆਂ ਦਾ ਦ੍ਰਿਸ਼ ਅਜਬ ਭੈ ਪੈਦਾ ਕਰ ਰਿਹਾ ਸੀ। ਅੰਮ੍ਰਿਤ ਭੌਂਚਕੀ ਹੋਈ ਇਧਰ ਉਧਰ ਦੇਖ ਰਹੀ ਸੀ।

'ਆ ਵੀ ਜਾ ਬੇਟਾ! ਨਾਸ਼ਤਾ ਠੰਢਾ ਹੋ ਰਿਹਾ ਹੈ।' ਮੰਮੀ ਦੀ ਆਵਾਜ਼ ਸੀ।

'ਆਈ, ਮੰਮੀ!' ਜਲਦੀ ਜਲਦੀ ਹੱਥ-ਮੂੰਹ ਧੋ ਅੰਮ੍ਰਿਤ ਡਾਇਨਿੰਗ ਟੇਬਲ ਕੋਲ ਪੁੱਜ ਗਈ।

ਗੁਲਾਬੀ ਬਰੈੱਡ ਉੱਤੇ ਲਾਲ ਜੈਮ ਤਾਂ ਠੀਕ ਠਾਕ ਹੀ ਸੀ। ਪਰ ....... ਲਾਲ ਦੁੱਧ....... ਦੇਖ ਅੰਮ੍ਰਿਤ ਨੇ ਅਜੀਬ ਜਿਹਾ ਮੂੰਹ ਬਣਾਇਆ। 'ਮੈਂ ਨਹੀਂ ਪੀਣਾ ਇਹ।'ਉਹ ਬੋਲੀ।

'ਪਰ ਕੀ ਮੁਸ਼ਕਲ ਹੈ ਇਸ ਵਿਚ?' ਮੰਮੀ ਬੋਲੀ। 'ਜ਼ਰਾ ਸੋਚ ਜੇ ਸੱਭ ਕੁਝ ਸਦਾ ਲਈ ਲਾਲ ਹੀ ਹੋ ਜਾਵੇ ਤਾਂ ਸਾਨੂੰ ਸੱਭ ਨੂੰ ਲਾਲ ਦੁੱਧ, ਲਾਲ ਚਾਵਲ, ਲਾਲ ਰੋਟੀ, ਲਾਲ ਗੋਭੀ ਤੇ ਲਾਲ ਸ਼ਲਗਮ ਹੀ ਖਾਣ ਲਈ ਮਿਲਣਗੇ। ਹਾਂ ਵੈਰਾਇਟੀ ਲਈ ਕਦੇ ਕਦੇ ਕਾਲੀ ਦਾਲ, ਕਾਲੀ ਭਿੰਡੀ ਤੇ ਕਾਲੇ ਮਟਰ ਵੀ ਖਾਣ ਨੂੰ ਮਿਲ ਸਕਦੇ ਨੇ।....... ਤੇ ਭਲਾ ਬਿਨ੍ਹਾਂ ਖਾਧੇ ਪੀਤੇ ਵੀ ਕੋਈ ਜ਼ਿੰਦਾ ਰਹਿ ਸਕਦਾ ਹੈ? ਨਹੀਂ ਨਾ। ਚਲ ਫਿਰ ਹੁਣ ਦੁੱਧ ਪੀ ਲੈ ਫਟਾਫਟ।'

'ਮੰਮੀ! ਪਾਪਾ ਕਿਥੇ ਨੇ?' ਮੰਮੀ ਅੱਗੇ ਜ਼ੋਰ ਨਾ ਚਲਦਾ ਦੇਖ ਅੰਮ੍ਰਿਤ ਨੂੰ ਪਾਪਾ ਦਾ ਖਿਆਲ ਆ ਗਿਆ।

'ਦਹੀਂ ਲੈਣ ਗਏ ਨੇ ਬਾਜ਼ਾਰ ਤੋਂ। ਆਉਂਦੇ ਹੀ ਹੋਣੇ ਨੇ।.........ਚੱਲ ਤੂੰ ਦੁੱਧ ਮੁਕਾ ਜਲਦੀ ਜਲਦੀ।' ਕਹਿ ਮੰਮੀ ਆਪਣੇ ਕੰਮ ਵਿਚ ਰੁਝ ਗਈ।

ਅੰਮ੍ਰਿਤ ਨੇ ਦੁਵਿਧਾ ਵਿਚ ਹੀ ਦੁੱਧ ਦਾ ਘੁੱਟ ਭਰਿਆ। 'ਉਫ਼! ਉਸ ਨੂੰ ਉਲਟੀ ਆ ਜਾਵੇਗੀ....... ।' ਉਸ ਦਾ ਡਰ ਸੀ। 'ਪਰ ਦੁੱਧ ਦੇ ਸਵਾਦ ਵਿਚ ਤਾਂ ਕੋਈ ਫ਼ਰਕ ਨਹੀਂ ਸੀ।' ਘੁੱਟ ਭਰਦਿਆਂ ਹੀ ਉਸ ਮਹਿਸੂਸ ਕੀਤਾ। ਉਹ ਹੈਰਾਨ ਸੀ ਕਿ ਸਿਰਫ਼ ਰੰਗ ਬਦਲ ਜਾਣ ਕਾਰਣ ਹੀ ਉਸ ਦੀ ਦੁੱਧ ਪੀਣ ਦੀ ਇੱਛਾ ਕਿਉਂ ਮਰ ਗਈ? ਜਦ ਕਿ ਉਸ ਨੂੰ ਦੁੱਧ ਪੀਣਾ ਤਾਂ ਬਹੁਤ ਚੰਗਾ ਲੱਗਦਾ ਸੀ।

ਤਦ ਹੀ ਜੈਕੀ ਘੁਰ ਘੁਰ ਕਰਦਾ ਉਸ ਦੇ ਪੈਰਾਂ ਵਿਚ ਆ ਲੇਟਿਆ। ਸ਼ਾਇਦ ਉਸ ਨੂੰ ਦੁੱਧ ਦੀ ਗੰਧ ਆ ਗਈ ਸੀ। ਉਸ ਦੀ ਪ੍ਰਤੀਕ੍ਰਿਆ ਦੇਖਣ ਲਈ, ਅੰਮ੍ਰਿਤ ਨੇ ਥੋੜ੍ਹਾ ਜਿਹਾ ਦੁੱਧ ਉਸ ਅੱਗੇ ਡੋਲ੍ਹ ਦਿੱਤਾ। ਪਰ ਇਹ ਕੀ? ਬਿਨ੍ਹਾਂ ਕੋਈ ਹੈਰਾਨੀ ਦਿਖਾਏ ਜੈਕੀ ਦੁੱਧ ਨੂੰ ਫਟਾਫਟ ਚਟਮ ਕਰ ਗਿਆ। 'ਉਸ ਨੂੰ ਤਾਂ ਕੋਈ ਫ਼ਰਕ ਨਹੀਂ ਲੱਗਿਆ।' ਅੰਮ੍ਰਿਤ ਦੀ ਸੋਚ ਸੀ।

ਤਦ ਹੀ ਉਸ ਨੂੰ ਪਾਪਾ ਦੀ ਦੱਸੀ ਗੱਲ ਯਾਦ ਆਈ ਕਿ ਕੁੱਤੇ ਤੇ ਬਿੱਲੀਆਂ, ਰੌਸ਼ਨੀ ਦੇ ਸੱਤੋ ਰੰਗ ਦੇਖਣ ਦੇ ਸਮਰਥ ਨਹੀਂ ਹੁੰਦੇ। ਉਨ੍ਹਾਂ ਨੂੰ ਤਾਂ ਸਿਰਫ਼ ਗੂੜ੍ਹਾ ਸਲੇਟੀ ਰੰਗ ਹੀ ਦਿਖਾਈ ਦਿੰਦਾ ਹੈ। 'ਤਦ ਤਾਂ ਜੈਕੀ, ਰੋਜ਼ ਵਾਂਗ, ਅੱਜ ਵੀ ਦੁੱਧ ਨੂੰ ਸਲੇਟੀ ਰੰਗਾ ਹੀ ਦੇਖ ਰਿਹਾ ਹੋਵੇਗਾ। ਤਦੇ ਹੀ ਇਸ ਨੇ ਕੋਈ ਹੈਰਾਨੀ ਜ਼ਾਹਿਰ ਨਹੀਂ ਕੀਤੀ।' ਉਸ ਦਾ ਖਿਆਲ ਸੀ। ਤੇ ਫਿਰ ਉਹ, ਸਿਰਫ਼ ਦੁੱਧ ਦੇ ਸੁਆਦ ਬਾਰੇ ਹੀ ਸੋਚਦਿਆਂ, ਹੌਲੇ ਹੌਲੇ ਦੁੱਧ ਦੀਆਂ ਚੁਸਕੀਆਂ ਭਰਨ ਲੱਗ ਪਈ।

ਤਦ ਹੀ ਉਸ ਦੀ ਨਜ਼ਰ ਡਾਇਨਿੰਗ ਟੇਬਲ ਉੱਤੇ ਰੱਖੇ ਅਖ਼ਬਾਰ ਉੱਤੇ ਪਈ। ਸੁਰਖ਼ ਲਾਲ ਕਾਗਜ਼ ਉੱਤੇ ਕਾਲੇ ਅੱਖਰਾਂ ਦੀ ਇਬਾਰਤ ਪੜ੍ਹਨੀ ਕਾਫ਼ੀ ਔਖੀ ਲੱਗ ਰਹੀ ਸੀ।

ਅਖ਼ਬਾਰ ਵਿਚ ਪਹਿਲਾਂ ਵਰਗੇ ਰੰਗ-ਬਿਰੰਗੇ ਚਿੱਤਰਾਂ ਦੀ ਥਾਂ ਸਿਰਫ਼ ਕਾਲੇ ਤੇ ਲਾਲ ਚਿੱਤਰ ਹੀ ਨਜ਼ਰ ਆ ਰਹੇ ਸਨ। 'ਅਜਿਹੀ ਅਖ਼ਬਾਰ ਪੜ੍ਹਨਾ ਤਾਂ ਬਹੁਤ ਔਖਾ ਕੰਮ ਹੈ।'

ਉਹ ਬੁੜਬੁੜਾਈ ਤੇ ਬੇਦਿਲੀ ਨਾਲ ਉਸ ਨੇ ਅਖ਼ਬਾਰ ਪਰ੍ਹੇ ਰੱਖ ਦਿੱਤਾ।

'ਬੇਟਾ! ਅੱਜ ਸਕੂਲ ਜਾਣ ਦੀ ਲੋੜ ਨਹੀਂ।' ਰਸੋਈ 'ਚੋਂ ਬਾਹਰ ਆ ਰਹੀ ਮੰਮੀ ਦੇ ਬੋਲ ਸਨ।

'ਕਿਉਂ? ਮੰਮੀ!'

'ਰੇਡੀਓ 'ਤੇ ਹੁਣੇ ਹੁਣੇ ਖ਼ਬਰ ਆਈ ਹੈ ਕਿ ਜਦ ਤਕ ਰੰਗਾਂ ਦੀ ਸਥਿਤੀ ਪਹਿਲਾਂ ਵਰਗੀ ਨਹੀਂ ਹੋ ਜਾਂਦੀ, ਸਾਰੇ ਸਕੂਲ, ਕਾਲਜ ਤੇ ਹੋਰ ਅਦਾਰੇ ਬੰਦ ਰਹਿਣਗੇ।'

'ਓਹ!......ਪਰ ਅਜਿਹਾ ਹੋਵੇਗਾ ਕਦ ਤਕ?'

'ਪਤਾ ਨਹੀਂ! ਖ਼ਬਰ ਹੈ ਕਿ ਖੋਜੀ ਇਸ ਹਾਲਤ ਦੇ ਕਾਰਣ ਤੇ ਹੱਲ ਲੱਭਣ ਵਿਚ ਜੁਟੇ ਹੋਏ ਹਨ। ਦੇਖੋ ਕਿੰਨ੍ਹਾਂ ਸਮਾਂ ਲੱਗਦਾ ਹੈ!'

ਤਦ ਹੀ ਪਾਪਾ ਆ ਗਏ। ਗੁਲਾਬੀ ਕੁਰਤਾ-ਪਜਾਮਾ ਪਹਿਨੀ ਪਾਪਾ ਖੁਦ ਵੀ ਗੂੜ੍ਹੇ ਲਾਲ ਨਜ਼ਰ ਆ ਰਹੇ ਸਨ। ਅੰਮ੍ਰਿਤ ਜਾਣਦੀ ਸੀ ਕਿ ਪਾਪਾ ਨੂੰ ਤਾਂ ਹਮੇਸ਼ਾ ਚਿੱਟਾ ਕੁਰਤਾ-ਪਜਾਮਾ ਪਹਿਨਣਾ ਹੀ ਚੰਗਾ ਲੱਗਦਾ ਹੈ। ਪਰ ਅੱਜ ਇਹ ਸੱਭ ਕੁਝ ਬਦਲ ਕੇ ਗੁਲਾਬੀ ਰੂਪ ਧਾਰ ਚੁੱਕਾ ਸੀ।

ਹੱਥਲਾ ਪੈਕਟ ਮੇਜ਼ ਉੱਤੇ ਰੱਖਦੇ ਹੋਏ ਪਾਪਾ ਬੋਲੇ, 'ਬਾਜ਼ਾਰ ਵਿਚ ਤਾਂ ਅੱਜ ਅਜਬ ਹਾਲਾਤ ਸਨ। ਅਜੀਬ ਅਜੀਬ ਚੀਜ਼ਾਂ ਵਿਕ ਰਹੀਆਂ ਸਨ। ਹਲਵਾਈ ਦੀ ਦੁਕਾਨ 'ਤੇ ਤਾਂ ਗੁਲਾਬੀ ਬਰਫ਼ੀ, ਲਾਲ ਮਿਲਕ ਕੇਕ, ਕਾਲਾ ਬੇਸਨ ਤੇ ਗੁਲਾਬੀ ਕਲਾਕੰਦ ਵਿਕ ਰਿਹਾ ਸੀ। ਕੱਪੜਾ ਵੇਚਣ ਵਾਲੇ ਵੀ ਹਤਾਸ਼ ਹੋਏ ਬੈਠੇ ਸਨ....... ਉਨ੍ਹਾਂ ਦੇ ਸਾਰੇ ਥਾਨਾਂ ਦਾ ਰੰਗ

ਬਦਲ ਕੇ ਸਿਰਫ਼ ਲਾਲ ਜਾਂ ਕਾਲਾ ਹੀ ਰਹਿ ਗਿਆ ਸੀ। ਕਿਧਰੇ ਲਾਲ ਕੱਪੜੇ 'ਤੇ ਕਾਲਾ ਪ੍ਰਿੰਟ ਛੱਪਿਆ ਹੋਇਆ ਸੀ ਤੇ ਕਿਧਰੇ ਕਾਲੇ ਕੱਪੜੇ 'ਤੇ ਲਾਲ ਪ੍ਰਿੰਟ।

ਸਬਜ਼ੀ ਮੰਡੀ ਦੇ ਹਾਲਾਤ ਤਾਂ ਹੋਰ ਵੀ ਖ਼ਰਾਬ ਸਨ। ਕੋਈ ਟਮਾਟਰ ਦੇ ਭੁਲੇਖੇ ਲਾਲ ਸ਼ਲਗਮਾਂ ਨੂੰ ਹੱਥ ਪਾ ਰਿਹਾ ਸੀ ਤੇ ਕੋਈ ਗਾਜਰਾਂ ਦੇ ਭੁਲੇਖੇ ਲਾਲ ਮੂਲੀਆਂ ਚੁੱਕੀ ਜਾ ਰਿਹਾ ਸੀ।....... ਹੁਣ ਤਾਂ ਕਾਲੇ ਬੇਰਾਂ ਤੇ ਜਾਮੁਨਾਂ ਵਿਚ ਫ਼ਰਕ ਕਰਨਾ ਵੀ ਮੁਸ਼ਕਲ ਹੋ ਗਿਆ ਹੈ। ਲਾਲ ਕੇਲੇ, ਲਾਲ ਸੰਤਰੇ, ਗੁਲਾਬੀ ਗੋਭੀ ਤਾਂ ਫਿਰ ਵੀ ਠੀਕ ਹੈ ਪਰ ਕਾਲੇ ਪਿਆਜ਼, ਕਾਲੇ ਆਲੂ ਤੇ ਕਾਲੇ ਸਾਗ ਵੱਲ ਤਾਂ ਦੇਖਣ ਨੂੰ ਦਿਲ ਵੀ ਨਹੀਂ ਕਰਦਾ।'

'ਕਾਲਾ ਸਾਗ? ਹਾਏ ਰੱਬਾ! ਕਾਲਾ ਸਾਗ ਕੌਣ ਖਾਏਗਾ ਭਲਾ?' ਮੰਮੀ, ਜਿਸ ਨੂੰ ਸਾਗ ਖਾਣਾ ਬਹੁਤ ਪਸੰਦ ਸੀ, ਦੇ ਪ੍ਰੇਸ਼ਾਨੀ ਭਰੇ ਬੋਲ ਸਨ।

'ਸ਼ਹਿਰ ਵਿਚ ਆਵਾਜਾਈ ਦੀ ਮਨਾਹੀ ਕਰ ਦਿੱਤੀ ਗਈ ਹੈ। ਸਕੂਲ, ਕਾਲਜ ਤੇ ਲਗਪਗ ਸਾਰੇ ਅਦਾਰੇ ਹੀ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ।' ਪਾਪਾ ਦੱਸ ਰਹੇ ਸਨ।

'ਹਾਂ! ਹਾਂ! ਮੈਂ ਵੀ ਰੇਡੀਓ ਤੋਂ ਇਹੋ ਹੀ ਸੁਣਿਆ ਹੈ।' ਮੰਮੀ ਨੇ ਪਾਪਾ ਦੀ ਗੱਲ ਦੀ ਹਾਮੀ ਭਰਦੇ ਹੋਏ ਕਿਹਾ।

'ਸ਼ੁਕਰ ਹੈ ਰੇਡੀE ਤੇ ਟੀ.ਵੀ. ਅਜੇ ਕੰਮ ਕਰ ਰਹੇ ਹਨ। ਦੁਨੀਆ ਦੇ ਹਾਲਾਤਾਂ ਬਾਰੇ ਪਤਾ ਤਾਂ ਲੱਗਦਾ ਰਹੇਗਾ ਕਿ ਕਿਥੇ ਕੀ ਹੋ ਰਿਹਾ ਹੈ ਤੇ ਅਜਿਹੇ ਹਾਲਾਤ ਕੱਦ ਤਕ ਬਣੇ

ਰਹਿਣਗੇ? ਚਲੋ ਦੇਖਦੇ ਹਾਂ ਟੀਵੀ ਵਾਲੇ ਕੀ ਕਹਿ ਰਹੇ ਨੇ।' ਕਹਿੰਦੇ ਹੋਏ ਪਾਪਾ ਡਰਾਇੰਗ ਰੂਮ ਵੱਲ ਚੱਲ ਪਏ। ਮੰਮੀ ਦੀ ਉਂਗਲੀ ਫੜੀ ਅੰਮ੍ਰਿਤ ਵੀ ਪਿੱਛੇ ਪਿੱਛੇ ਤੁਰ ਪਈ।

ਟੀਵੀ ਦਾ ਸਵਿੱਚ ਆਨ ਕਰਦੇ ਹੀ ਇਸ ਦੀ ਸਕਰੀਨ ਲਾਲ ਤੇ ਕਾਲੇ ਚਿੱਤਰਾਂ ਨਾਲ ਸਜੀਵ ਹੋ ਗਈ। ਟੀਵੀ ਦਾ ਅਨਾਂਊਸਰ, ਕਾਲਾ ਸੂਟ ਪਹਿਨੀ ਖ਼ਬਰਾਂ ਪੜ੍ਹ ਰਿਹਾ ਸੀ।

ਖ਼ਬਰਾਂ ਸਨ.........

- ਗੁਜਰਾਤ ਦੀਆਂ ਕੱਪੜਾ ਮਿੱਲਾਂ ਤੇ ਰੰਗ ਰੋਗਨ ਵਾਲੀਆਂ ਸਾਰੀਆਂ ਕੰਪਨੀਆਂ ਹੀ ਬੰਦ ਹੋਣ ਦੇ ਕੰਗਾਰ 'ਤੇ ਪੁੱਜ ਗਈਆਂ ਹਨ। ਕਿਉਂ ਕਿ ਦੇਸ਼ ਭਰ ਦੀਆਂ ਦੁਕਾਨਾਂ ਤੇ ਗੁਦਾਮਾਂ ਵਿਚ ਪਿਆ ਸਾਰਾ ਕੱਪੜਾ ਤੇ ਰੰਗ-ਰੋਗਨ ਲਾਲ ਹੋ ਗਿਆ ਹੈ ਜਾਂ ਫਿਰ ਕਾਲਾ।

- ਸੱਭ ਜਗਹ ਸਿਰਫ਼ ਲਾਲ ਰੰਗ ਦੀਆਂ ਟਰੈਫਿਕ ਲਾਇਟਾਂ ਹੀ ਕੰਮ ਕਰ ਰਹੀਆਂ ਹਨ। ਜਿਸ ਕਾਰਣ ਟਰੈਫਿਕ ਸਿਗਨਲਾਂ ਦੇ ਅਚਾਨਕ ਹੀ ਬਦਲ ਜਾਣ ਕਾਰਣ ਦੁਨੀਆਂ ਭਰ ਵਿਚ ਲੱਖਾਂ ਹੀ ਐਕਸੀਡੈਂਟ ਹੋ ਗਏ ਹਨ।

- ਟਰੈਫਿਕ ਲਾਇਟਾਂ ਵਿਖੇ ਟਾਇਮਰ ਲਗਾਉਣ ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕੀਤਾ ਜਾ ਚੁੱਕਾ ਹੈ ਤਾਂ ਜੋ ਆਵਾਜਾਈ ਕਾਰਜ ਸਹੀ ਢੰਗ ਨਾਲ ਦੁਬਾਰਾ ਚਾਲੂ ਕੀਤੇ ਜਾ ਸਕਣ।

- ਹਿਮਾਲੀਆ ਪਰਬਤ-ਮਾਲਾ ਦੀਆਂ ਗੁਲਾਬੀ ਬਰਫ਼ ਨਾਲ ਕੱਜੀਆਂ ਟੀਸੀਆਂ ਦੇ ਗੁਲਾਬੀ ਅੰਬਰ ਨਾਲ ਰਲ ਗਡ ਹੋ ਜਾਣ ਕਾਰਨ 20 ਹਵਾਈ ਜਹਾਜ਼ ਇਨ੍ਹਾਂ ਟੀਸੀਆਂ ਨਾਲ ਟਕਰਾ ਕੇ ਤਬਾਹ ਹੋ ਗਏ ਹਨ।

- ਵਿਸ਼ਵ ਭਰ ਵਿਚ 220 ਔਰਤਾਂ ਤੇ 245 ਮਰਦ ਹਰ ਚੀਜ਼ ਦੇ ਲਾਲ ਹੋ ਜਾਣ ਦੇ ਵਰਤਾਰੇ ਕਾਰਣ ਪਾਗਲ ਹੋ ਗਏ ਹਨ।

ਰੰਗਾਂ ਦੇ ਵਰਤਾਰੇ 'ਚ ਗੜਬੜ ਹੋ ਜਾਣ ਕਾਰਣ ਵਾਪਰ ਰਹੀਆਂ ਅਜਬ ਘਟਨਾਵਾਂ ਬਾਰੇ ਸੁਣ ਸਾਰੇ ਹੱਕੇ ਬੱਕੇ ਸਨ।

'ਪਾਪਾ! ਅੱਜ ਤਾਂ ਟੀਵੀ ਵਾਲੇ ਅੰਕਲ ਵੀ ਖ਼ਬਰਾਂ ਰੁਕ ਰੁਕ ਕੇ ਹੀ ਪੜ੍ਹ ਰਹੇ ਹਨ।'

ਸਵਾਲੀਆ ਨਜ਼ਰਾਂ ਨਾਲ ਪਾਪਾ ਵੱਲ ਦੇਖਦੇ ਹੋਏ ਅੰਮ੍ਰਿਤ ਨੇ ਪੁੱਛਿਆ।

'ਹਾਂ! ਲਾਲ ਕਾਗਜ਼ ਤੋਂ ਕਾਲੇ ਅੱਖਰ ਪੜ੍ਹਨਾ ਔਖਾ ਕੰਮ ਜੁ ਹੈ।' ਪਾਪਾ ਦੇ ਬੋਲ ਸਨ।

ਤਦ ਹੀ ਅੰਮ੍ਰਿਤ ਨੇ ਦੇਖਿਆ, ਟੀ.ਵੀ. ਵਾਲੇ ਅਜੀਬ ਅਜੀਬ ਚਿੱਤਰ ਦਿਖਾ ਰਹੇ ਸਨ। ਇਨ੍ਹਾ ਚਿੱਤਰਾਂ ਵਿਚ ਗੁਲਾਬੀ ਦਾੜ੍ਹੀਆਂ ਤੇ ਗੁਲਾਬੀ ਵਾਲਾਂ ਵਾਲੇ ਬਜ਼ੁਰਗ ਕਾਫ਼ੀ ਅਜਬ ਲੱਗ ਰਹੇ ਸਨ।

ਅਨਾਂਊਸਰ ਕਹਿ ਰਿਹਾ ਸੀ:

- ਅਮਰੀਕਾ ਤੇ ਯੂਰਪ ਵਿਚ ਨੌਜੁਆਨਾਂ ਨੂੰ ਦਾੜ੍ਹੀ ਤੇ ਸਿਰ ਦੇ ਵਾਲਾਂ ਨੂੰ

ਗੁਲਾਬੀ ਰੰਗ ਕਰਾਉਣ ਦਾ ਝੱਲ ਸਵਾਰ ਹੋ ਗਿਆ ਹੈ। 'ਹੇਅਰ ਕੇਅਰ' ਦੁਕਾਨਾਂ ਅੱਗੇ ਵਾਲਾਂ ਨੂੰ ਗੁਲਾਬੀ ਰੰਗ ਚੜ੍ਹਾਉਣ ਵਾਲਿਆਂ ਦੀਆਂ ਲਾਇਨਾਂ ਲੱਗੀਆਂ ਹੋਈਆਂ ਹਨ।

- ਚਿੱਤਰਾਂ ਦਾ ਰੰਗ-ਬਿਰੰਗਾਪਣ ਸਿਰਫ਼ ਲਾਲ-ਕਾਲੇ ਰੰਗਾਂ ਵਿਚ ਬਦਲ ਜਾਣ ਕਾਰਣ, ਫ਼ਿਲਮ ਸੰਸਾਰ ਤੇ ਟੀ.ਵੀ. ਅਦਾਰੇ ਗੰਭੀਰ ਸੰਕਟ ਵਿਚ ਆ ਗਏ ਹਨ।

- ਨਵੇਂ ਹਾਲਾਤਾਂ ਵਿਚ ਰੇਡੀਓ ਤੇ ਆਡੀਓ ਸੰਗੀਤ ਮਾਧਿਅਮ ਦਿਲ ਪ੍ਰਚਾਵੇ ਦੇ ਪ੍ਰਮੁੱਖ ਸਾਧਨ ਵਜੋਂ ਉੱਭਰ ਕੇ ਸਾਹਮਣੇ ਆਏ ਹਨ। ਰੇਡੀE ਉਤਪਾਦਨ ਕਾਰਜਾਂ ਦੀ ਪੁਨਰ-ਸੁਰਜੀਤੀ ਆਰੰਭ ਹੋ ਗਈ ਹੈ। ਅਨੇਕ ਕੰਪਨੀਆਂ ਰੇਡੀਓ ਨਿਰਮਾਣ ਕਾਰਜਾਂ ਵਿਚ ਜੁੱਟ ਗਈਆਂ ਹਨ।

- ਸੰਗੀਤ ਦੀ ਦੁਨੀਆਂ ਨੂੰ ਨਵਾਂ ਹੁਲਾਰਾ ਮਿਲਿਆ ਹੈ। ਆਡੀਓ ਕੈਸਿਟਾਂ ਤੇ ਸੀ. ਡੀਜ਼ ਧੜ੍ਹਾ ਧੜ੍ਹ ਵਿਕ ਰਹੀਆਂ ਹਨ। ਬੇਸ਼ਕ ਖ਼ਬਰਾਂ ਲਗਾਤਾਰ ਜਾਰੀ ਸਨ ਪਰ ਟੀ.ਵੀ. ਦੇ ਲਾਲ–ਕਾਲੇ ਚਿੱਤਰਾਂ ਤੋਂ ਅੰਮ੍ਰਿਤ ਜਲਦੀ ਹੀ ਊਬ ਗਈ।

'ਮੰਮੀ! ਮੈਂ ਅਮਨ ਨਾਲ ਖੇਲਣ ਜਾਵਾਂ? ਅੱਜ ਸਕੂਲ ਤਾਂ ਜਾਣਾ ਨਹੀਂ।' ਅੰਮ੍ਰਿਤ ਨੇ ਮੰਮੀ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦਿਆਂ ਕਿਹਾ।

'ਹੂੰ! ਪਰ ਧਿਆਨ ਨਾਲ ਜਾਈ।'

ਮੰਮੀ ਦੀ ਇਜ਼ਾਜਤ ਮਿਲਦਿਆਂ ਹੀ ਅੰਮ੍ਰਿਤ ਛਾਲਾਂ ਮਾਰਦੀ ਹੋਈ ਅਮਨ ਦੇ ਘਰ ਵੱਲ ਚੱਲ ਪਈ।

ਜਿਵੇਂ ਹੀ ਉਸ ਵਿਹੜੇ ਵਿਚ ਪੈਰ ਧਰਿਆ, ਉਸ ਦੇਖਿਆ; 'ਬਗੀਚੇ ਦਾ ਲਿਸ਼-ਲਿਸ਼ ਕਰਦਾ ਹਰਾ ਘਾਹ ਕਾਲਾ ਸਿਆਹ ਰੰਗ ਧਾਰਨ ਕਰ ਚੁੱਕਾ ਸੀ। ਕਿਆਰੀਆਂ ਵਿਚ ਸਿਰਫ ਲਾਲ ਤੇ ਕਾਲੇ ਫੁੱਲ ਹੀ ਨਜ਼ਰ ਆ ਰਹੇ ਸਨ। ਨਾ ਤਾਂ ਪੀਲੀ ਗੁਲਦਾਉਦੀ ਸੀ ਤੇ ਨਾ

ਹੀ ਰੰਗ-ਬਿਰੰਗੇ ਬਾਲਸਮ। ਨਾ ਚਿੱਟੀ ਰਜਨੀਗੰਧਾ ਸੀ ਤੇ ਨਾ ਹੀ ਪੀਲਾ ਗੇਂਦਾ। ਇੰਞ

ਜਾਪ ਰਿਹਾ ਸੀ ਜਿਵੇਂ ਕਿਸੇ ਨੇ ਸਾਰੇ ਹੀ ਫੁੱਲਾਂ ਉੱਤੇ ਲਾਲ ਜਾਂ ਕਾਲਾ ਰੰਗ ਪੋਤ ਦਿੱਤਾ ਹੋਵੇ। ਅੰਮ੍ਰਿਤ ਨੂੰ ਇਹ ਚੰਗਾ ਨਾ ਲੱਗਿਆ।

ਉਸ ਨੇ ਸਾਹਮਣਲੇ ਘਰ ਵੱਲ ਨਜ਼ਰ ਮਾਰੀ। ਸ਼ਰਮਾ ਆਂਟੀ ਦੇ ਵਿਹੜੇ ਵਿਚ ਲਟਕ ਰਹੇ ਪਿੰਜਰੇ ਵਿਚ ਬੈਠਾ 'ਮਿੱਠੂ' ਤੋਤਾ ਤਾਂ ਅੱਜ ਕਾਲਾ ਕਾਂ ਹੀ ਲੱਗ ਰਿਹਾ ਸੀ।

'ਅੰਮ੍ਰਿਤ! ਅੰਮ੍ਰਿਤ!' ਅੰਮ੍ਰਿਤ ਨੂੰ ਦੇਖਦਿਆਂ ਹੀ ਮਿੱਠੂ ਬੋਲਿਆ।

'ਹਾਏ ਮਿੱਠੂ!' ਕਹਿੰਦੀ ਅੰਮ੍ਰਿਤ ਅੱਗੇ ਤੁਰ ਗਈ। ਪਰ ਉਹ ਸੋਚ ਰਹੀ ਸੀ ਕਿ ਰੌਸ਼ਨੀ ਦੇ ਸੱਤ ਰੰਗਾਂ ਵਿਚੋਂ ਛੇ ਦੇ ਗਾਇਬ ਹੋ ਜਾਣ ਕਾਰਣ ਕਿੰਨੀ ਗੜਬੜ੍ਹ ਮਚ ਗਈ ਹੈ। ਸੱਭ ਕੁਝ ਲਾਲ ਜਾਂ ਕਾਲਾ ਹੀ ਨਜ਼ਰ ਆ ਰਿਹਾ ਹੈ।

ਸਵੇਰ ਵੇਲੇ ਅਕਸਰ ਚਹਿਲ ਪਹਿਲ ਭਰੀ ਸੜਕ ਅੱਜ ਪੂਰੀ ਤਰ੍ਹਾਂ ਸੁੰਨ ਮਸਾਨ ਸੀ। ਨਾ ਕੋਈ ਬੱਸ ਨਜ਼ਰ ਆ ਰਹੀ ਸੀ ਤੇ ਨਾ ਹੀ ਕੋਈ ਹੋਰ ਵਾਹਣ। 'ਓਹ! ਆਵਾਜਾਈ ਸਾਧਨਾਂ ਉੱਤੇ ਰੋਕ ਜੁ ਲਗਾ ਦਿੱਤੀ ਹੈ।' ਉਸ ਨੂੰ ਪਾਪਾ ਦੇ ਦੱਸੇ ਬੋਲ ਯਾਦ ਆ ਗਏ ਸਨ।

ਟਰੈਫਿਕ ਸਿਗਨਲ ਕੋਲ ਪਹੁੰਚਦਿਆਂ ਹੀ ਉਹ ਦੇਖਿਆ; ਇਹ ਕੀ? ਲਾਲ ਬੱਤੀ ਤਾਂ ਠੀਕ ਠਾਕ ਹੈ ਪਰ ਹਰੀ ਤੇ ਪੀਲੀ ਬੱਤੀ ਦੀ ਥਾਂ ਕਾਲੀ ਬੱਤੀ? 'ਹੂੰ! ਸਿਗਨਲ ਵੀ ਗੜਬੜ੍ਹ......ਅਜਿਹੇ ਹਾਲਤ ਵਿਚ ਡਰਾਇਵਰ ਵੀ ਭਲਾ ਕੀ ਕਰਣ? ਤਦੇ ਹੀ ਇੰਨੇ ਐਕਸੀਡੈਂਟ ਹੋਏ ਨੇ ਦੁਨੀਆਂ ਭਰ ਵਿਚ.......ਟੀ.ਵੀ. ਵਾਲੇ ਅੰਕਲ ਦੱਸ ਤਾਂ ਰਹੇ ਸਨ।'

ਅੰਮ੍ਰਿਤ ਦੇ ਮਨ ਵਿਚ ਖਿਆਲਾਂ ਦੀ ਲੜੀ ਜਾਰੀ ਸੀ।

'ਵਾਹ! ਓਹ ਥੀਏਟਰ ਤਾਂ ਕਿਸੇ ਨੇ ਰਾਤੋ ਰਾਤ ਹੀ ਲਾਲ ਪੇਂਟ ਕਰ ਦਿੱਤਾ ਹੈ।

ਤੇ ਇਥੇ ਤਾਂ ਕੋਈ ਭੀੜ ਵੀ ਨਹੀਂ ਹੈ ਅੱਜ....... ਵੈਸੇ ਤਾਂ ਇਥੇ ਲੋਕਾਂ ਦਾ ਤਾਂਤਾਂ ਲੱਗਾ ਰਹਿੰਦਾ ਹੈ।' ਸੜਕ ਕਿਨਾਰੇ ਮੌਜੂਦ ਥੀਏਟਰ ਵੱਲ ਝਾਂਕਦਿਆਂ ਅੰਮ੍ਰਿਤ ਦੀ ਸੋਚ ਸੀ। 'ਹੂੰ!

ਜੇ ਲਾਲ ਰੰਗ ਤੋਂ ਇਲਾਵਾ ਸਾਰੇ ਰੰਗ ਗਾਇਬ ਹੋ ਜਾਣ ਤਾਂ ਫਿਰ ਰੰਗੀਨ ਫਿਲਮ ਵਿਚ ਬਾਕੀ ਕੀ ਰਹਿ ਜਾਵੇਗਾ। ਕਾਲੇ ਤੇ ਲਾਲ ਚਿੱਤਰਾਂ ਵਿਚ ਵੰਨ-ਸੁਵੰਨੇ ਰੰਗਾਂ ਵਾਲੀ ਸੁੰਦਰਤਾ ਕਿਥੇ? ਵਿਚਾਰੇ ਥੀਏਟਰ ਵਾਲੇ! ਇਨ੍ਹਾਂ ਦਾ ਤਾਂ ਧੰਦਾ ਹੀ ਚੋਪਟ ਹੋ ਗਿਆ ਲੱਗਦਾ ਹੈ।' ਤੁਰੀ ਜਾ ਰਹੀ ਅੰਮ੍ਰਿਤ ਦੇ ਮਨ ਵਿਚ ਮੌਜੂਦਾ ਹਾਲਾਤ 'ਤੇ ਤਪਸਰਾ ਲਗਾਤਾਰ ਜਾਰੀ ਸੀ।

ਅਮਨ ਦੇ ਘਰ ਪੁਜਦਿਆਂ ਹੀ ਉਹ ਪ੍ਰੇਸ਼ਾਨ ਹੋ ਗਈ। ਇਹ ਕੀ? ਅਮਨ ਦੀ ਵੱਡੀ ਭੈਣ, ਬਰਾਂਡੇ ਵਿਚ ਬੈਠੀ, ਲਾਲ ਸੂਟ ਦੀ ਕਾਲੀ ਕਿਨਾਰੀ ਉਧੇੜਦੀ ਹੋਈ ਡੁਸਕ ਰਹੀ ਸੀ।

'ਕਿਉਂ? ਕੀ ਹੋਇਆ?' ਅਮਨ ਨੂੰ ਮਿਲਦਿਆਂ ਹੀ ਅੰਮ੍ਰਿਤ ਦਾ ਸਵਾਲ ਸੀ।

'ਓਹ! ਅੰਮ੍ਰਿਤ! ਤੈਨੂੰ ਤਾਂ ਪਤਾ ਹੀ ਹੈ ਅਗਲੇ ਮਹੀਨੇ ਦੀਦੀ ਦੀ ਸ਼ਾਦੀ ਹੈ।'

'ਹਾਂ ਤਾਂ। ਪਰ ਉਹ ਰੋ ਕਿਉਂ ਰਹੀ ਹੈ?'

'ਅੱਜ ਜਦ ਦੀਦੀ ਨੇ ਟਰੰਕ ਖੋਲਿਆ ਤਾਂ ਪਤਾ ਲੱਗਾ ਕਿ ਉਸ ਦੇ ਸਾਰੇ ਸੂਟਾਂ ਦਾ ਰੰਗ ਜਾਂ ਤਾਂ ਲਾਲ ਹੋ ਗਿਆ ਹੈ ਜਾਂ ਫਿਰ ਕਾਲਾ। ਸੂਟਾਂ ਉੱਤੇ ਲੱਗਾ ਸੁਨਿਹਰੀ ਗੋਟਾ ਵੀ ਕਾਲਾ ਹੋ ਗਿਆ ਹੈ। ਲਾਲ ਸੂਟ ਉੱਤੇ ਕਾਲਾ ਗੋਟਾ ਚੰਗਾ ਥੋੜਾ ਲੱਗਦਾ ਹੈ ਤੇ ਇੰਨੇ ਸਾਰੇ ਕਾਲੇ ਸੂਟਾਂ ਦਾ ਕੀ ਕਰੀਏ ਭਲਾ?......ਨਾਲੇ ਵਿਆਹ ਮੌਕੇ ਕੋਈ ਕਾਲੇ ਕੱਪੜੇ ਥੋੜਾ ਪਾਉਂਦਾ ਹੈ। ਕਾਲਾ ਰੰਗ ਤਾਂ ਸੋਗ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਨਾ।' ਅਮਨ ਦੇ ਬੋਲ ਸਨ।

'ਹਾਂ! ਹਾਂ! ਬਹੁਤ ਹੀ ਉਲਟ ਪੁਲਟ ਹੋ ਗਿਆ ਹੈ ਅੱਜ ਤਾਂ......ਰੱਬ ਕਰੇ ਹਾਲਾਤ ਜਲਦੀ ਹੀ ਪਹਿਲਾਂ ਵਰਗੇ ਹੋ ਜਾਣ!' ਅੰਮ੍ਰਿਤ ਨੇ ਅਮਨ ਨੂੰ ਧਰਵਾਸ ਦਿੰਦਿਆਂ ਕਿਹਾ।

ਅਮਨ ਦੇ ਘਰ ਦਾ ਉਦਾਸ ਮਾਹੌਲ ਦੇਖ ਉਸ ਦਾ ਵੀ ਮਨ ਉਥੇ ਵਧੇਰੇ ਸਮਾਂ ਨਾ ਲੱਗਿਆ ਤੇ ਕੁਝ ਦੇਰ ਬਾਅਦ ਹੀ ਉਹ ਘਰ ਮੁੜ ਆਈ। ਜਿਵੇਂ ਹੀ ਉਹ ਆਪਣੇ ਕਮਰੇ ਵਿਚ ਪੁੱਜੀ, ਖਿੜਕੀ ਰਾਹੀਂ ਲਾਲ ਰੌਸ਼ਨੀ ਦੀ ਤੇਜ਼ ਲਿਸ਼ਕ ਦਿਖਾਈ ਦਿੱਤੀ ਤੇ ਅਗਲੇ ਹੀ ਪਲ ਬਦਲਾਂ ਦੀ ਜ਼ੋਰਦਾਰ ਗੜਗੜਾਹਟ ਸੁਣਾਈ ਪਈ।

'ਲੱਗਦਾ ਹੈ ਮੀਂਹ ਆਇਆ ਕਿ ਆਇਆ।' ਮੰਮੀ ਦੇ ਬੋਲ ਸਨ।

ਖਿੜਕੀ ਰਾਹੀਂ ਬਾਹਰ ਝਾਂਕਦਿਆਂ ਅੰਮ੍ਰਿਤ ਨੇ ਦੇਖਿਆ; ਸਾਰਾ ਅੰਬਰ ਲਾਲ-ਕਾਲੇ ਬੱਦਲਾਂ ਨਾਲ ਢੱਕਦਾ ਜਾ ਰਿਹਾ ਹੈ ਤੇ ਚਾਰੇ ਪਾਸੇ ਹਨੇਰਾ ਤੇਜ਼ੀ ਨਾਲ ਫੈਲ ਰਿਹਾ ਹੈ। ਤਦ ਹੀ ਦਗੜ੍ਹ ਦਗੜ੍ਹ ਕਰਦਾ ਮੀਂਹ ਪੈਣ ਲੱਗਾ। ਲਾਲ ਬਰਫ਼ ਦੇ ਗੜ੍ਹਿਆਂ ਨੇ ਵਿਹੜਾ ਭਰ ਦਿੱਤਾ। ਚਾਰੇ ਪਾਸੇ ਗੁਲਾਬੀ ਪਾਣੀ ਦਾ ਹੜ੍ਹ ਜਿਹਾ ਆ ਗਿਆ।

'ਖਿੜਕੀ ਬੰਦ ਕਰ ਤੇ ਆ ਕੇ ਖਾਣਾ ਖਾ ਲੈ, ਦੁਪਿਹਰ ਹੋ ਗਈ ਹੈ।' ਮੰਮੀ ਨੇ ਅੰਮ੍ਰਿਤ ਨੂੰ ਆਵਾਜ਼ ਮਾਰਦਿਆਂ ਕਿਹਾ।

ਅੰਮ੍ਰਿਤ ਨੇ ਕਾਲੀ ਦਾਲ ਨਾਲ ਲਾਲ ਰੋਟੀ ਮਸੀਂ ਗਲੋਂ ਲੰਘਾਈ ਤੇ ਗੁਲਾਬੀ ਪਾਣੀ ਦੇ ਕੁਝ ਕੁ ਘੁੱਟ ਭਰ ਆਪਣੇ ਬਿਸਤਰੇ ਵਿਚ ਜਾ ਵੜ੍ਹੀ। ਅੱਜ ਦੀਆਂ ਅਜਬ ਘਟਨਾਵਾਂ ਨੇ ਉਸ ਨੂੰ ਬਹੁਤ ਥਕਾ ਦਿੱਤਾ ਸੀ। ਜਲਦੀ ਹੀ ਉਸ ਨੂੰ ਗੂੜ੍ਹੀ ਨੀਂਦ ਨੇ ਘੇਰ ਲਿਆ।

ਅੰਮ੍ਰਿਤ ਜਦੋਂ ਸੁੱਤੀ ਉਠੀ, ਸ਼ਾਮ ਦਾ ਘੁਸਮੁਸਾ ਚਾਰੋਂ ਪਾਸੇ ਫੈਲ ਰਿਹਾ ਸੀ। ਕੁਝ ਦੇਰ ਪਹਿਲਾਂ ਆਈ ਤੇਜ਼ ਹਨੇਰੀ ਕਾਰਨ ਬੱਦਲ ਖਿੰਡ-ਪੁੰਡ ਗਏ ਸਨ। ਅਸਤ ਹੋ ਰਿਹਾ ਸੂਰਜ ਆਖਰੀ ਕਿਰਨਾਂ ਬਿਖੇਰ ਰਿਹਾ ਸੀ ਤੇ ਲਾਲ ਅੰਬਰ, ਹੌਲੇ ਹੌਲੇ ਕਾਲੇ ਰੰਗ ਨਾਲ ਪੋਤਿਆ ਜਾ ਰਿਹਾ ਸੀ। ਕਿਧਰੇ ਕਿਧਰੇ ਲਾਲ ਤਾਰੇ ਟਿਮਟਿਮਾਂਦੇ ਨਜ਼ਰ ਆਉਣ ਲੱਗ ਪਏ ਸਨ। ਬਰਾਂਡੇ ਵਿਚ ਖੜ੍ਹੀ ਅੰਮ੍ਰਿਤ ਇਹ ਨਜ਼ਾਰਾ ਦੇਖ ਹੱਕੀ ਬੱਕੀ ਸੀ।

ਹਨੇਰਾ ਹੁੰਦਾ ਦੇਖ ਅੰਮ੍ਰਿਤ ਨੇ ਬਰਾਂਡੇ ਵਿਚ ਲੱਗੇ ਬਲਬ ਦਾ ਸਵਿਚ ਦਬਾ ਦਿੱਤਾ। ਲਾਲ ਰੌਸ਼ਨੀ ਚਾਰੇ ਪਾਸੇ ਫੈਲ ਗਈ। ਹੌਲੇ ਹੌਲੇ ਆਂਢ-ਗੁਆਂਢ ਦੇ ਘਰਾਂ ਵਿਚ ਵੀ ਬਲਬ ਜਗ ਪਏ। ਲਾਲ ਚੰਦ ਦੀ ਮੱਧਮ ਰੌਸ਼ਨੀ ਵਿਚ, ਕਾਲੇ ਘਰਾਂ ਦੀਆਂ ਖਿੜਕੀਆਂ ਵਿਚੋਂ ਨਿਕਲ ਰਹੀ ਰੌਸ਼ਨੀ, ਕਾਲੇ ਦੈਂਤਾਂ ਦੀਆਂ ਲਾਲ ਸੁਰਖ਼ ਅੱਖਾਂ ਦਾ ਭੁਲੇਖਾ ਪਾ ਰਹੀ ਸੀ। ਇੰਝ ਜਾਪ ਰਿਹਾ ਸੀ ਜਿਵੇਂ ਡਰਾਉਣੇ ਦੈਂਤਾਂ ਦੀ ਫੌਜ ਨੇ ਉਨ੍ਹਾਂ ਦੇ ਘਰ ਨੂੰ ਘੇਰ ਲਿਆ ਹੋਵੇ।

ਅੰਮ੍ਰਿਤ ਘਬਰਾ ਕੇ ਰੋਣ ਲੱਗ ਪਈ।

'ਚੁੱਪ ਕਰ ਪੁੱਤਰ!' ਮੰਮੀ ਨੇ ਅੰਮ੍ਰਿਤ ਦਾ ਸਿਰ ਪਲੋਸਦਿਆਂ ਕਿਹਾ। 'ਜਲਦੀ ਹੀ ਸੱਭ ਕੁਝ ਠੀਕ ਹੋ ਜਾਵੇਗਾ।....... ਹੁਣੇ ਹੁਣੇ ਪਤਾ ਲੱਗਾ ਹੈ ਕਿ ਖੋਜੀਆਂ ਨੇ ਅਜੋਕੇ ਹਾਲਾਤ ਦਾ ਕਾਰਣ ਲੱਭ ਲਿਆ ਹੈ ਤੇ ਆਸ ਹੈ ਕਿ ਉਹ ਜਲਦੀ ਹੀ ਇਸ ਦਾ ਹੱਲ ਵੀ ਲੱਭ ਲੈਣਗੇ।'

ਮੰਮੀ ਦੇ ਧਰਵਾਸ ਭਰੇ ਬੋਲਾਂ ਕਾਰਨ ਅੰਮ੍ਰਿਤ ਚੁੱਪ ਕਰ ਗਈ ਤੇ ਗੇਂਦ ਚੁੱਕ ਜੈਕੀ ਨਾਲ ਖੇਡਣ ਲੱਗ ਪਈ। ਪਰ ਸਮਾਂ ਸੀ ਕਿ ਗੁਜ਼ਰ ਹੀ ਨਹੀਂ ਸੀ ਰਿਹਾ। ਜਿਵੇਂ ਇਹ ਰੁਕ ਹੀ ਗਿਆ ਹੋਵੇ।

ਆਖ਼ਰ ਰਾਤ ਦੇ ਸਾਢੇ ਨੌ ਵੱਜੇ। ਲਾਲ ਰੌਸ਼ਨੀ ਵਿਚ ਲਾਲ-ਕਾਲਾ ਖਾਣਾ ਜਿਵੇਂ ਕਿਵੇਂ ਖਾ ਅੰਮ੍ਰਿਤ ਮੰਮੀ ਕੋਲ ਹੀ ਲੇਟ ਗਈ। ਜੈਕੀ ਵੀ ਉਨ੍ਹਾਂ ਦੇ ਮੰਜੇ ਹੇਠ ਆ ਵੜ੍ਹਿਆ।

'ਦਿਲ ਰੱਖ ਪੁੱਤਰ! ਸਵੇਰ ਤਕ ਸੱਭ ਠੀਕ ਹੋ ਜਾਵੇਗਾ।' ਅੰਮ੍ਰਿਤ ਨੂੰ ਉਦਾਸ ਦੇਖ ਪਾਪਾ ਨੇ ਧਰਵਾਸ ਦਿੰਦਿਆਂ ਕਿਹਾ।

ਨਵੀਂ ਸਵੇਰ ਦੀ ਉਡੀਕ ਵਿਚ ਅੰਮ੍ਰਿਤ, ਪਤਾ ਨਹੀਂ ਕਦ ਨੀਂਦ ਦੀ ਗੋਦ ਵਿਚ ਜਾ ਪੁੱਜੀ।

*****

ਅੰਮ੍ਰਿਤ ਨੂੰ ਖ਼ਿਆਲ ਵੀ ਨਹੀਂ ਸੀ ਕਿ ਪਾਪਾ ਦੀ ਕਹੀ ਗੱਲ ਇੰਨੀ ਜਲਦੀ ਸੱਚ ਹੋ ਜਾਵੇਗੀ। ਸਵੇਰੇ ਜਦ ਉਹ ਸੁੱਤੀ ਉੱਠੀ ਤਾਂ ਉਹ ਦੰਗ ਰਹਿ ਗਈ। ਉਸ ਦੇ ਕਮਰੇ ਦੀ ਖਿੜਕੀ ਰਾਹੀਂ ਆ ਰਹੀਆਂ ਸੁਨਿਹਰੀ ਕਿਰਨਾਂ ਹਰ ਚੀਜ਼ ਨੂੰ ਰੁਸ਼ਨਾ ਰਹੀਆਂ ਸਨ।

ਕਿਧਰੇ ਇਹ ਭਰਮ ਤਾਂ ਨਹੀਂ? ਉਸ ਨੇ ਅੱਖਾਂ ਮਲਦਿਆਂ ਚੋਰ-ਨਜ਼ਰ ਨਾਲ ਚਾਰੇ ਪਾਸੇ ਦੇਖਿਆ। ਉਸ ਦੇ ਕਮਰੇ ਦੀਆਂ ਕੰਧਾਂ ਫਿਰ ਚਿੱਟੀਆਂ ਹੋ ਗਈਆਂ ਸਨ। ਉਸ ਦੇ ਟੈਡੀ ਨੂੰ ਫਿਰ ਗੋਰਾ ਰੰਗ ਮਿਲ ਗਿਆ ਸੀ। ਚਿੱਟੀ ਕਾਲੀ ਜੱਤ ਵਾਲਾ ਜੈਕੀ ਉਸ ਨੂੰ ਉਠਿਆ ਦੇਖ ਘੁਰ ਘੁਰ ਕਰਦਾ ਹੌਲੇ ਹੌਲੇ ਪੂੰਛ ਹਿਲਾ ਰਿਹਾ ਸੀ।

ਉਸ ਦਾ ਮਨ ਖੁਸ਼ੀ ਨਾਲ ਭਰ ਗਿਆ। 'ਵਾਹ! ਥੈਂਕਉ ਗਾਡ! ਸੱਭ ਕੁਝ ਪਹਿਲਾਂ ਵਾਂਗ ਹੀ ਹੋ ਗਿਆ।' ਬਿਸਤਰੇ 'ਚੋ ਭੁੜਕ ਕੇ ਬਾਹਰ ਨਿਕਲਦੀ ਉਹ ਬੋਲੀ। 'ਪਰ ਇਹ ਹੋਇਆ ਕਿਵੇਂ?' ਉਸ ਦੇ ਮਨ ਵਿਚ ਸਵਾਲ ਸੀ।

ਮੰਮੀ ਦੀ ਭਾਲ ਵਿਚ ਉਹ ਫਟਾਫਟ ਰਸੋਈ ਵੱਲ ਦੌੜੀ। ਹਰ ਰੋਜ਼ ਵਾਂਗ ਮੰਮੀ ਪਾਪਾ ਡਾਇਨਿੰਗ ਰੂਮ ਵਿਚ ਬੈਠੇ ਨਾਸ਼ਤਾ ਕਰ ਰਹੇ ਸਨ।

'ਵਾਹ ਬੇਟਾ! ਤੂੰ ਜਾਗ ਵੀ ਪਈ।' ਪਾਪਾ ਦੇ ਬੋਲ ਸਨ।

'ਜਾ ਪੁੱਤਰ! ਜਲਦੀ ਨਾਲ ਮੂੰਹ ਹੱਥ ਧੋ ਲੈ ਤੇ ਫਿਰ ਆ ਜਾ ਨਾਸ਼ਤੇ ਲਈ।' ਮੰਮੀ ਨੇ ਕੋਲ ਆਈ ਅੰਮ੍ਰਿਤ ਨੂੰ ਪਿਆਰ ਨਾਲ ਪਲੋਸਦਿਆਂ ਕਿਹਾ।

'ਮੰਮੀ! ਇਹ ਸੱਭ ਠੀਕ ਕਿਵੇਂ ਹੋਇਆ?' ਉਤਸੁਕਤਾ ਭਰੀ ਅੰਮ੍ਰਿਤ ਸੱਭ ਕੁਝ ਤੁਰੰਤ ਜਾਣ ਲੈਣਾ ਚਾਹੁੰਦੀ ਸੀ।

'ਜਾ ਮੂੰਹ-ਹੱਥ ਧੋ ਆ ਫਿਰ ਦੱਸਦੇ ਹਾਂ ਸਾਰੀ ਗੱਲ।' ਪਾਪਾ ਦੇ ਬੋਲ ਸਨ।

ਜਲਦੀ ਜਲਦੀ ਮੂੰਹ ਹੱਥ ਧੋ ਜਿਵੇਂ ਹੀ ਉਹ ਨਾਸ਼ਤੇ ਲਈ ਪਹੁੰਚੀ, ਉਸ ਨੇ ਤੁਰੰਤ ਸਵਾਲ ਦਾਗ ਦਿੱਤਾ; 'ਦੱਸੋ ਨਾ ਪਾਪਾ ਹੁਣ! ਇਹ ਸੱਭ ਕੁਝ ਕਿਉਂ ਵਾਪਰਿਆ ਤੇ ਫਿਰ ਠੀਕ ਕਿਵੇਂ ਹੋਇਆ?'

'ਹੱਛਾ ਦੱਸ ਚੀਜਾਂ ਰੰਗ ਬਿਰੰਗੀਆ ਕਿਵੇਂ ਦਿਸਦੀਆਂ ਨੇ?' ਜਵਾਬ ਦੇਣ ਦੀ ਥਾਂ ਪਾਪਾ ਨੇ ਸਵਾਲ ਕਰ ਦਿੱਤਾ।

'ਕੀ ਪਤਾ! ਉਹ ਤਾ ਹੁੰਦੀਆਂ ਹੀ ਅਜਿਹੀਆਂ ਨੇ।'

'ਨਹੀਂ। ਦਰਅਸਲ ਸੂਰਜ ਦੀ ਸੁਨਿਹਰੀ ਰੌਸ਼ਨੀ ਸੱਤ ਰੰਗਾਂ ਦੀ ਬਣੀ ਹੁੰਦੀ ਹੈ। ਬਰਸਾਤ ਦੇ ਮੌਸਮ ਦੌਰਾਨ, ਆਸਮਾਨ ਵਿਚ

ਨਜ਼ਰ ਆਉਂਦੀ ਸਤਰੰਗੀ ਪੀਂਘ ਵਿਚ ਤੂੰ ਇਨ੍ਹਾਂ ਰੰਗਾਂ ਨੂੰ ਸਹਿਜੇ ਹੀ ਦੇਖ ਸਕਦੀ ਹੈ।

ਜਦੋਂ ਸੂਰਜ ਦੀ ਰੌਸ਼ਨੀ ਭਿੰਨ ਭਿੰਨ ਚੀਜ਼ਾਂ 'ਤੇ ਪੈਂਦੀ ਹੈ ਤਾਂ ਉਹ ਆਪੋ ਆਪਣੇ ਸੁਭਾਅ ਕਾਰਣ ਅਲੱਗ ਅਲੱਗ ਰੰਗਾਂ ਵਾਲੀਆ ਨਜ਼ਰ ਆਉਂਦੀਆ ਹਨ। ਜਿਵੇਂ ਗੁਲਾਬ ਦੇ ਫੁੱਲ, ਸਿਵਾਏ ਲਾਲ ਰੰਗ ਦੇ, ਰੌਸ਼ਨੀ ਦੇ ਸਾਰੇ ਰੰਗਾਂ ਨੂੰ ਸੋਖ ਲੈਂਦੇ ਨੇ ਤੇ ਲਾਲ ਰੰਗ ਫੁੱਲ ਨਾਲ ਟਕਰਾ ਕੇ ਆਲੇ ਦੁਆਲੇ ਖਿੰਡਰ ਜਾਂਦਾ ਹੈ ਜਿਸ ਕਾਰਣ ਇਹ ਫੁੱਲ ਸਾਨੂੰ ਲਾਲ ਨਜ਼ਰ ਆਉਂਦਾ ਹੈ।' ਪਾਪਾ ਨੇ ਮੇਜ਼ ਉੱਤੇ ਰੱਖੇ ਗੁਲਾਬ ਦੇ ਫੁੱਲਾਂ ਦੇ ਗੁਲਦਸਤੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

'ਜੀ!'

'ਇੰਝ ਹੀ ਦਰਖਤਾਂ ਦੇ ਪੱਤੇ, ਰੌਸ਼ਨੀ ਦੇ ਹਰੇ ਰੰਗ ਨੂੰ ਵਾਪਸ ਉਛਾਲ ਦਿੰਦੇ ਹਨ ਤੇ ਬਾਕੀ ਸਾਰੇ ਰੰਗਾਂ ਨੂੰ ਸੋਖ ਲੈਂਦੇ ਹਨ। ਤਾਂ ਹੀ ਉਹ ਹਰੇ ਨਜ਼ਰ ਆਉਂਦੇ ਹਨ।'

'ਤੇ ਚਿੱਟਾ ਰੰਗ?'

'ਜਿਹੜੀ ਚੀਜ਼ ਰੌਸ਼ਨੀ ਦੇ ਸਾਰੇ ਰੰਗਾਂ ਨੂੰ ਹੀ ਵਾਪਸ ਉਛਾਲ ਦੇਵੇ ਉਹ ਚਿੱਟੀ ਨਜ਼ਰ ਆਉਂਦੀ ਹੈ। ਜਿਵੇਂ ਦੁੱਧ ਦਾ ਚਿੱਟਾ ਰੰਗ।'ਦੁੱਧ ਭਰਿਆ ਗਿਲਾਸ ਚੁੱਕਦੇ ਪਾਪਾ ਬੋਲੇ।

'ਹੂੰ! ਪਰ ਇਹ ਰੰਗ ਗਾਇਬ ਕਿਵੇਂ ਹੋ ਗਏ ਸਨ?'

'ਪਤਾ ਲੱਗਾ ਹੈ ਕਿ ਦੋ ਕੁ ਦਿਨ ਪਹਿਲਾਂ ਸੂਰਜ ਵਿਚ ਇਕ ਵੱਡਾ ਵਿਸਫੋਟ ਹੋਇਆ ਸੀ।

ਜਿਸ ਕਾਰਣ ਇਸ ਦੇ ਚੁੰਬਕੀ ਖੇਤਰ ਵਿਚ ਬਹੁਤ ਹੀ ਗੜਬੜ ਹੋ ਗਈ। ਫਲਸਰੂਪ ਰੌਸ਼ਨੀ ਕਿਰਨਾਂ ਦੀ ਊਰਜਾ ਘੱਟ ਕੇ ਸਿਰਫ ਲਾਲ ਰੌਸ਼ਨੀ ਜਿੰਨੀ ਹੀ ਰਹਿ ਗਈ।

ਸੂਰਜ ਦੇ ਚੁੰਬਕੀ ਖੇਤਰ ਦੀ ਗੜਬੜ ਦਾ ਅਸਰ ਪਸਾਰ ਕਰਦਾ ਧਰਤੀ ਤਕ ਆ ਪਹੁੰਚਿਆ। ਜਿਸ ਲਈ ਹਰ ਚੀਜ਼ ਲਾਲ ਹੀ ਨਜ਼ਰ ਆਉਣ ਲੱਗੀ। ਇਸੇ ਅਸਰ ਕਾਰਣ ਹੀ ਬਲਬਾਂ ਤੇ ਟਿਊਬਾਂ ਦੀ ਰੌਸ਼ਨੀ ਦਾ ਰੰਗ ਵੀ ਸਿਰਫ਼ ਲਾਲ ਹੀ ਰਹਿ ਗਿਆ।'

'ਪਰ ਕਾਲਾ ਰੰਗ? ਪਾਪਾ!'

'ਅਸਲ ਵਿਚ ਕਾਲਾ ਕੋਈ ਰੰਗ ਨਹੀਂ ਹੁੰਦਾ। ਉਹ ਚੀਜ਼ ਜੋ ਰੌਸ਼ਨੀ ਦੇ ਸਾਰੇ ਰੰਗਾਂ ਨੂੰ ਹੀ ਸੋਖ ਲੈਂਦੀ ਹੈ ਉਹ ਕਾਲੀ ਨਜ਼ਰ ਆਉਂਦੀ ਹੈ।'

'ਹੂੰ!......ਤੇ ਇਹ ਗੜਬੜ ਠੀਕ ਕਿਵੇਂ ਹੋਈ?'

'ਅੱਜ ਤੜਕੇ, ਸੂਰਜ ਦੇ ਚੁੰਬਕੀ ਖੇਤਰ ਦਾ ਵਿਕਾਰ ਉਥੇ ਵਾਪਰ ਰਹੀਆਂ ਅਜਬ ਘਟਨਾਵਾਂ ਦੇ ਫਲਸਰੂਪ ਖੁਦਬਖੁਦ ਠੀਕ ਹੋ ਗਿਆ। ਜਿਸ ਕਾਰਣ ਰੌਸ਼ਨੀ ਦੇ ਸੱਤੇ ਰੰਗ ਫਿਰ ਨਜ਼ਰ ਆਉਣ ਲੱਗ ਪਏ।

ਹੁਣ ਤਾਂ ਸੂਰਜ ਦੇ ਚੁੰਬਕੀ ਵਿਕਾਰ ਦਾ ਅਸਰ ਧਰਤੀ 'ਤੇ ਵੀ ਖ਼ਤਮ ਹੋ ਗਿਆ ਹੈ ਤੇ ਟੀ.ਵੀ. ਦੇ ਚਿੱਤਰ ਵੀ ਪਹਿਲਾਂ ਵਾਂਗ ਹੀ ਬਹੁਰੰਗੇ ਹੋ ਗਏ ਨੇ।'

'ਵਾਹ!' ਅੰਮ੍ਰਿਤ ਚਹਿਕ ਉੱਠੀ।

'ਚਲ ਪੁੱਤਰ! ਫਟਾਫਟ ਤਿਆਰ ਹੋ ਜਾ। ਸਕੂਲ ਵੀ ਜਾਣਾ ਹੈ ਤੂੰ। ਅੱਜ ਤੋਂ ਸਕੂਲ, ਕਾਲਜ ਤੇ ਦਫ਼ਤਰ ਫਿਰ ਖੁਲ ਗਏ ਨੇ।....... ਹੁਣੇ ਹੁਣੇ ਖ਼ਬਰ ਆਈ ਹੈ।' ਮੰਮੀ ਦੇ ਬੋਲ ਸਨ।

'ਤੁਸੀਂ ਵੀ ਨਾਸ਼ਤਾ ਮੁਕਾ ਲਵੋ ਜਲਦੀ ਜਲਦੀ......ਨਹੀਂ ਤਾਂ ਕਿਧਰੇ ਲੇਟ ਹੀ ਨਾ ਹੋ ਜਾਈਓ ਦਫ਼ਤਰ ਲਈ।' ਮੰਮੀ ਨੇ ਪਾਪਾ ਨੂੰ ਸੰਬੋਧਿਤ ਕਰਦੇ ਹੋਏ ਕਿਹਾ।

'ਹਾਂ! ਹਾਂ!.......'ਚੰਗਾ ਬੇਟਾ ਅੰਮ੍ਰਿਤ! ਬਾਕੀ ਗੱਲਾਂ ਸ਼ਾਮ ਨੂੰ ਕਰਾਂਗੇ।' ਕਹਿ ਪਾਪਾ ਆਪਣਾ ਟਿਫ਼ਨ ਚੁੱਕ ਦਫ਼ਤਰ ਜਾਣ ਲਈ ਨਿਕਲ ਪਏ।

*****

ਬਸਤਾ ਚੁੱਕੀ ਅੰਮ੍ਰਿਤ ਜਿਵੇਂ ਹੀ ਬਗੀਚੇ ਵਿਚੋਂ ਲੰਘਣ ਲੱਗੀ ਤਾਂ ਰੰਗ-ਬਿਰੰਗੇ ਫੁੱਲ ਦੇਖ ਉਹ ਖੁਸ਼ ਹੋ ਗਈ। ਘਰ ਸਾਹਮਣਲੀ ਸੜਕ ਉੱਤੇ ਵੀ ਅੱਜ ਖ਼ੂਬ ਚਹਿਲ ਪਹਿਲ ਸੀ।

ਰੰਗ-ਬਿਰੰਗੇ ਕੱਪੜੇ ਪਾਈ ਲੋਕ ਇਧਰ ਉਧਰ ਆ ਜਾ ਰਹੇ ਸਨ ਤੇ ਸਾਰੇ ਹੀ ਖੁਸ਼ ਖੁਸ਼ ਲੱਗ ਰਹੇ ਸਨ। ਨੀਲਾ ਅੰਬਰ, ਚਿੱਟੇ ਬੱਦਲ ਤੇ ਹਰੇ ਭਰੇ ਦਰਖ਼ਤ, ਸੁਨਿਹਰੀ ਧੁੱਪ ਵਿਚ ਨਿਖ਼ਰੇ ਨਿਖ਼ਰੇ ਨਜ਼ਰ ਆ ਰਹੇ ਸਨ। ਸਕੂਲ ਜਾਂਦੀ ਉਹ ਸੋਚ ਰਹੀ ਸੀ: 'ਅੱਜ ਸੱਭ ਨੂੰ ਸੂਰਜ ਕਿੰਨਾਂ ਸੋਹਣਾ ਲੱਗ ਰਿਹਾ ਹੈ! ਪਹਿਲਾਂ ਕਦੇ ਕਿਸੇ ਨੂੰ ਇਹ ਇੰਨਾਂ

ਸੋਹਣਾ ਕਿਉਂ ਨਹੀਂ ਲੱਗਾ? ਤਦ ਤਾਂ ਸ਼ਾਇਦ ਹਰ ਕੋਈ ਇਹੋ ਹੀ ਸਮਝਦਾ ਸੀ ਕਿ ਸੂਰਜ ਨੇ ਤਾਂ ਸੁਨਿਹਰੀ ਕਿਰਨਾਂ ਬਿਖੇਰਨੀਆਂ ਹੀ ਨੇ।

ਸੱਚ ਹੀ ਅੱਜ ਹਰ ਕਿਸੇ ਨੂੰ ਇਹ ਇਕ ਨਵਾਂ ਸੂਰਜ ਲੱਗ ਰਿਹਾ ਹੈ- ਸੁਨਿਹਰੀ ਰੌਸ਼ਨੀ ਤੇ ਰੰਗ-ਬਿਰੰਗੀਆਂ ਕਿਰਨਾਂ ਦਾ ਜਨਮਦਾਤਾ – ਸੂਰਜ।



# ਅਮਨ ਨੇ ਕੈਂਸਰ ਨੂੰ ਹਰਾ ਦਿੱਤਾ

**ਪ੍ਰਿੰਸੀਪਲ ਵਿਜੈ ਕੁਮਾਰ**

ਮੈਂ ਆਪਣੇ ਸਕੂਲ ਦੇ ਦਫਤਰ `ਚ ਬੈਠਾ ਸਕੂਲ ਦਾ ਕੋਈ ਕੰਮ ਕਰ ਰਿਹਾ ਸਾਂ। ਅਚਾਨਕ ਮੇਰੇ ਫੋਨ ਦੀ ਘੰਟੀ ਵੱਜੀ। ਆਪਣੇ ਫੋਨ `ਚ ਭਰੇ ਹੋਏ ਸੰਪਰਕ ਅਮਨ ਦੀ ਮੰਮੀ ਦਾ ਨਾਂ ਪੜ੍ਹਕੇ ਮੈਂ ਇਹ ਸੋਚਕੇ ਉਸਦਾ ਫੋਨ ਨਹੀਂ ਚੁੱਕਿਆ ਕਿ ਉਸਨੇ ਅਮਨ ਲਈ ਛੁੱਟੀ ਲੈਣੀ ਹੋਵੇਗੀ, ਉਹ ਉਸਦੀ ਜਮਾਤ ਦੀ ਇੰਚਾਰਜ ਅਧਿਆਪਕਾ ਨੂੰ ਫੋਨ ਕਰ ਲਵੇਗੀ ਪਰ ਫੋਨ ਪੰਜ ਕੁ ਮਿੰਟ ਮਗਰੋਂ ਮੁੜ ਵਜ ਪਿਆ। ਫੋਨ ਐਨੀ ਛੇਤੀ ਵੱਜਣ ਤੇ ਕੋਈ ਜ਼ਰੂਰੀ ਗੱਲ ਹੋਣ ਦੀ ਸੋਚਕੇ ਮੈਨੂੰ ਉਸਦਾ ਫੋਨ ਚੁੱਕਣਾ ਪਿਆ। ਸਰ, ਮੈਨੂੰ ਅਮਨ ਲਈ ਲੰਬੀ ਛੁੱਟੀ ਲੈਣੀ ਪੈਣੀ ਹੈ ਅਮਨ ਦੀ ਮੰਮੀ ਦੇ ਇਹ ਸ਼ਬਦ ਸੁਣਕੇ ਮੈਂ ਉਸਨੂੰ ਸਵਾਲ ਕੀਤਾ, “ਬੇਟਾ, ਅਮਨ ਲਈ ਲੰਬੀ ਛੁੱਟੀ ਦੀ ਕੀ ਲੋੜ ਪੈ ਗਈ ?” ਮੇਰੇ ਇਸ ਸਵਾਲ ਤੋਂ ਮਗਰੋਂ ਦੂਜੇ ਬਨਿਓਂ ਅਵਾਜ ਆਉਣੀ ਬੰਦ ਹੋ ਗਈ। ਮੈਂ ਸੋਚਿਆ ਕਿ ਸ਼ਾਇਦ ਨੈਟ ਦੀ ਸਮੱਸਿਆ ਹੋਣ ਕਾਰਨ ਫੋਨ ਦੀ ਅਵਾਜ਼ ਨਹੀਂ ਆ ਰਹੀ ਹੈ ਪਰ ਕਾਰਨ ਉਹ ਨਹੀਂ ਸੀ। ਭਰੇ ਹੋਏ ਗਲੇ ਦੇ ਅਤੇ ਸੰਵੇਦਨਾ ਭਰਪੂਰ ਸ਼ਬਦਾਂ ਨੇ ਮੈਥੋਂ ਮੇਰੀ ਚੇਤਨਾ ਖੋਹ ਲਈ ਸੀ। ਮੈਨੂੰ ਇੰਜ ਲੱਗਾ ਸੀ ਕਿ ਜਿਵੇਂ ਅਮਨ ਦੀ ਮੰਮੀ ਦੇ ਇਨ੍ਹਾਂ ਸ਼ਬਦਾਂ ਨੇ “ਸਰ, ਅਮਨ ਨੂੰ ਬਲਡ ਕੈਂਸਰ ਹੋ ਗਿਆ ਹੈ, ਪੀ.ਜੀ.ਆਈ ਹਸਪਤਾਲ ਚੰਡੀਗੜ੍ਹ ਵਿੱਚ ਉਸਦਾ ਇਲਾਜ ਕਰਵਾਉਣਾ ਹੈ”, ਮੇਰੇ ਕੰਨਾਂ ਚ ਸਿੱਕਾ ਪਾ ਦਿੱਤਾ ਹੋਵੇ। ਉਸਤੋਂ ਬਾਅਦ ਨਾ ਮੈਂ ਕੁੱਝ ਬੋਲ ਸਕਿਆ ਸੀ ਤੇ ਨਾ ਹੀ ਅਮਨ ਦੀ ਮੰਮੀ। ਅਮਨ ਤੇ ਉਸਦੀ ਮੰਮੀ ਦੀ ਜ਼ਿੰਦਗੀ ਨਾਲ ਜੁੜੀਆਂ ਗੱਲਾਂ, ਅਮਨ ਦੀ ਮੰਮੀ ਦਾ ਕੋਈ ਸਹਾਰਾ ਨਾ ਹੋਣਾ, ਅਮਨ ਦੀ ਫੀਸ ਕਿਸੇ ਦਾਨੀ ਵਿਅਕਤੀ ਵਲੋਂ ਦਿੱਤੇ ਜਾਣਾ, ਉਸਦਾ ਆਪਣੀ ਜਮਾਤ ਚੋਂ ਪਹਿਲੇ ਨੰਬਰ ਤੇ ਆਉਣਾ ਤੇ ਹਰ ਰੋਜ਼ ਮੇਰੇ ਦਫ਼ਤਰ `ਚ ਆਕੇ ਆਈ.ਪੀ.ਐਸ. ਅਫ਼ਸਰ ਬਣਨ ਦੀ ਗੱਲ ਕਹਿਣਾ ਇੱਕ-ਇੱਕ ਕਰਕੇ ਮੇਰੇ ਜਿਹਨ ‘ਚੋਂ ਨਿਕਲਕੇ ਸਵਾਲ ਬਣਕੇ ਮੇਰੇ ਸਾਹਮਣੇ ਖੜੀਆਂ ਹੋ ਰਹੀਆਂ ਸਨ।

ਉਨ੍ਹਾਂ ਸਾਰੇ ਸਵਾਲਾਂ ਚੋਂ ਸਭ ਤੋਂ ਅਹਿਮ ਸਵਾਲ ਇਹ ਸੀ ਕਿ ਜਿਸ ਬੱਚੇ ਦੀ ਸਕੂਲ ਦੀ ਫੀਸ ਦਾ ਖਰਚਾ ਵੀ ਕੋਈ ਹੋਰ ਕਰ ਰਿਹਾ ਹੈ ਉਸਦੀ ਕੈਂਸਰ ਦੀ ਬਿਮਾਰੀ ਦਾ ਇਲਾਜ ਭਲਾ ਕੌਣ ਕਰਾਏਗਾ? ਮੇਰੇ ਸਾਹਮਣੇ ਖੜ੍ਹਾ ਇਹ ਸਵਾਲ ਮੈਨੂੰ ਵਾਰ ਵਾਰ ਪੁੱਛ ਰਿਹਾ ਸੀ ਕਿ ਇਸ ਬੱਚੇ ਲਈ ਕੀ ਕੀਤਾ ਜਾ ਸਕਦਾ ਹੈ? ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਉਹ ਅਕਾਲ ਪੁਰਖ ਜੇਕਰ ਬੰਦੇ ਦੀ ਕਿਸਮਤ ਦਾ ਇਕ ਦਰਵਾਜ਼ਾ ਬੰਦ ਕਰਦਾ ਹੈ ਤਾਂ ਸਮੱਸਿਆ ਦੇ ਹਲ ਵਾਸਤੇ ਅੱਠ ਦਰਵਾਜ਼ੇ ਖੋਲ ਵੀ ਦਿੰਦਾ ਹੈ। ਮੈਂ ਭਾਵੁਕ ਹੋਕੇ ਪੰਜਾਬੀ ਟ੍ਰਿਬਿਊਨ ਅਖਬਾਰ ਨੂੰ ਉਸਦੇ ਮਿਡਲ ਅੰਕ ਲਈ ਅਮਨ ਕਦੋਂ ਆਵੇਗਾ? ਦੇ ਸਿਰਲੇਖ ਅਧੀਨ ਲੇਖ ਲਿਖ ਦਿੱਤਾ ਤੇ ਉਸਦੇ ਉਪ ਸੰਪਾਦਕ ਨਾਲ ਇਹ ਘਟਨਾ ਵੀ ਸਾਂਝੀ ਕਰ ਦਿੱਤੀ। ਇਤਫ਼ਾਕ ਨਾਲ ਮੇਰਾ ਉਹ ਲੇਖ 22 ਮਈ 2023 ਨੂੰ ਪੰਜਾਬੀ ਟ੍ਰਿਬਿਊਨ ਵਲੋਂ ਛਾਪ ਦਿੱਤਾ ਗਿਆ। ਉਸ ਲੇਖ ਨੂੰ ਪੜ੍ਹਕੇ ਇੱਕ ਦਾਨਿਸ਼ਮੰਦ ਸੱਜਣ ਸਵਰਨ ਸਿੰਘ ਭੰਗੂ ਨੇ ਉਹ ਲੇਖ ਆਪਣੇ ਗਰੁੱਪਾਂ ਅਤੇ ਫੇਸ ਬੁੱਕ ਪੇਜ ਉੱਤੇ ਪਾ ਦਿੱਤਾ। ਉਸ ਲੇਖ ਨੂੰ ਪੜ੍ਹਕੇ ਕਈ ਰਹਿਮ ਦਿਲ ਦਾਨੀ ਸੱਜਣਾਂ ਨੇ ਲਗਭਗ ਡੇਢ ਲੱਖ ਰੁ ਪਏ ਦੀ ਰਾਸ਼ੀ ਇਕੱਠੀ ਕਰਨ ਦਾ ਅਮਨ ਦੀ ਬਿਮਾਰੀ ਦੇ ਇਲਾਜ ਲਈ ਹੰਭਲਾ ਮਾਰਿਆ। ਜਿਹੜਾ ਫੌਜੀ ਅਫਸਰ ਅਮਨ ਦੀ ਫੀਸ ਦੇ ਰਿਹਾ ਸੀ ਉਸਦੇ ਵਿਦੇਸ਼ ਵਸਦੇ ਪੁੱਤਰਾਂ ਨੇ ਵੀ ਉਸਦੇ ਇਲਾਜ ਲਈ ਕਾਫ਼ੀ ਹਿੰਮਤ ਕੀਤੀ। ਕੈਂਸਰ ਦੀ ਬਿਮਾਰੀ ਅਮਨ ਤੇ ਹੋਰ ਭਾਰੂ ਹੁੰਦੀ ਜਾ ਰਹੀ ਸੀ ਜਿਵੇਂ ਜਿਵੇਂ ਉਸਦਾ ਇਲਾਜ ਹੁੰਦਾ ਸੀ ਉਵੇਂ ਉਵੇਂ ਉਸਦੀ ਹਾਲਤ ਹੋਰ ਗੰਭੀਰ ਹੁੰਦੀ ਜਾਂਦੀ ਸੀ। ਉਸ ਦੇ ਸਰੀਰ ਨੂੰ ਸੋਜਾ ਪੈ ਚੁੱਕਾ ਸੀ। ਉਸਦੇ ਸਾਰੇ ਸਰੀਰ ਤੇ ਗੱਠਾਂ ਪੈ ਚੁੱਕੀਆਂ ਸਨ। ਥੈਰੈਪੀਆਂ ਨੇ ਉਸਦੇ ਸਿਰ ਦੇ ਸਾਰੇ ਬਾਲ ਉੜਾ ਦਿੱਤੇ ਸਨ। ਡਾਕਟਰਾਂ ਨੇ ਵੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਅਮਨ ਦੇ ਠੀਕ ਹੋਣ ਬਾਰੇ ਕੁੱਝ ਕਿਹਾ ਨਹੀਂ ਜਾ ਸਕਦਾ। ਉਸਦੀ ਸ਼ਕਲ ਵੱਲ ਵੇਖਕੇ ਉਸ 'ਤੇ ਤਰਸ ਆਉਂਦਾ ਸੀ ਪਰ ਅਮਨ ਅਤੇ ਉਸਦੀ ਮੰਮੀ ਦੇ ਹੌਂਸਲੇ ਤੇ ਮਨੋਬਲ ਨੇ ਉਨ੍ਹਾਂ ਨੂੰ ਹਾਰਨ ਨਹੀਂ ਦਿੱਤਾ। ਅਮਨ ਦਾ ਜਦੋਂ ਵੀ ਫੋਨ ਆਉਂਦਾ, ਉਸਦਾ ਇਹੋ ਹੀ ਕਹਿਣਾ ਹੁੰਦਾ, "ਸਰ, ਮੈਂ ਬਹੁਤ ਛੇਤੀ ਠੀਕ ਹੋ ਜਾਵਾਂਗਾ। ਮੈਂ ਆਪਣੀ ਬਿਮਾਰੀ ਦੀ ਹਾਲਤ `ਚ ਵੀ ਆਪਣੀ ਪੜ੍ਹਾਈ ਕਰਦਾ ਰਹਿੰਦਾ ਹਾਂ। ਮੈਂ ਆਈ.ਪੀ .ਐਸ. ਅਫ਼ਸਰ ਜ਼ਰੂਰ ਬਣਾਂਗਾ।" ਅਮਨ ਦੀ ਮੰਮੀ ਦੇ ਸ਼ਬਦਾਂ ਵਿਚ ਵੀ ਕਦੇ ਨਿਰਾਸ਼ਤਾ ਨਹੀਂ ਹੁੰਦੀ। ਅਮਨ ਦੇ ਹੌਂਸਲੇ ਅਤੇ ਮਨੋਬਲ ਨੇ ਉਸਦੇ ਡਾਕਟਰਾਂ ਦਾ ਮਨ ਮੋਹ ਲਿਆ ਸੀ। ਡਾਕਟਰਾਂ ਨੇ ਵੀ ਉਸਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ ਸੀ। ਅਮਨ ਦੀ ਮੰਮੀ ਇੱਕ ਸਰਾਂ ਦੇ ਕਮਰੇ ਵਿਚ ਰਹਿ ਕੇ ਉਸਦਾ ਇਲਾਜ ਕਰਾ ਰਹੀ ਸੀ। ਅਮਨ ਅਤੇ ਉਸਦੀ ਮੰਮੀ ਦੇ ਹੌਂਸਲੇ, ਮਨੋਬਲ , ਡਾਕਟਰਾਂ ਦੀ ਮਿਹਨਤ ਤੇ ਦਾਨੀ ਸੱਜਣਾ ਦੇ ਯੋਗਦਾਨ ਨੇ ਆਖਿਰ ਅਮਨ ਦੀ ਕੈਂਸਰ ਦੀ ਬਿਮਾਰੀ ਨੂੰ ਹਰਾ ਦਿੱਤਾ। ਅਮਨ ਦੀ ਮੰਮੀ ਚੰਡੀਗੜ੍ਹ ਇੱਕ ਫੈਕਟਰੀ `ਚ ਨੌਕਰੀ ਕਰਨ ਲੱਗ ਪਈ ਹੈ ਤੇ ਅਮਨ ਨੇ ਚੰਡੀਗੜ੍ਹ ਦੇ ਇੱਕ ਸਕੂਲ 'ਚ ਪੜ੍ਹਾਈ ਸ਼ੁਰੂ ਕਰ ਦਿੱਤੀ ਹੈ। ਉਸਨੇ 15 ਅਗਸਤ ਅਜ਼ਾਦੀ ਦੇ ਦਿਹਾੜੇ ਤੇ ਤਿਰੰਗੇ ਝੰਡੇ ਨਾਲ ਆਪਣੀ ਤਸਵੀਰ ਸਾਂਝੀ ਕੀਤੀ ਹੈ। ਉਮੀਦ ਹੈ ਕਿ ਅਮਨ ਸਿਹਤਮੰਦ ਜ਼ਿੰਦਗੀ ਗੁਜ਼ਾਰਦਿਆਂ ਇੱਕ ਆਈ. ਪੀ. ਐਸ. ਅਫ਼ਸਰ ਜਰੂਰ ਬਣੇਗਾ।

## ਸਮੇਂ ਦੀ ਕਦਰ

'ਉਹਨਾਂ ਕੰਮਾਂ 'ਤੇ ਆਪਣਾ ਸਮਾਂ ਤੇ ਧਿਆਨ ਲਗਾਓ ਜਿਹੜੇ ਤੁਹਾਡੇ ਵੱਸ ਵਿੱਚ ਹਨ। ਜੋ ਤੁਹਾਡੇ ਵੱਸ ਵਿੱਚ ਨਹੀਂ ਹਨ (ਜਿਵੇਂ ਕਿ ਅਰਥ-ਵਿਵਸਥਾ, ਨੌਕਰੀ, ਦੇਸ਼ ਦੇ ਹਾਲਾਤ, ਜੰਗ ਆਦਿ), ਉਹਨਾਂ ਬਾਰੇ ਸੋਚ ਕੇ ਆਪਣਾ ਕੀਮਤੀ ਸਮਾਂ ਤੇ ਸ਼ਕਤੀ ਵਿਅਰਥ ਨਾ ਗਵਾਓ!' ਸਮੇਂ ਦੀ ਕਦਰ ਤੇ ਅਨੁਸ਼ਾਸਨ ਸਾਡੀ ਬੇਚੈਨੀ ਤੇ ਤਣਾਅ ਨੂੰ ਘਟਾਉਂਦਾ ਹੈ। ਸਮੇਂ ਦਾ ਸਹੀ ਉਪਯੋਗ ਕਰਨ ਦੇ ਕੁਝ ਸੁਝਾਅ:

- ਰੋਜ਼ਾਨਾ ਆਪਣੇ ਟੀਚੇ ਮਿੱਥੋ
- ਨਿੱਤਨੇਮ ਬਣਾਓ ਅਤੇ ਉਸ ਉੱਤੇ ਦ੍ਰਿੜ੍ਹ ਰਹੋ
- ਪੜ੍ਹਾਈ ਜਾਂ ਕੰਮ ਦੇ ਦੌਰਾਨ ਥੋੜ੍ਹਾ ਵਿਰਾਮ (ਬ੍ਰੇਕ) ਜ਼ਰੂਰ ਲਓ ਤੇ ਕਸਰਤ ਤੇ ਮਨਪਰਚਾਵੇ ਲਈ ਸਮਾਂ ਕੱਢੋ
- ਆਪਣੇ ਸਮਾਰਟ ਫੋਨ 'ਤੇ ਕਲੰਡਰ, ਅਲਾਰਮ ਤੇ ਸਮਾਂ ਪ੍ਰਬੰਧ (Time Management) ਐਪ ਮੀਟਿੰਗ, ਕਲਾਸਾਂ, ਘਰ ਦਾ ਕੰਮ, ਨੌਕਰੀ ਆਦਿ ਦੇ ਮਹੱਤਵਪੂਰਨ ਕੰਮਾਂ ਨੂੰ ਯਾਦ ਦਿਵਾਉਣ ਲਈ ਵਰਤੋ
- ਆਪਣੇ ਕੰਮਾਂ ਦੀ ਸੂਚੀ (To-do list) ਬਣਾਓ ਤੇ ਜਦੋਂ ਕਿਸੇ ਕੰਮ ਨੂੰ ਸੰਪੂਰਨ ਕਰੋ ਤਾਂ ਉਸਨੂੰ ਸੂਚੀ ਵਿੱਚੋਂ ਕੱਟ ਦਿਓ

**ਪਰੈਟੋ ਦਾ 80/20 ਦਾ ਨਿਯਮ**, ਸਮੇਂ ਦਾ ਸਹੀ ਉਪਯੋਗ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ। ਸਾਨੂੰ 80% ਸਮਾਂ ਆਪਣੇ ਮਹੱਤਵਪੂਰਨ ਕੰਮਾਂ ਲਈ ਤੇ 20% ਰੋਜ਼ਮਰਾ ਦੇ ਕੰਮਾਂ ਲਈ ਵਰਤਣਾ ਚਾਹੀਦਾ ਹੈ। ਜਿਵੇਂ ਕਿ ਤੁਸੀਂ ਇੱਕ-ਦੋ ਘੰਟੇ ਬਹੁਤ ਹੀ ਜ਼ਰੂਰੀ ਕੰਮ (ਪੜ੍ਹਨਾ, ਲਿਖਣਾ, ਘਰ ਦਾ ਕੰਮ ਆਦਿ) ਲਈ ਬੁੱਕ ਕੀਤੇ ਹੋਏ ਹਨ, ਪਰ ਜਦੋਂ ਤੁਸੀਂ ਉਹ ਕੰਮ ਕਰ ਹੋ ਤਾਂ ਤੁਹਾਨੂੰ ਕੋਈ ਫ਼ੋਨ ਕਾਲ, ਈ-ਮੇਲ ਜਾਂ ਕੋਈ ਸੰਦੇਸ਼ ਆ ਜਾਂਦਾ ਹੈ, ਜੋ ਕਿ ਜ਼ਰੂਰੀ ਲਗਦਾ ਹੈ, ਜਿਸਦਾ ਉੱਤਰ ਦੇਣ ਲਈ ਤੁਹਾਨੂੰ ਸਿਰਫ਼ ਇੱਕ-ਦੋ ਮਿੰਟ ਹੀ ਲੱਗਣਗੇ, ਕੀ ਤੁਹਾਨੂੰ ਉਸਦਾ ਉੱਤਰ ਦੇਣਾ ਚਾਹੀਦਾ ਹੈ? ਨਹੀਂ। ਕਿਉਂਕਿ ਤੁਸੀਂ ਉਸਦਾ ਜਵਾਬ ਬਾਅਦ ਵਿੱਚ ਦੇ ਸਕਦੇ ਹੋ। ਜ਼ਰੂਰੀ ਕੰਮਾਂ ਨੂੰ ਤਰਜੀਹ ਦੇਣ ਦੇ ਨਾਲ-ਨਾਲ ਗ਼ੈਰ-ਜ਼ਰੂਰੀ ਕੰਮਾਂ ਲਈ ਵੀ ਸਮਾਂ ਕੱਢਣਾ ਜ਼ਰੂਰੀ ਹੈ, ਕਿਉਂਕਿ ਉਹ ਵੀ ਜ਼ਰੂਰੀ ਹਨ! ਪਰ ਜ਼ਰੂਰੀ ਕੰਮ ਕਰਨ ਲਈ ਤੁਹਾਡਾ ਕੁਸ਼ਲ ਤੇ ਅਨੁਸ਼ਾਸਿਤ ਹੋਣਾ ਬਹੁਤ ਜ਼ਰੂਰੀ ਹੈ ਤੇ ਗ਼ੈਰ-ਜ਼ਰੂਰੀ ਕੰਮਾਂ ਨੂੰ ਉਸ ਉੱਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਗ਼ੈਰ-ਜ਼ਰੂਰੀ ਕੰਮਾਂ ਲਈ ਅਲੱਗ ਸਮਾਂ ਨਿਸ਼ਚਤ ਕਰਨਾ ਚਾਹੀਦਾ ਹੈ। ਪੇਸ਼ਕਸ਼ - ਅਮਨਦੀਪ ਸਿੰਘ

# ਬਿਜਲੀ

ਹਰੀ ਕ੍ਰਿਸ਼ਨ ਮਾਇਰ

ਨਾ ਮੈਂ ਦੀਂਹਦੀ
ਨਾ ਹੀ ਮੇਰਾ ਕੋਈ ਆਕਾਰ
ਭੱਜੀ ਜਾਵਾਂ ਤਾਰਾਂ ਵਿੱਚੋਂ
ਮੈਂ ਖੰਭਿਆਂ ਦੇ ਵਿਚਕਾਰ
ਲੰਘ ਜਾਂਦੀ ਮੈਂ ਤਾਰਾਂ
ਵਿੱਚੋਂ ਸੀਨਾ ਤਣ ਕੇ
ਨ੍ਹੇਰੇ ਦੇ ਵਿੱਚ ਆ ਜਾਂਦੀ
ਆਂ ਚਾਨਣ ਬਣਕੇ
ਇੰਗਲੈਂਡ ਦਾ ਵਾਸੀ ਸੀ ਇਕ
ਮਾਈਕਲ ਫੈਰਾਡੇ ਵਿਗਿਆਨੀ
ਹੈ ਬਿਜਲੀ ਲੱਭਤ ਉਸੇ ਦੀ
ਕਹਿੰਦੇ ਖੋਜ ਨਿਸ਼ਾਨੀ
ਪਾਣੀ ਜਦ ਵੀ ਟਰਬਾਈਨਾਂ ਦੇ
ਖੰਭਾਂ ਨੂੰ ਘੁੰਮਾਵੇ
ਧਰੁਵਾਂ ਵਿਚਾਲੇ ਚੁੰਬਕ ਦੇ
ਇਕ ਕੁੰਡਲੀ ਘੁੰਮੀ ਜਾਵੇ
ਤਾਂਬੇ ਦੀ ਕੁੰਡਲ਼ੀ ਨੂੰ
ਜਿਵੇਂ ਘੁੰਮਾਈ ਜਾਂਦੇ ਆ
ਪ੍ਰੇਰਤ ਬਿਜਲੀ ਵਾਹਕ ਬਲ
ਉਪਜਾਈ ਜਾਂਦੇ ਆ
ਬਿਜਲੀ ਉਦੋਂ ਹੀ ਬਣ ਕੇ
ਤਾਰਾਂ ਵਿੱਚ ਆਵੇ
ਟਰਾਂਸਫਾਰਮਰ ਵਰਤੇ ਜਾਂਦੇ ਤਾਂ
ਘਰ ਘਰ ਪੁੱਜ ਜਾਵੇ
ਹੁਣ ਬਿਜਲੀ ਨਾਲ ਲੋਕਾਂ ਦੀ
ਹਰ ਜੁੜੀ ਕਹਾਣੀ
ਪਾਣੀ ਚੋਂ ਜੰਮੀ ਬਣ ਗਈ
ਉਦਯੋਗਾਂ ਦੀ ਰਾਣੀ
ਟੈਲੀਵੀਜ਼ਨ ਉੱਤੇ ਮੈਂ ਹੀ
ਥੋਨੂੰ ਗੀਤ ਸੁਣਾਉਂਦੀ ਹਾਂ
ਘਰੇ ਬੈਠਿਆਂ ਨੂੰ ਦੁਨੀਆਂ ਦੀ
ਖ਼ਬਰ ਲਿਆਉਂਦੀ ਹਾਂ
ਮੇਰੇ ਕਰਕੇ ਕੂਲਰ ਏ.ਸੀ
ਪੱਖੇ ਚੱਲਦੇ ਨੇ
ਇੰਟਰਨੈੱਟ ਤੇ ਲੋਕੀ ਬਹਿ
ਈ ਮੇਲਾਂ ਘੱਲਦੇ ਨੇ
ਮੈਂ ਨਾਂ ਹੋਵਾਂ ਲੋਕ ਮਚਾ
ਦੇਂਦੇ ਨੇ ਹਾਹਾਕਾਰ
ਕਾਰਖ਼ਾਨਿਆਂ ਦੇ ਵਿੱਚ ਮਸ਼ੀਨਾਂ
ਹੋ ਜਾਵਣ ਬੇਕਾਰ
ਸੁਣੋਂ ਭੇਤ ਦੀ ਮੈਂ ਇਕ
ਗੱਲ ਸੁਣਾਉਂਦੀ ਹਾਂ
ਛੂਹ ਲੈਂਦਾ ਜੋ ਮੈਨੂੰ ਮੈਂ
ਉਸਨੂੰ ਮਾਰ ਮੁਕਾਉਂਦੀ ਹਾਂ!

# ਸੂਰਜ

ਡਾ. ਤੇਜਿੰਦਰ ਹਰਜੀਤ

ਸੂਰਜ ਹੈ ਇੱਕ ਅੱਗ ਦਾ ਗੋਲਾ
ਅਰਬਾਂ ਸਾਲ ਪੁਰਾਣਾ ।
ਸੌਰ-ਮੰਡਲ ਦੇ ਐਨ ਵਿਚਾਲੇ
ਇਸ ਦਾ ਹੈ ਟਿਕਾਣਾ ।
ਅੱਠ ਗ੍ਰਹਿ ਨੇ ਘੁੰਮਦੇ ਰਹਿੰਦੇ
ਹਰ ਪਲ ਏਸ ਦੁਆਲੇ ।
ਕੋਈ ਤੇਜ਼ ਤੇ ਕੋਈ ਹੌਲ਼ੀ
ਆਪੋ ਆਪਣੀ ਚਾਲੇ ।
ਕੁਦਰਤ ਦੀ ਹੀ ਖੇਡ 'ਚ ਹੈ ਸਭ
ਘੁੰਮਣਾ ਅਤੇ ਘੁੰਮਾਉਣਾ ।
ਅੱਠ ਮਿੰਟਾਂ ਵਿੱਚ ਸੂਰਜ ਕਿਰਨਾਂ
ਧਰਤੀ 'ਤੇ ਪਹੁੰਚਾਵੇ ।
ਨਿੱਘ, ਤਪਸ਼ ਅਤੇ ਚਾਨਣ ਸੰਗ
ਦਿਨ ਅਤੇ ਰਾਤ ਬਣਾਵੇ ।
ਸੂਰਜ ਕਾਰਨ ਹੁੰਦਾ ਏ
ਰੁੱਤਾਂ ਦਾ ਆਉਣਾ ਜਾਣਾ ।
ਸੂਰਜ ਤੋਂ ਵੀ ਸੌ ਗੁਣਾ ਵੱਡੇ
ਅਕਾਸ਼-ਗੰਗਾ ਵਿੱਚ ਤਾਰੇ ।
ਦੂਰੀ ਕਾਰਨ ਦਿਸਦੇ ਸਾਨੂੰ
ਟਿੰਮਟਿਮਾਉਂਦੇ ਸਾਰੇ ।
ਸਭ ਤੋਂ ਨੇੜੇ ਸੂਰਜ ਹੈ
ਨਹੀਂ ਆਉਂਦਾ ਟਿੰਮਟਿਮਾਉਣਾ ।
ਸੂਰਜ ਹੈ ਇੱਕ ਅੱਗ ਦਾ ਗੋਲ਼ਾ
ਅਰਬਾਂ ਸਾਲ ਪੁਰਾਣਾ ।
ਸੌਰ-ਮਡਲ ਦੇ ਐਨ ਵਿਚਾਲੇ
ਇਸ ਦਾ ਹੈ ਟਿਕਾਣਾ ।

# ਓਜ਼ੋਨ ਪਰਤ

ਵਿਕਾਸ ਵਰਮਾ

ਕੁਦਰਤ ਸਾਡੀ ਧਰਤ ਦੁਆਲੇ, ਓਜ਼ੋਨ ਦੀ ਪਰਤ ਬਣਾਈ।
ਹਾਨੀਕਾਰਕ ਕਿਰਨਾਂ ਤੋਂ ਸਾਡੀ ਸਭ ਦੀ ਜਾਨ ਬਚਾਈ।

ਓਜ਼ੋਨ ਜ਼ਹਿਰੀਲੀ ਗੈਸ, ਫਿਰ ਵੀ ਪਰਤ ਨਿਰਾਲੀ ਹੈ।
ਤਿੰਨ ਅਣੂ ਆਕਸੀਜਨ ਨਾਲ ਕਰਦੀ ਇਹ ਰਖਵਾਲੀ ਹੈ।


ਪਰਾਬੈਂਗਣੀ ਕਿਰਨਾਂ ਨੂੰ ਲੈਂਦੀ ਪਰਤ ਇਹ ਸੋਖ।
ਛੇਦ ਜੇ ਇਸ ਵਿਚ ਹੋ ਗਏ ਤਾਂ ਹੋ ਜਾਵੇਗੀ ਔਖ।

ਧਰਤੀ ਉੱਤੇ ਜੀਵਨ ਲਈ ਓਜ਼ੋਨ ਦੀ ਲੋੜ ਹੈ ਡਾਢੀ।
ਇਸ ਸੁਰੱਖਿਆ ਪਰਤ ਬਿਨਾ, ਮਾੜੀ ਹਾਲਤ ਹੋ ਜਾਊ ਸਾਡੀ।

ਸੀ.ਐੱਫ.ਸੀ. ਗੈਸ ਪਹੁੰਚਾ ਰਹੀ ਹੈ, ਓਜ਼ੋਨ ਨੂੰ ਹਾਨੀ।
ਛੇਦ ਇਸ ਵਿਚ ਕਰ ਰਹੀ ਮੁਕਾਉਣ ਲਈ ਕਹਾਣੀ।

ਗੱਲ ਮੰਨ ਲੋ ਹੁਣ 'ਵਰਮਾ' ਦੀ ਆਓ ਕਸਮਾਂ ਖਾਈਏ।
ਰੱਖਿਅਕ ਸਾਡੀ ਧਰਤ ਦੀ ਓਜ਼ੋਨ ਪਰਤ ਬਚਾਈਏ।


# ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ



## ਜੇਮਜ਼ ਵੈੱਬ ਟੈਲੀਸਕੋਪ ਨੇ ਪੁਲਾੜ ਵਿਚ ਐਥਾਨੌਲ, ਸਿਰਕਾ ਤੇ ਜੀਵਨ ਲਈ ਲੋੜੀਂਦੀ ਹੋਰ ਬਰਫ਼ੀਲੀ ਸਮਗਰੀ ਲੱਭੀ

ਸਿਰਕਾ ਤੇ ਕੀੜੀਆਂ ਦੇ ਡੰਗਾਂ ਵਿਚ ਸਾਂਝਾ ਕੀ ਹੁੰਦਾ ਹੈ? ਉਹ ਰਸਾਇਣ ਨਾਸਾ ਦੀ ਜੇਮਜ਼ ਵੈੱਬ ਟੈਲੀਸਕੋਪ ਨੇ ਪੁਲਾੜ ਵਿਚ ਦੋ ਨਵੇਂ ਜਨਮੇ ਸਿਤਾਰਿਆਂ IRAS 2A ਤੇ IRAS 23385 ਦੇ ਗਿਰਦ ਲੱਭਿਆ ਹੈ। ਹਾਲਾਂਕਿ ਉਹਨਾਂ ਸਿਤਾਰਿਆਂ ਦੇ ਅਜੇ ਕੋਈ ਵੀ ਗ੍ਰਹਿ ਨਹੀਂ ਉਪਜੇ ਹਨ, ਪਰ ਇਹ ਸਮਗਰੀ ਪ੍ਰਿਥਵੀ ਵਰਗੇ ਜੀਵਨ ਲਈ ਲੋੜੀਂਦੀ ਹੈ। ਉਹ ਸਿਤਾਰੇ ਅੱਗੇ ਜਾ ਕੇ ਸਾਡੇ ਸੌਰਮੰਡਲ ਵਰਗੇ ਬਣ ਸਕਦੇ ਹਨ ਤੇ ਉਹ ਸਾਰੀ ਸਮਗਰੀ ਧੁਮਕੇਤੂ, ਉਲਕਾ, ਅਕਾਸ਼ੀ ਪਿੰਡ ਤੇ ਅੰਤ ਨੂੰ ਨਵੇਂ ਗ੍ਰਹਿ ਬਣ ਸਕਦੇ ਹਨ, ਉਦੋਂ ਜਦੋਂ ਇਹ ਸਮਗਰੀ ਗ੍ਰਹਿ ਬਣਾਉਣ ਵਾਲੀ ਡਿਸਕ ਵੱਲ ਨੂੰ ਜਾਵੇਗੀ। ਨੀਦਰਲੈਂਡ ਦੀ ਲੇਡਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਇਵਾਈਨ ਵੈਨ ਡਿਸ਼ਕ ਨੇ ਦੱਸਿਆ ਕਿ ਭਵਿੱਖ ਵਿਚ ਵੀ ਉਹ ਜੇਮਜ਼ ਵੈੱਬ ਟੈਲੀਸਕੋਪ ਦੇ ਰਾਹੀਂ ਉਹਨਾਂ ਸਿਤਾਰਿਆਂ ਦਾ ਅਧਿਐਨ ਕਰਦੇ ਰਹਿਣਗੇ।

## ਬੇਨੂ ਅਕਾਸ਼ੀ ਪਿੰਡ ਇੱਕ ਪ੍ਰਾਚੀਨ ਸਮੁੰਦਰੀ ਦੁਨੀਆ ਦਾ ਹਿੱਸਾ ਸੀ




ਨਾਸਾ ਦੇ OSIRIS-REx ਸਪੇਸਕ੍ਰਾਫਟ ਦੀ ਸੱਤ ਸਾਲਾ ਲੰਮੀ ਉਡਾਣ ਵਲੋਂ ਲਿਆਂਦੇ ਗਏ ਬੇਨੂ ਅਕਾਸ਼ੀ ਪਿੰਡ ਦੇ ਨਮੂਨੇ ਇਹ ਦਰਸਾਉਂਦੇ ਹਨ ਕਿ ਉਹ ਇੱਕ ਪ੍ਰਾਚੀਨ ਸਮੁੰਦਰੀ ਦੁਨੀਆ ਦਾ ਹਿੱਸਾ ਸਨ। ਨਾਸਾ ਦੇ ਇਸ ਮਿਸ਼ਨ ਦਾ ਮੰਤਵ ਇਹ ਖੋਜਣਾ ਹੈ ਕਿ ਗ੍ਰਹਿ ਕਿਵੇਂ ਬਣਦੇ ਹਨ ਤੇ ਜੀਵਨ ਕਿਵੇਂ ਸ਼ੁਰੂ ਹੁੰਦਾ ਹੈ? ਉਸਦਾ ਦੂਜਾ ਮੁੱਖ ਮੰਤਵ ਅਕਾਸ਼ੀ ਪਿੰਡਾਂ ਦਾ ਅਧਿਐਨ ਕਰਨਾ ਵੀ ਹੈ ਤੇ ਇਹ ਸਮਝਣਾ ਹੈ ਕਿ ਜੇ ਕਦੇ ਕਿਸੇ ਅਕਾਸ਼ੀ ਪਿੰਡ ਦਾ ਪ੍ਰਿਥਵੀ ਨਾਲ ਟਕਰਾਉਣ ਦਾ ਖਤਰਾ ਹੋਵੇ ਤਾਂ ਉਸ ਤੋਂ ਕਿਵੇਂ ਬਚਾਅ ਕੀਤਾ ਜਾਏ? ਐਰੀਜ਼ੋਨਾ ਯੂਨੀਵਰਸਿਟੀ ਨੇ ਇਹ ਅੰਦਾਜ਼ਾ ਲਗਾਇਆ ਹੈ ਕਿ ਬੇਨੂ ਇੱਕ ਪਾਣੀ ਨਾਲ ਭਰਪੂਰ ਸੰਸਾਰ ਦਾ ਹਿੱਸਾ ਸੀ ਜੋ ਕਿ ਅੱਜ ਤੋਂ ਇੱਕ ਅਰਬ ਸਾਲ ਪਹਿਲਾਂ ਮੌਜੂਦ ਸੀ। ਇਸਦਾ ਸਬੂਤ ਬੇਨੂ ਦੀਆਂ ਸਿਆਹ ਚੱਟਾਨਾਂ ਤੋਂ ਮਿਲਦਾ ਹੈ ਜਿਨ੍ਹਾਂ 'ਤੇ ਇੱਕ ਪਤਲੀ ਚਮਕਦਾਰ ਪਰਤ ਦਾ ਮੁਲੰਮਾ ਚੜ੍ਹਿਆ ਹੋਇਆ ਹੈ।



## ਇੱਕ ਨਵੀਂ ਖੋਜ - ਕੀਟ-ਪਤੰਗੇ ਪ੍ਰਕਾਸ਼ ਵੱਲ ਕਿਓਂ ਖਿੱਚੇ ਜਾਂਦੇ ਹਨ?

ਸਦੀਆਂ ਤੋਂ ਲੋਕ ਕੀਟ-ਪਤੰਗਿਆਂ ਦੇ ਪ੍ਰਕਾਸ਼ ਵੱਲ ਖਿੱਚੇ ਜਾਣ ਤੋਂ ਹੈਰਾਨ ਹਨ। ਪਤੰਗਿਆਂ ਦਾ ਸ਼ਮਾ ਵਿਚ ਜਲਣਾ ਕਵੀਆਂ ਦੀ ਕਲਪਨਾ ਨੂੰ ਅਕਸਰ ਟੁੰਬਦਾ ਆਇਆ ਹੈ। ਇਹ ਸਵਾਲ ਕਿ ਕੀਟ-ਪਤੰਗੇ ਪ੍ਰਕਾਸ਼ ਵੱਲ ਕਿਓਂ ਅਕਰਸ਼ਿਤ ਹੁੰਦੇ ਹਨ, ਵਿਗਿਆਨਕਾਂ ਨੂੰ ਸੋਚਣ 'ਤੇ ਹਮੇਸ਼ਾਂ ਮਜ਼ਬੂਰ ਕਰਦਾ ਆਇਆ ਹੈ। ਹੁਣ ਇੰਪੀਰੀਅਲ ਕਾਲਿਜ ਲੰਡਨ ਦੇ ਖੋਜੀਆਂ ਸੈਮ ਫੇਬੀਅਨ, ਯਸ਼ ਸੌਂਧੀ ਤੇ ਹੋਰ ਜੀਵ-ਵਿਗਿਆਨੀਆਂ ਨੇ ਪ੍ਰਯੋਗਸ਼ਾਲਾ ਵਿਚ ਵੀਡੀਓ ਕੈਮਰੇ ਲਗਾ ਕੇ ਇਹ ਅਧਿਐਨ ਕੀਤਾ ਹੈ ਕਿ ਪ੍ਰਕਾਸ਼ ਰਾਤ ਨੂੰ ਕੀਟ-ਪਤੰਗਿਆਂ, ਤਿਤਲੀਆਂ ਆਦਿ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ? ਉਹਨਾਂ ਨੇ ਦੇਖਿਆ ਕਿ ਕਿਵੇਂ ਕੀਟ-ਪਤੰਗੇ ਪ੍ਰਕਾਸ਼ ਵੱਲ ਆਪਣੀ ਪਿੱਠ ਕਰ ਲੈਂਦੇ ਸਨ ਜਿਵੇਂ ਕਿ ਉਹ ਉਹਨਾਂ ਦੇ ਉਡਾਣ-ਪੱਥ ਦੇ ਹੇਠਾਂ ਹੋਵੇ ਤੇ ਜਿਸ ਕਰਕੇ ਉਹ ਚੱਕਰ ਖਾ ਕੇ ਡਿਗ ਪੈਂਦੇ ਸਨ। ਉਹਨਾਂ ਨੂੰ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਕਿ ਕੀਟ-ਪਤੰਗੇ ਪ੍ਰਕਾਸ਼ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਅਕਾਸ਼ ਵੱਲ ਮੋੜ ਕੇ ਉਡਦੇ ਹੋਣ।

## ਵਿਗਿਆਨੀਆਂ ਨੇ ਪੁਲਾੜ ਵਿਚ ਪਾਣੀ ਲੱਭਿਆ



CNN ਤੇ ਐਸਟਰੋਫਿਜ਼ੀਕਲ ਜਰਨਲ ਵਿਚ ਛਪੇ ਇੱਕ ਬੇਮਿਸਾਲ ਖੋਜ ਪੱਤਰ ਅਨੁਸਾਰ ਵਿਗਿਆਨੀਆਂ ਨੇ ਹੱਬਲ ਦੂਰਬੀਨ ਦੇ ਰਾਹੀਂ 97 ਪ੍ਰਕਾਸ਼ ਵਰ੍ਹੇ ਦੂਰ ਇੱਕ ਤਾਰੇ ਦੇ ਗਿਰਦ ਘੁੰਮਦੇ ਇੱਕ ਅਤਿ-ਗਰਮ ਗ੍ਰਹਿ (GJ 9827d) ਦੇ ਵਾਯੂਮੰਡਲ ਵਿਚ ਭਾਫ਼ ਲੱਭੀ ਹੈ। ਪਾਣੀ ਜੀਵਨ ਦੀ ਹੋਂਦ ਲਈ ਅਹਿਮ ਹੈ ਤੇ ਜਿੱਥੇ ਪਾਣੀ ਹੈ ਉੱਥੇ ਜੀਵਨ ਵੀ ਹੋ ਸਕਦਾ ਹੈ! ਪਰ ਗ੍ਰਹਿ GJ 9827d ਇੱਕ ਬਹੁਤ ਗਰਮ ਗ੍ਰਹਿ ਹੈ ਜਿਸਦਾ ਤਾਪਮਾਨ ਸ਼ੁੱਕਰ ਗ੍ਰਹਿ ਦੇ ਵਾਂਗ 487 ਡਿਗਰੀ ਸੈਲਸੀਅਸ ਹੈ ਜਿੱਥੇ ਪ੍ਰਿਥਵੀ ਵਰਗਾ ਜੀਵਨ ਹੋਣ ਦੀ ਸੰਭਾਵਨਾ ਨਾਮੁਮਕਿਨ ਹੈ। ਇੰਨਾ ਗਰਮ ਗ੍ਰਹਿ ਪਾਣੀ ਨੂੰ ਉਬਾਲ ਕੇ ਆਪਣੇ ਵਾਯੂਮੰਡਲ ਵਿਚ ਭਾਫ਼ ਛੱਡ ਰਿਹਾ ਹੈ। ਵਿਗਿਆਨੀਆਂ ਨੇ ਇਹ ਖੋਜ ਟਰਾਂਜ਼ਿਟ (Transit) ਵਿਧੀ ਦੇ ਨਾਲ ਕੀਤੀ ਹੈ ਜਿਸ ਵਿਚ ਉਹਨਾਂ ਨੇ ਗ੍ਰਹਿ GJ 9827d ਨੂੰ 11 ਵਾਰ ਆਪਣੇ ਤਾਰੇ ਦੇ ਦੁਆਲੇ ਚੱਕਰ ਲਗਾਉਂਦੇ ਹੋਏ ਤਿੰਨ ਸਾਲ ਲਗਾਤਾਰ ਵੇਖਿਆ। ਤਾਰੇ ਦੀ ਰੌਸ਼ਨੀ ਗ੍ਰਹਿ GJ 9827d ਦੇ ਵਾਯੂਮੰਡਲ ਵਿਚੋਂ ਦੀ ਫਿਲਟਰ ਹੁੰਦੀ ਹੋਈ ਤੇ ਉਸਦੇ ਸਪੈਕਟਰਮ ਵਿਚ ਉਹਨਾਂ ਨੂੰ ਪਾਣੀ ਦੇ ਹਸਤਾਖ਼ਰ ਨਜ਼ਰ ਆਏ।

punjabikids.org
ਪੰਜਾਬੀ ਬੱਚਿਆਂ ਨੂੰ ਸਮਰਪਿਤ ਵੈੱਬਸਾਈਟ

ਉਡਾਣ - ਵਿਗਿਆਨ ਗਲਪ ਮੈਗ਼ਜ਼ੀਨ ਈ-ਮੇਲ ਵਿੱਚ ਪ੍ਰਾਪਤ ਕਰਨ ਲਈ ਸੁਬਸਕ੍ਰਾਈਬ ਕਰੋ!
https://www.udaanpunjabi.com/

https://punjabilibrary.com
ਪੰਜਾਬੀ ਲਾਇਬ੍ਰੇਰੀ PUNJABI LIBRARY
Punjabi Digital Library - PDF Books & Audio